People's Herald

Rs- 100/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice" स्वतंत्रता, समानता, भाईचारा

PATIALA On line paper 08 ਮਈ 2025 ਵੀਰਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:




1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

## ਦੁਖਦਾਈ ਖਬਰ: ਭਿਆਨਕ ਹਾਦਸੇ 'ਚ 7 ਸਕੂਲੀ ਬੱਚਿਆਂ ਸਮੇਤ 8 ਦੀ ਮੌਤ, 8 ਜ਼ਖਮੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਪਟਿਆਲਾ -ਸਮਾਣਾ ਰੋਡ 'ਤੇ ਸਕੂਲੀ ਵਿਦਿਆਰਥੀਆਂ ਦੀ ਗੱਡੀ ਹਾਦਸੇ ਦਾ ਸ਼ਿਕਾਰ ਹੋ ਗਈ ਹੈ। ਇਸ ਹਾਦਸੇ 'ਚ ਡਰਾਈਵਰ ਸਮੇਤ 7 ਵਿਦਿਆਰਥੀਆਂ ਦੀ ਮੌਤ ਹੋ ਗਈ ਹੈ ਅਤੇ ਕਈ ਵਿਦਿਆਰਥੀ ਜ਼ਖਮੀ ਹੋ ਗਏ ਹਨ। ਇਹ ਹਾਦਸਾ ਸਮਾਣਾ ਰੋਡ 'ਤੇ ਨੱਸੂਪੁਰ ਪਿੰਡ ਨੇੜੇ ਉਸ ਸਮੇਂ ਵਾਪਰਿਆ ,ਜਦੋਂ ਰੇਤ ਨਾਲ ਭਰੇ ਇੱਕ ਟਿੱਪਰ ਨੇ ਸਕੂਲੀ ਵਿਦਿਆਰਥੀਆਂ ਨੂੰ ਲੈ ਜਾ ਰਹੇ ਇੱਕ ਨਿੱਜੀ ਵਾਹਨ ਨੂੰ ਟੱਕਰ ਮਾਰ ਦਿੱਤੀ।

ਜਾਣਕਾਰੀ ਅਨੁਸਾਰ ਸਾਰੇ ਵਿਦਿਆਰਥੀ ਪਟਿਆਲਾ ਸਕੂਲ ਤੋਂ ਸਮਾਣਾ ਸਥਿਤ ਆਪਣੇ ਘਰ ਵਾਪਸ ਆ ਰਹੇ ਸਨ। ਹਾਦਸੇ ਤੋਂ




ਬਾਅਦ ਮੌਕੇ 'ਤੇ ਚੀਕ-ਚਿਹਾੜਾ ਮਚ ਗਿਆ। ਇਸ ਹਾਦਸੇ ਕਾਰਨ ਗੱਡੀ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ, ਜਿਸ ਕਾਰਨ ਵਿਦਿਆਰਥੀਆਂ ਦੀਆਂ ਲਾਸ਼ਾਂ ਨੂੰ ਬਾਹਰ ਕੱਢਣ ਲਈ ਕਰੇਨ ਦੀ ਵਰਤੋਂ ਕਰਨੀ ਪਈ। ਵਿਦਿਆਰਥੀ ਭੁਪਿੰਦਰਾ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਦੱਸੇ ਜਾ ਰਹੇ ਹਨ।

ਟੱਕਰ ਇੰਨੀ ਜ਼ਬਰਦਸਤ ਸੀ ਕਿ ਨਿੱਜੀ ਕਾਰ ਇੱਕ ਦਰੱਖਤ ਨਾਲ ਟਕਰਾ ਗਈ ਅਤੇ ਪੂਰੀ ਤਰ੍ਹਾਂ ਨੁਕਸਾਨੀ ਗਈ। ਇਸ ਹਾਦਸੇ ਵਿੱਚ 6 ਵਿਦਿਆਰਥੀਆਂ ਅਤੇ ਇੱਕ ਡਰਾਈਵਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਕਈ ਵਿਦਿਆਰਥੀ ਨੂੰ ਗੰਭੀਰ ਹਾਲਤ ਵਿੱਚ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਜਿੱਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਟਿੱਪਰ ਨੂੰ ਕਬਜ਼ੇ ਵਿੱਚ ਲੈ ਲਿਆ ਅਤੇ ਘਟਨਾ ਤੋਂ ਬਾਅਦ ਫਰਾਰ ਹੋ ਗਏ ਡਰਾਈਵਰ ਦੀ ਭਾਲ ਸ਼ੁਰੂ ਕਰ ਦਿੱਤੀ। ਹਾਦਸੇ ਦੀ ਖ਼ਬਰ ਮਿਲਦੇ ਹੀ ਪੀੜਤ ਪਰਿਵਾਰਾਂ ਵਿੱਚ ਹਫੜਾ-ਦਫੜੀ ਮੱਚ ਗਈ ਅਤੇ ਸਮਾਣਾ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ।

ਪੰਜਾਬ ਦੇ ਸਿਹਤ ਮੰਤਰੀ ਰਜਿੰਦਰ ਹਸਪਤਾਲ ਪਹੁੰਚੇ ਹਨ , ਜਿੱਥੇ ਉਹਨਾਂ ਵੱਲੋਂ ਜ਼ਖਮੀ ਬੱਚਿਆਂ ਦੇ ਹਾਲਾਤਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਦੱਸਿਆ ਕਿ ਟਿੱਪਰ ਵਾਲੇ ਦੀ ਗਲਤੀ ਕਾਰਨ ਇਹ ਹਾਦਸਾ ਹੋਇਆ, ਜਿਸ ਵਿੱਚ 6 ਬੱਚਿਆਂ ਦੀ ਮੌਤ ਅਤੇ ਇੱਕ ਡਰਾਈਵਰ ਦੀ ਮੌਤ ਹੋਈ ਹੈ। ਇਸ ਘਟਨਾ ਦੇ ਉੱਪਰ ਉਹਨਾਂ ਨੇ ਮ੍ਰਿਤਕ ਬੱਚਿਆਂ ਦੇ ਪਰਿਵਾਰਾਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਜਿਹੜੇ ਆਰੋਪੀ ਹਨ , ਉਹਨਾਂ ਖਿਲਾਫ ਕਾਰਵਾਈ ਹੋਵੇਗੀ।

## ਪਾਕਿਸਤਾਨੀ ਫੌਜ ਵੱਲੋਂ ਬੁੱਧਵਾਰ ਨੂੰ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਦੇ ਨਾਲ ਲੱਗਦੇ ਪਿੰਡਾਂ 'ਤੇ ਤੋਪਾਂ ਦੇ ਭਾਰੀ ਗੋਲੇ ਅਤੇ ਮੋਰਟਾਰ ਦਾਗੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਪਾਕਿਸਤਾਨੀ ਫੌਜ ਵੱਲੋਂ ਬੁੱਧਵਾਰ ਨੂੰ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਦੇ ਨਾਲ ਲੱਗਦੇ ਪਿੰਡਾਂ 'ਤੇ ਤੋਪਾਂ ਦੇ ਭਾਰੀ ਗੋਲੇ ਅਤੇ ਮੋਰਟਾਰ ਦਾਗੇ ਜਾਣ ਕਾਰਨ ਚਾਰ ਬੱਚਿਆਂ ਸਮੇਤ ਘੱਟੋ-ਘੱਟ 12 ਲੋਕ ਮਾਰੇ ਗਏ ਅਤੇ 57 ਹੋਰ ਜ਼ਖਮੀ ਹੋ ਗਏ।

ਭਾਰਤ ਵਲੋਂ ਕੀਤੇ ਗਏ ਆਪ੍ਰੇਸ਼ਨ ਸਿੰਦੂਰ ਦੇ ਜਵਾਬੀ ਹਮਲੇ ਵਿਚ ਪਾਕਿਸਤਾਨ ਵਲੋਂ ਪੁਣਛ ਵਿਖੇ ਕੀਤੀ ਗਈ ਗੋਲਾਬਾਰੀ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਂਦਰੀ ਉੱਤੇ ਹਮਲਾ ਕੀਤਾ ਗਿਆ ਹੈ, ਇਸ ਦੌਰਾਨ ਤਿੰਨ ਗੁਰਸਿੱਖ ਭਾਈ ਅਮਰੀਕ ਸਿੰਘ ਰਾਗੀ, ਭਾਈ ਅਮਰਜੀਤ ਸਿੰਘ ਸਾਬਕਾ ਫੌਜੀ ਅਤੇ ਭਾਈ ਰਣਜੀਤ ਸਿੰਘ ਮਾਰੇ ਗਏ ਹਨ। ਭਾਰਤੀ ਹਥਿਆਰਬੰਦ ਬਲਾਂ ਵੱਲੋਂ 22 ਅਪਰੈਲ ਨੂੰ ਦੱਖਣੀ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਬਦਲਾ ਲੈਣ ਲਈ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਨੌਂ ਅੱਤਵਾਦੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ ਜਾਣ ਤੋਂ ਥੋੜ੍ਹੀ ਦੇਰ ਬਾਅਦ ਸਰਹੱਦ



ਪਾਰ ਤੋਂ ਭਾਰੀ ਗੋਲੀਬਾਰੀ ਸ਼ੁਰੂ ਹੋ ਗਈ। ਭਾਰਤ ਦੇ ਹਮਲਿਆਂ ਵਿਚ ਪਾਕਿਸਤਾਨ ਵਾਲੇ ਪਾਸੇ 26 ਲੋਕ ਮਾਰੇ ਗਏ ਹਨ।

ਅਧਿਕਾਰੀਆਂ ਨੇ ਕਿਹਾ ਕਿ ਪਾਕਿਸਤਾਨੀ ਗੋਲੀਬਾਰੀ ਵਿੱਚ ਸਭ ਤੋਂ ਵੱਧ ਨੁਕਸਾਨ ਪੁਣਛ ਜ਼ਿਲ੍ਹਾ ਹੋਇਆ, ਜਿੱਥੇ ਸਾਰੇ ਨਾਗਰਿਕ ਮਾਰੇ ਗਏ, ਉਨ੍ਹਾਂ ਕਿਹਾ ਕਿ 42 ਲੋਕ ਜ਼ਖਮੀ ਵੀ ਹੋਏ ਅਤੇ ਕੁਝ ਦੀ ਹਾਲਤ ਗੰਭੀਰ ਦੱਸੀ ਗਈ ਹੈ।

ਮ੍ਰਿਤਕਾਂ ਵਿੱਚ ਪੁਣਛ ਵਿੱਚ ਅਮਰਜੀਤ ਸਿੰਘ, ਅਮਰੀਕ ਸਿੰਘ ਅਤੇ ਰਣਜੀਤ ਸਿੰਘ ਸ਼ਾਮਲ ਹਨ।

ਪੁਣਛ ਵਿੱਚ ਪਵਿੱਤਰ ਕੇਂਦਰੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬ 'ਤੇ ਪਾਕਿਸਤਾਨੀ ਫੌਜਾਂ ਦੁਆਰਾ ਕੀਤੇ ਗਏ ਅਣਮਨੁੱਖੀ ਹਮਲੇ ਦੀ ਸਖ਼ਤ ਨਿੰਦਾ ਕਰਦਾ ਹਾਂ, ਜਿਸ ਵਿੱਚ ਤਿੰਨ ਨਿਰਦੋਸ਼ ਗੁਰਸਿੱਖ, ਜਿਨ੍ਹਾਂ ਵਿੱਚ ਭਾਈ ਅਮਰੀਕ ਸਿੰਘ ਜੀ (ਇੱਕ ਰਾਗੀ ਸਿੰਘ), ਭਾਈ ਅਮਰਜੀਤ ਸਿੰਘ ਅਤੇ ਭਾਈ ਰਣਜੀਤ ਸਿੰਘ ਸ਼ਾਮਲ ਹਨ, ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ।"

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਪੂਰੀ ਏਕਤਾ ਪ੍ਰਗਟ ਕਰਦੀ ਹੈ ਅਤੇ ਵਿਛੜੇ ਲੋਕਾਂ ਲਈ ਸ਼ਾਂਤੀ ਅਤੇ ਉਨ੍ਹਾਂ ਦੇ ਦੋਸਤਾਂ ਅਤੇ ਅਜ਼ੀਜ਼ਾਂ ਲਈ ਹਿੰਮਤ ਦੀ ਅਰਦਾਸ ਕਰਦੀ ਹੈ।

ਉਨ੍ਹਾਂ ਕਿਹਾ, "ਅਸੀਂ ਮੰਗ ਕਰਦੇ ਹਾਂ ਕਿ ਸ਼ਹੀਦਾਂ ਨੂੰ ਉਨ੍ਹਾਂ ਦੀ ਕੁਰਬਾਨੀ ਲਈ ਸਨਮਾਨਿਤ ਕੀਤਾ ਜਾਵੇ ਅਤੇ ਦੁਖੀ ਪਰਿਵਾਰਾਂ ਨੂੰ ਉਨ੍ਹਾਂ ਦੇ ਦੁੱਖ ਦੀ ਘੜੀ ਵਿੱਚ ਉਨ੍ਹਾਂ ਦਾ ਸਮਰਥਨ ਕਰਨ ਲਈ ਢੁਕਵਾਂ ਮੁਆਵਜ਼ਾ ਮਿਲੇ।''

ਬਠਿੰਡਾ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ। ਉਨ੍ਹਾਂ ਐਕਸ 'ਤੇ ਲਿਖਿਆ, "ਪੁਣਛ ਵਿੱਚ ਪਾਕਿਸਤਾਨ ਵੱਲੋਂ ਕੀਤੀ ਗਈ ਗੋਲੀਬਾਰੀ ਦੌਰਾਨ ਭਾਈ ਅਮਰੀਕ ਸਿੰਘ ਰਾਗੀ, ਸਾਬਕਾ ਸੈਨਿਕ ਅਮਰਜੀਤ ਸਿੰਘ ਅਤੇ ਦੁਕਾਨਦਾਰ ਰਣਜੀਤ ਸਿੰਘ ਦੀ ਦੁਖਦਾਈ ਮੌਤ ਬਾਰੇ ਜਾਣ ਕੇ ਦੁੱਖ ਹੋਇਆ।''

ਉਨ੍ਹਾਂ ਕਿਹਾ, "ਇਹ ਵੀ ਪਤਾ ਲੱਗਾ ਕਿ ਇੱਕ ਗੁਰਦੁਆਰੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਨੁਕਸਾਨ ਪਹੁੰਚਾਇਆ ਗਿਆ ਹੈ। ਮੈਂ ਇਸ ਕਾਇਰਤਾਪੂਰਨ ਕਾਰਵਾਈ ਦੀ ਨਿੰਦਾ ਕਰਦੀ ਹਾਂ। ਮੈਨੂੰ ਯਕੀਨ ਹੈ ਕਿ ਭਾਰਤ ਸਰਕਾਰ ਇਸ ਘਿਨਾਉਣੇ ਹਮਲੇ ਦਾ ਬਦਲਾ ਲਵੇਗੀ ਅਤੇ ਤਿੰਨ ਸ਼ਹਾਦਤਾਂ ਵਿਅਰਥ ਨਹੀਂ ਜਾਣਗੀਆਂ।"

ਭਾਈ ਅਮਰੀਕ ਸਿੰਘ ਜੀ, ਭਾਈ ਅਮਰਜੀਤ ਸਿੰਘ ਜੀ ਅਤੇ ਭਾਈ ਰਣਜੀਤ ਸਿੰਘ ਜੀ ਦੀ ਸ਼ਹਾਦਤ ਇੱਕ ਦੁਖਦਾਈ ਘਾਟਾ ਹੈ। ਭਾਰਤ ਅਜਿਹੀ ਬਰਬਰਤਾ ਨੂੰ ਬਰਦਾਸ਼ਤ ਨਹੀਂ ਕਰੇਗਾ।"

-ਪੀਟੀਆਈ

## ਸੁਪਰੀਮ ਕੋਰਟ ਦੇ ਜੱਜ ਜਸਟਿਸ ਸੁਰਿਆਕਾਂਤ ਨੇ ਆਪਰੇਸ਼ਨ ਸਿੰਧੂਰ ਦੀ ਫ਼ੌਜ ਦੀ ਕੀਤੀ ਪ੍ਰਸ਼ੰਸਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਸੁਪਰੀਮ ਕੋਰਟ ਦੇ ਜੱਜ ਜਸਟਿਸ ਸੂਰਿਆਕਾਂਤ ਨੇ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਨਾਗਰਿਕ ਹੋਣ ਦੇ ਨਾਤੇ, ਸਾਨੂੰ ਉਨ੍ਹਾਂ ਦੇ ਸਮਰਪਣ ਅਤੇ ਬਹਾਦਰੀ 'ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਭਾਰਤ ਵਿਰੁੱਧ ਗਤੀਵਿਧੀਆਂ ਵਿੱਚ ਸ਼ਾਮਲ ਇੱਕ ਅੱਡੇ ਨੂੰ ਬੰਦ ਕਰਨ ਵਿੱਚ ਉਨ੍ਹਾਂ ਦੀ ਹਿੰਮਤ ਦੀ ਸ਼ਲਾਘਾ ਕੀਤੀ, ਦੇਸ਼ ਨੂੰ ਸੁਰੱਖਿਅਤ ਰੱਖਣ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ।

## ਪਾਕਿਸਤਾਨ ਵਿਚ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਦੀ ਭਾਰਤੀ ਫੌਜ ਦੀ 'ਆਪ੍ਰੇਸ਼ਨ ਸਿੰਦੂਰ' ਕਾਰਵਾਈ ਸ਼ਾਨਦਾਰ ਅਤੇ ਸ਼ਲਾਘਾਯੋਗ- ਭੈਣ ਮਾਇਆਵਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਬਸਪਾ ਸੁਪਰੀਮੋ ਭੈਣ ਮਾਇਆਵਤੀ ਜੀ ਨੇ ਪਾਕਿਸਤਾਨ ਵਿਚ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਦੀ ਭਾਰਤੀ ਫੌਜ ਦੀ 'ਆਪ੍ਰੇਸ਼ਨ ਸਿੰਦੂਰ' ਕਾਰਵਾਈ ਸ਼ਾਨਦਾਰ ਅਤੇ ਸ਼ਲਾਘਾਯੋਗ ਹੈ। ਉਹਨਾ ਨੇ ਕਿਹਾ ਕਿ ਸਾਨੂੰ ਭਾਰਤੀ ਫੌਜ ਦੇ ਬਹਾਦਰ ਜਵਾਨਾ ਉੱਤੇ ਮਾਣ ਹੈ, ਉਹਨਾ ਨੇ ਹਮੇਸ਼ਾਂ ਜੰਗਾਂ ਜੱਤ ਕੇ ਭਾਰਤ ਦਾ ਵਿਸ਼ਵ ਸਤਰ ਤੇ ਮਾਣ ਵਧਾਇਆ ਹੈ।

ਉਹਨੇ ਨੇ ਕਿਹਾ ਬਹੁਤ ਸਮਾਜ ਪਾਰਟੀ ਰਾਸ਼ਟਰ ਹਿੱਤ ਲਈ ਹਰ ਤਰਾਂ ਦਾ ਸਹਿਯੋਗ ਕਰਦੀ ਰਹੀ ਹੈ ਅਤੇ ਕਰਦੀ ਰਹੇਗੀ।, ਨਾਂ ਕਦੇ ਪਿੱਛੇ ਹਟੀ ਹੈ ਨਾ ਹਟੇਗੀ



# ਸਰਹੱਦ ਨੇੜਲੇ ਪਿੰਡਾਂ ਦੇ ਲੋਕਾਂ ਪਿੰਡ ਖਾਲੀ ਕਰਨ ਲੱਗੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com



ਭਾਰਤ ਵੱਲੋਂ ਪਾਕਿਸਤਾਨ ਵਿੱਚ ਅੱਤਵਾਦੀ ਟਿਕਾਣਿਆਂ ਉਤੇ ਕੀਤੇ ਗਏ ਆਪਰੇਸ਼ਨ ਸਿੰਦੂਰ ਤੋਂ ਬਾਅਦ ਸਰਹੱਦ ਨਾਲ ਲੱਗਦੇ ਪਿੰਡਾ ਦੇ ਲੋਕਾਂ ਵਿੱਚ ਤਣਾਅ ਦਾ ਮਾਹੌਲ ਪੈਦਾ ਹੋ ਗਿਆ ਹੈ। ਇਸ ਆਪਰੇਸ਼ਨ ਤੋਂ ਬਾਅਦ ਲੋਕਾਂ ਵਿੱਚ ਲੜਾਈ ਦਾ ਡਰ ਪਾਇਆ ਜਾ ਰਿਹਾ ਹੈ। ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸਰਹੱਦ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਨੇ ਪਿੰਡ ਖਾਲੀ ਕਰਨੇ ਸ਼ੁਰੂ ਕਰ ਦਿੱਤੇ ਹਨ। ਪਿੰਡਾਂ ਨੂੰ ਖਾਲੀ ਕਰਨ ਸਬੰਧੀ ਪ੍ਰਸ਼ਾਸਨ ਵੱਲੋਂ ਅਜੇ ਤੱਕ ਕਿਸੇ ਵੀ ਤਰ੍ਹਾਂ ਦੀ ਕੋਈ ਹਦਾਇਤ ਜਾਰੀ ਨਹੀਂ ਕੀਤੀ ਗਈ, ਪਰ ਲੋਕ ਆਪਣੇ ਆਪ ਘਰਾਂ ਤੋਂ ਦੂਰ ਜਾ ਰਹੇ ਹਨ।

ਲੋਕਾਂ ਦਾ ਕਹਿਣਾ ਹੈ ਕਿ ਹੁਸੈਨੀਵਾਲਾ ਬਾਰਡਰ ਉਤੇ ਵਸੇ ਦਰਜਨ ਦੇ ਕਰੀਬ ਪਿੰਡਾਂ ਦੇ ਲੋਕ ਆਪਣਾ ਸਮਾਨ ਲੈ ਕੇ ਸੁਰੱਖਿਅਤ ਥਾਵਾਂ ਵੱਲ ਜਾ ਰਹੇ ਹਨ। ਪਿੰਡ ਟੇਂਡੀਵਾਲਾ ਦੇ ਲੋਕ ਟਰੈਕਟਰ ਉਤੇ ਸਮਾਨ ਲੱਦ ਕੇ ਆਪਣੇ ਰਿਸ਼ਤੇਦਾਰਾਂ ਕੋਲ ਦੂਰ ਦੁਰਾਡੇ ਜਾ ਰਹੇ ਸਨ। ਪਿੰਡ ਝੁੱਗਾ ਯਾਰਾ ਸਿੰਘ ਵਾਲਾ ਦੇ ਰਹਿਣ ਵਾਲੇ ਜੱਜ ਸਿੰਘ ਨੇ ਕਿਹਾ ਕਿ ਸਾਨੂੰ ਘਰ ਛੱਡਣ ਲਈ ਪ੍ਰਸ਼ਾਸਨ ਵੱਲੋਂ ਨਹੀਂ ਕਿਹਾ ਗਿਆ, ਪਰ ਅਸੀਂ ਆਪਣੇ ਆਪ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ 1971 ਦੀ ਲੜਾਈ ਸਮੇਂ ਸਤਲੁਜ ਦਰਿਆ ਉਤੇ ਬਣੇ ਪੁੱਲ ਨੂੰ ਉਡਾ ਦਿੱਤਾ ਗਿਆ ਸੀ। ਲੋਕਾਂ ਵਿਚ ਹੁਣ ਵੀ ਡਰ ਪਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸਤਲੁਜ ਦਰਿਆ ਉਤੇ ਬਣਿਆ ਪੁਲ ਹੀ ਲੋਕਾਂ ਨੂੰ ਪੰਜਾਬ ਨਾਲ ਜੋੜਦਾ ਹੈ।

# ਪੰਜਾਬ ਵਿੱਚ 33 ਫੀਸਦੀ ਸਰਕਾਰੀ ਨੌਕਰੀਆਂ ਔਰਤਾਂ ਲਈ ਹੋਣਗੀਆਂ ਰਾਖਵੀਆਂ, ਨਿਯਮ ਲਾਗੂ : ਡਾ. ਬਲਜੀਤ ਕੌਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਪੰਜਾਬ ਸਰਕਾਰ ਵੱਲੋਂ ਔਰਤਾਂ ਨੂੰ ਸਰਕਾਰੀ ਨੌਕਰੀਆਂ 'ਚ ਹੋਰ ਵਧੇਰੇ ਮੌਕੇ ਦੇਣ ਅਤੇ ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਵੱਲ ਇਕ ਵੱਡਾ ਕਦਮ ਚੁੱਕਦਿਆਂ ਪੰਜਾਬ ਸਿਵਲ ਸੇਵਾਵਾਂ (ਔਰਤਾਂ ਲਈ ਅਸਾਮੀਆਂ 'ਚ ਰਿਜ਼ਰਵੇਸ਼ਨ) ਨਿਯਮ ਤਿਆਰ ਕਰਕੇ ਲਾਗੂ ਕਰ ਦਿੱਤੇ ਗਏ ਹਨ। ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਨੇ ਕਿਹਾ ਕਿ ਇਹ ਨਿਯਮ ਲਾਗੂ ਹੋਣ ਨਾਲ ਸੂਬੇ ਦੇ ਸਰਕਾਰੀ ਵਿਭਾਗਾਂ, ਬੋਰਡਾਂ ਅਤੇ ਨਿਗਮਾਂ ਵਿੱਚ ਗਰੁੱਪ-ਏ, ਬੀ, ਸੀ ਅਤੇ ਡੀ ਦੀਆਂ ਨੌਕਰੀਆਂ 'ਚ ਹਰ ਵਰਗ ਦੀਆਂ ਔਰਤਾਂ ਲਈ 33% ਰਿਜ਼ਰਵੇਸ਼ਨ ਹੋਵੇਗੀ।

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਇਸ ਫੈਸਲੇ 'ਤੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਦਮ ਪੰਜਾਬ ਸਰਕਾਰ ਦੀ ਲਿੰਗ-ਨਿਰਪੱਖ, ਸਮਾਨ ਸਮਾਜ ਬਣਾਉਣ ਵੱਲ ਵਚਨਬੱਧਤਾ ਦਾ ਪ੍ਰਮਾਣ ਹੈ। ਇਹ ਨੀਤੀ ਔਰਤਾਂ ਦੀ ਸਰਕਾਰੀ ਪ੍ਰਸ਼ਾਸਨ ਅਤੇ ਨੀਤੀ-ਨਿਰਧਾਰਨ ਵਿੱਚ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਹੈ, ਜਿਸ ਨਾਲ ਰਾਜ ਦੀ ਪ੍ਰਸ਼ਾਸਨਿਕ ਅਤੇ ਸਮਾਜਿਕ ਸੰਰਚਨਾ ਹੋਰ ਮਜ਼ਬੂਤ ਹੋਵੇਗੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਔਰਤਾਂ ਨੂੰ ਸਰਕਾਰੀ ਸੇਵਾਵਾਂ ਵਿੱਚ ਹੋਰ ਵਧੇਰੇ ਮੌਕੇ ਮੁਹੱਈਆ ਕਰਵਾਉਣ ਨੂੰ ਆਪਣੀ ਪ੍ਰਾਥਮਿਕਤਾ ਬਣਾਇਆ ਹੈ। ਇਹ ਵੱਡਾ ਫੈਸਲਾ ਨਾ ਸਿਰਫ ਔਰਤਾਂ ਲਈ ਨਿਆਂਯੁਕਤ ਨੁਮਾਇੰਦਗੀ ਨੂੰ ਯਕੀਨੀ ਬਣਾਏਗਾ, ਸਗੋਂ ਸਰਕਾਰ ਦੇ ਤਰੱਕੀਸ਼ੀਲ ਅਤੇ ਰੰਗਲਾ ਪੰਜਾਬ ਦੇ ਸੁਪਨੇ ਨੂੰ ਹਕੀਕਤ ਬਣਾਉਣ ਵੱਲ ਵੀ ਇਕ ਅਹਿਮ ਕਦਮ ਸਾਬਤ ਹੋਵੇਗਾ।

ਡਾ. ਬਲਜੀਤ ਕੌਰ ਨੇ ਕਿਹਾ ਕਿ ਸਰਕਾਰੀ ਪ੍ਰਸ਼ਾਸਨ 'ਚ ਔਰਤਾਂ ਨੂੰ ਸਮਰੱਥ ਬਣਾਉਣਾ,



ਰਾਜ ਦੇ ਸਮੁੱਚੇ ਵਿਕਾਸ ਅਤੇ ਚਮਕਦੇ ਭਵਿੱਖ ਵੱਲ ਇੱਕ ਮਹੱਤਵਪੂਰਣ ਫੈਸਲਾ ਹੈ।

ਉਨ੍ਹਾਂ ਆਖ਼ਰ 'ਚ ਕਿਹਾ ਕਿ ਇਹ ਉੱਦਮ ਲਾਗੂ ਕਰਕੇ ਪੰਜਾਬ ਸਰਕਾਰ ਨੇ ਫਿਰ ਸਾਬਤ ਕੀਤਾ ਹੈ ਕਿ ਉਹ ਸਰਕਾਰੀ ਅਤੇ ਜਨਤਕ ਖੇਤਰ 'ਚ ਔਰਤਾਂ ਨੂੰ ਬਰਾਬਰੀ ਦੇ ਮੌਕੇ ਅਤੇ ਨਿਆਂਯੁਕਤ ਨੁਮਾਇੰਦਗੀ ਦੇਣ ਲਈ ਵਚਨਬੱਧ ਹੈ, ਤਾਂ ਜੋ ਰਾਜ ਦੀ ਪ੍ਰਸ਼ਾਸਨਿਕ ਢਾਂਚਾ ਹੋਰ ਸੰਤੁਲਿਤ ਅਤੇ ਵਿਕਸਿਤ ਬਣ ਸਕੇ।

# ਪਹਿਲਗਾਮ ਹਮਲੇ 'ਚ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੇ 'ਆਪਰੇਸ਼ਨ ਸਿੰਦੂਰ' ਦਾ ਕੀਤਾ ਸਵਾਗਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ : ਪਹਿਲਗਾਮ ਅਤਿਵਾਦੀ ਹਮਲੇ ਦੇ ਪੀੜਤਾਂ ਦੇ ਰਿਸ਼ਤੇਦਾਰਾਂ ਨੇ ਬੁਧਵਾਰ ਨੂੰ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ 'ਚ ਅਤਿਵਾਦੀ ਕੈਂਪਾਂ ਵਿਰੁਧ ਭਾਰਤ ਦੇ 'ਆਪਰੇਸ਼ਨ ਸਿੰਦੂਰ' ਦਾ ਸਵਾਗਤ ਕੀਤਾ ਹੈ। ਕਈਆਂ ਨੇ ਉਮੀਦ ਪ੍ਰਗਟਾਈ ਕਿ ਪਾਕਿਸਤਾਨ 'ਚ ਅਤਿਵਾਦੀ ਟਿਕਾਣਿਆਂ ਵਿਰੁਧ ਭਾਰਤ ਦੀ ਇਹ ਕਾਰਵਾਈ ਅੱਗੇ ਵੀ ਜਾਰੀ ਰਹੇਗੀ। ਪਹਿਲਗਾਮ ਅਤਿਵਾਦੀ ਹਮਲੇ 'ਚ 26 ਸੈਲਾਨੀਆਂ ਦੀ ਮੌਤ ਹੋ ਗਈ ਸੀ।

ਅਮਰਾਵਤੀ 'ਚ ਆਂਧਰਾ ਪ੍ਰਦੇਸ਼ ਦੇ ਦੋ ਸੈਲਾਨੀਆਂ ਜੇ.ਸੀ. ਚੰਦਰ ਮੌਲੀ (68) ਅਤੇ ਐਸ. ਮਧੂਸੂਦਨ (45) ਦੀ 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਅਤਿਵਾਦੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿਤੀ ਸੀ। ਮੌਲੀ ਦੇ ਭਰਾ ਕੁਮਾਰ ਰਾਜਾ ਨੇ ਕਿਹਾ, ''ਸਰਕਾਰ ਨੇ ਜੋ ਵੀ ਕੀਤਾ ਹੈ, ਉਹ ਚੰਗਾ ਕਦਮ ਹੈ। ਸਰਕਾਰ ਨੇ ਉਨ੍ਹਾਂ (ਪਾਕਿਸਤਾਨ) ਦੇ ਕਿਸੇ ਵੀ ਨਾਗਰਿਕ ਨੂੰ ਹੱਥ ਨਹੀਂ ਲਾਇਆ, ਸਿਰਫ ਅਤਿਵਾਦੀ ਮਾਰੇ ਗਏ ਹਨ। ਇਸ ਲਈ ਇਹ ਚੰਗਾ ਸੰਕੇਤ ਹੈ, ਚੰਗੀ ਕੋਸ਼ਿਸ਼ ਹੈ। ਅਸੀਂ ਇਸ ਦਾ ਸਵਾਗਤ ਕਰਦੇ ਹਾਂ।'' ਹਾਲਾਂਕਿ, ਉਨ੍ਹਾਂ ਨੇ ਕਿਹਾ ਕਿ ਮੌਲੀ ਦਾ ਪਰਵਾਰ ਅਜੇ ਵੀ ਸਦਮੇ ਦੀ ਸਥਿਤੀ 'ਚ ਹੈ, ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਉਸ ਨੇ ਕਿਹਾ ਕਿ ਮੌਲੀ ਦੀ ਪਤਨੀ ਮੰਗਲਵਾਰ ਨੂੰ ਮੁੜ ਤਣਾਅ 'ਚ ਚਲੀ ਗਈ ਜਦੋਂ ਉਸ ਨੂੰ ਅਪਣੇ ਮਾਰੇ ਗਏ ਪਤੀ ਦੀ ਅੰਗੂਠੀ ਅਤੇ ਘੜੀ ਇਕ ਕਰੀਅਰ 'ਚ ਮਿਲੀ।

ਪਹਿਲਗਾਮ ਅਤਿਵਾਦੀ ਹਮਲੇ 'ਚ ਅਪਣੇ ਪਿਤਾ ਅਤੇ ਦੋ ਚਾਚਿਆਂ ਨੂੰ ਗੁਆਉਣ ਵਾਲੇ ਹਰਸ਼ਲ ਲੇਲੇ ਨੇ 'ਆਪਰੇਸ਼ਨ ਸਿੰਦੂਰ' ਚਲਾਉਣ 'ਤੇ ਤਸੱਲੀ ਪ੍ਰਗਟਾਈ। ਲੇਲੇ ਨੇ ਕਿਹਾ, ''ਮੈਂ ਸੰਤੁਸ਼ਟ ਹਾਂ, ਮੇਰੇ ਮਰਹੂਮ ਪਿਤਾ ਹੁਣ ਸ਼ਾਂਤੀ ਨਾਲ ਹੋਣਗੇ।'' ਲੇਲੇ ਨੇ 22 ਅਪ੍ਰੈਲ ਨੂੰ ਅਪਣੀਆਂ ਅੱਖਾਂ ਸਾਹਮਣੇ ਅਤਿਵਾਦੀਆਂ ਨੂੰ ਅਪਣੇ ਪਿਤਾ ਅਤੇ ਚਾਚਿਆਂ ਨੂੰ ਗੋਲੀ ਮਾਰਦੇ ਹੋਏ ਵੇਖਿਆ ਸੀ। ਠਾਣੇ ਜ਼ਿਲ੍ਹੇ ਦੇ ਡੋਂਬੀਵਲੀ 'ਚ ਉਸ ਨੇ ਪੱਤਰਕਾਰਾਂ ਨੂੰ ਕਿਹਾ, ''ਸਾਡੀ ਉਮੀਦ ਹੈ ਕਿ ਅਜਿਹੀਆਂ ਹੋਰ ਕਾਰਵਾਈਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।''

ਹਰਸ਼ਲ ਦੇ ਪਿਤਾ ਸੰਜੇ ਲੇਲੇ ਅਤੇ ਉਸ ਦੇ ਰਿਸ਼ਤੇਦਾਰ ਅਤੁਲ ਮੋਨੇ ਅਤੇ ਹੇਮੰਤ ਜੋਸ਼ੀ ਉਨ੍ਹਾਂ 26 ਲੋਕਾਂ ਵਿਚ ਸ਼ਾਮਲ ਸਨ, ਜਿਨ੍ਹਾਂ ਨੇ 22 ਅਪ੍ਰੈਲ ਨੂੰ ਅਤਿਵਾਦੀ ਹਮਲੇ ਵਿਚ ਅਪਣੀ ਜਾਨ ਗੁਆ ਦਿਤੀ ਸੀ। ਅਤੁਲ ਮੋਨੇ ਦੀ ਪਤਨੀ ਅਨੁਸ਼ਕਾ ਮੋਨੇ ਨੇ ਕਿਹਾ ਕਿ ਉਹ ਜਾਣਦੀ ਸੀ ਕਿ ਉਸ ਦਾ ਘਾਟਾ ਨਾ ਪੂਰਾ ਹੋਣ ਵਾਲਾ ਹੈ, ਫਿਰ ਵੀ ਬੁਧਵਾਰ ਦਾ ਜਵਾਬ ਮਹੱਤਵਪੂਰਨ ਸੀ। ਉਨ੍ਹਾਂ ਕਿਹਾ, ''ਜਿਨ੍ਹਾਂ ਨੂੰ ਅਸੀਂ ਗੁਆ ਦਿਤਾ ਉਹ ਕਦੇ ਵਾਪਸ ਨਹੀਂ ਆਉਣਗੇ। ਪਰ ਫੌਜ ਦੀ ਇਹ ਕਾਰਵਾਈ, ਇਹ ਸ਼ਕਤੀਸ਼ਾਲੀ ਜਵਾਬ, ਉਨ੍ਹਾਂ ਦੀ ਕੁਰਬਾਨੀ ਨੂੰ ਸੱਚੀ ਸ਼ਰਧਾਂਜਲੀ ਹੈ।'' ਇਕ ਰਿਸ਼ਤੇਦਾਰ ਜਯੰਤ ਭਾਵੇ ਨੇ ਕਿਹਾ, ''ਇਹ ਉਹ ਨਿਆਂ ਸੀ ਜਿਸ ਦੀ ਅਸੀਂ ਉਮੀਦ ਕਰ ਰਹੇ ਸੀ।''

# ਸਾਵਧਾਨ : ਜਮ੍ਹਾਂਖੋਰਾਂ ਅਤੇ ਅਫਵਾਹਾਂ ਫੈਲਾਉਣ ਵਾਲਿਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ

## ਮੋਹਾਲੀ ਦਾ ਏਅਰ ਸਪੇਸ ਅਗਲੇ ਹੁਕਮਾਂ ਤੱਕ ਬੰਦ ਰਹੇਗਾ, ਡੀ ਸੀ ਅਤੇ ਐਸ ਐਸ ਪੀ ਦੀ ਨਿਗਰਾਨੀ ਵਿੱਚ ਬੈਂਸਟੈਕ ਮਾਲ ਮੋਹਾਲੀ ਵਿਖੇ ਕਰਵਾਈ ਗਈ ਮੌਕ ਡ੍ਰਿਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com



ਮੋਹਾਲੀ ਵਿਖੇ ਹੰਗਾਮੀ ਹਾਲਤ ਵਿੱਚ ਨਾਗਰਿਕਾਂ ਦੇ ਬਚਾਅ ਦੀਆਂ ਤਿਆਰੀਆਂ ਦੀ ਜਾਂਚ ਕਰਨ ਲਈ, ਸੰਭਾਵੀ ਐਮਰਜੈਂਸੀ ਰਿਸਪੌਂਸ ਸਿਸਟਮ ਨੂੰ ਮਜ਼ਬੂਤ ਕਰਨ ਲਈ ਅੱਜ ਇੱਥੇ ਬੈਂਸਟੈਕ ਮਾਲ ਵਿਖੇ ਅੱਗ ਸੁਰੱਖਿਆ ਅਤੇ ਬਚਾਅ ਕਾਰਜਾਂ 'ਤੇ ਕੇਂਦ੍ਰਿਤ ਇੱਕ ਵਿਆਪਕ ਮੌਕ ਡ੍ਰਿਲ ਆਯੋਜਿਤ ਕੀਤੀ ਗਈ। ਇਸ ਅਭਿਆਸ ਦਾ ਉਦੇਸ਼ ਜਨਤਾ ਅਤੇ ਅਧਿਕਾਰੀਆਂ ਨੂੰ ਸੰਕਟਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਣ ਦੇ ਹੁਨਰਾਂ ਨਾਲ ਲੈਸ ਕਰਨਾ ਸੀ।

ਇਹ ਅਭਿਆਸ ਸ਼ਾਮ 4 ਵਜੇ ਸੰਭਾਵੀ ਹਵਾਈ ਹਮਲੇ ਦੀ ਜਾਣਕਾਰੀ ਪ੍ਰਾਪਤ ਕਰਨ ਦੇ ਨਾਲ ਸ਼ੁਰੂ ਹੋਇਆ, ਜਿਸ ਨਾਲ ਸਥਾਨਕ ਪੁਲਿਸ, ਕੇਂਦਰੀ ਉਦਯੋਗਿਕ ਸੁਰੱਖਿਆ ਬਲ, ਫਾਇਰ ਬ੍ਰਿਗੇਡ, ਜ਼ਿਲ੍ਹਾ ਪ੍ਰਸ਼ਾਸਨ, ਸਿਹਤ ਵਿਭਾਗ, ਪੰਜਾਬ ਹੋਮ ਗਾਰਡ, ਸਥਾਨਕ ਵਿਦਿਅਕ ਸੰਸਥਾਵਾਂ ਦੇ ਐਨ ਐਸ ਐਸ ਵਲੰਟੀਅਰਜ਼ ਸਮੇਤ ਕਈ ਏਜੰਸੀਆਂ ਵਿੱਚ ਤੁਰੰਤ ਤਾਲਮੇਲ ਨੂੰ ਉਤਸ਼ਾਹਿਤ ਕਰਦੇ ਹੋਏ ਬਚਾਅ ਉਪਰੇਸ਼ਨ ਚਲਾਇਆ ਗਿਆ। ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਸਿਵਲ ਡਿਫੈਂਸ ਅਧਿਕਾਰੀਆਂ ਦੇ ਸਹਿਯੋਗ ਨਾਲ ਆਯੋਜਿਤ, ਅਭਿਆਸ ਨੇ ਅਸਲ-ਸਮੇਂ ਦੀ ਹੰਗਾਮੀ ਪ੍ਰਤੀਕਿਰਿਆ ਦੀ ਨਕਲ ਪੇਸ਼ ਕੀਤੀ।

ਮਾਲ ਦੇ ਅੰਦਰ ਤੁਰੰਤ ਇੱਕ ਘਟਨਾ ਕਮਾਂਡ ਪੋਸਟ ਸਥਾਪਤ ਕੀਤੀ ਗਈ, ਜਿੱਥੇ ਭਾਗੀਦਾਰ ਵਿਭਾਗਾਂ ਦੇ ਨੋਡਲ ਅਫਸਰ ਇਕੱਠੇ ਹੋਏ। ਮਾਲ ਵਿੱਚ ਫਸੇ ਸਾਰੇ ਲੋਕਾਂ ਨੂੰ ਸੁਰੱਖਿਅਤ ਢੰਗ ਨਾਲ ਦੂਜੀ ਬੇਸਮੈਂਟ ਵਿੱਚ ਪੌੜੀਆਂ ਦੀ ਵਰਤੋਂ ਕਰਕੇ ਲਿਜਾਇਆ ਗਿਆ ਕਿਉਂਕਿ ਸੰਭਾਵੀ ਹਵਾਈ ਹਮਲੇ ਦੀ ਸੂਰਤ ਵਿੱਚ ਉਨ੍ਹਾਂ ਦੀ ਰੱਖਿਆ ਲਈ ਇਹ ਸਭ ਤੋਂ ਸੁਰੱਖਿਅਤ ਜਗ੍ਹਾ ਸੀ। ਸਿਵਲ ਡਿਫੈਂਸ ਅਧਿਕਾਰੀਆਂ ਅਤੇ ਸੀ ਆਈ ਐਸ ਐਫ ਨੇ ਆਫ਼ਤ ਪ੍ਰਬੰਧਨ ਤਕਨੀਕਾਂ ਦੇ ਪ੍ਰਦਰਸ਼ਨ ਕੀਤੇ, ਜਦੋਂ ਕਿ ਹੋਰ ਟੀਮਾਂ ਨੇ ਐਮਰਜੈਂਸੀ ਦੌਰਾਨ ਵਿਅਕਤੀਆਂ ਨੂੰ ਬਚਾਉਣ ਅਤੇ ਇਲਾਜ ਕਰਨ ਦੇ ਤਰੀਕਿਆਂ ਦਾ ਪ੍ਰਦਰਸ਼ਨ ਕੀਤਾ ਤੇ ਜੀਵਨ ਬਚਾਉਣ ਵਾਲੇ ਪ੍ਰੋਟੋਕੋਲ ਅਪਣਾਉਣ 'ਤੇ ਜ਼ੋਰ ਦਿੱਤਾ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਅੱਜ ਦਾ ਅਭਿਆਸ ਜਨਤਕ ਜਾਗਰੂਕਤਾ ਵਧਾਉਣ ਅਤੇ ਕਿਸੇ ਵੀ ਜ਼ਿਲ੍ਹਾ-ਵਿਆਪੀ ਐਮਰਜੈਂਸੀ ਲਈ ਤਿਆਰੀ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤਾ ਗਿਆ ਸੀ। ਉਨ੍ਹਾਂ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਤੇ ਭਰੋਸਾ ਦਿਵਾਇਆ ਕਿ ਅਜਿਹੇ ਅਭਿਆਸ ਸੁਰੱਖਿਆ ਅਤੇ ਤਿਆਰੀ ਨੂੰ ਵਧਾਉਣ ਲਈ ਕਾਰਗਰ ਉਪਾਅ ਹਨ।

ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਅਭਿਆਸ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਦੀ ਸਾਡੀ ਤਿਆਰੀ ਨੂੰ ਵਧਾਉਂਦੇ ਹਨ। ਉਸਨੇ ਕਿਹਾ ਕਿ ਸਾਰੇ ਹਿੱਸੇਦਾਰਾਂ ਨੇ ਆਪਣੇ ਫਰਜ਼ਾਂ ਨੂੰ ਚੰਗੀ ਤਰ੍ਹਾਂ ਯੋਜਨਾਬੱਧ ਢੰਗ ਨਾਲ ਨਿਭਾਇਆ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਜ਼ਿਲ੍ਹੇ ਵਿੱਚ ਕਿਸੇ ਵੀ ਅਣਸੁਖਾਵੀਂ ਸਥਿਤੀ ਦਾ ਕੋਈ ਖਦਸ਼ਾ ਨਹੀਂ ਹੈ ਪਰ ਅਸੀਂ ਜਮ੍ਹਾਂਖੋਰਾਂ ਅਤੇ ਸ਼ਰਾਰਤੀ ਤੱਤਾਂ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ। *ਉਨ੍ਹਾਂ ਨੇ ਕਿਹਾ ਕਿ ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਹਵਾਈ ਖੇਤਰ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤਾ ਗਿਆ ਹੈ।*

ਸੀਨੀਅਰ ਪੁਲਿਸ ਸੁਪਰਡੈਂਟ, ਦੀਪਕ ਪਾਰੀਕ ਨੇ ਇਸ ਅਭਿਆਸ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜ਼ਿਲ੍ਹਾ ਪੁਲਿਸ ਹੋਰ ਵਿਭਾਗਾਂ ਦੀ ਮਦਦ ਨਾਲ ਅਜਿਹੀਆਂ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਨੇ ਅਫਵਾਹਾਂ ਫੈਲਾਉਣ ਵਾਲਿਆਂ ਨੂੰ ਜ਼ਿਲ੍ਹੇ ਵਿੱਚ ਕਿਸੇ ਵੀ ਤਰ੍ਹਾਂ ਦਾ ਦਹਿਸ਼ਤ ਵਾਲਾ ਮਾਹੌਲ ਪੈਦਾ ਕਰਨ ਦੀ ਚਿਤਾਵਨੀ ਦਿੱਤੀ ਅਤੇ ਕਿਹਾ ਕਿ ਲੋਕਾਂ ਨੂੰ ਸਿਰਫ਼ ਅਧਿਕਾਰਤ ਸਰੋਤਾਂ ਤੋਂ ਪ੍ਰਾਪਤ ਜਾਣਕਾਰੀ 'ਤੇ ਹੀ ਭਰੋਸਾ ਕਰਨਾ ਚਾਹੀਦਾ ਹੈ।

ਇਸ ਮੌਕੇ ਏ ਡੀ ਸੀ ਸੋਨਮ ਚੌਧਰੀ, ਐਸ ਡੀ ਐਮ ਦਮਨਦੀਪ ਕੌਰ, ਐਸ ਪੀ ਰਮਨਦੀਪ ਸਿੰਘ, ਡੀਐਸਪੀ ਹਰਸਿਮਰਨ ਸਿੰਘ ਬੱਲ ਅਤੇ ਨਵੀਨ ਪਾਲ ਲਹਿਲ, ਜ਼ਿਲ੍ਹਾ ਮਾਲ ਅਧਿਕਾਰੀ ਅਮਨਦੀਪ ਚਾਵਲਾ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਸੁਰੱਖਿਆ ਬਲਾਂ ਨੇ 22 ਤੋਂ ਵੱਧ ਨਕਸਲੀ ਮਾਰ ਮੁਕਾਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com



ਛੱਤੀਸਗੜ੍ਹ ਅਤੇ ਤੇਲੰਗਾਨਾ ਦੀ ਸਰਹੱਦ 'ਤੇ ਸਥਿਤ ਕਰੇਗੁੱਟਾ ਪਹਾੜੀਆਂ ਵਿੱਚ ਸੁਰੱਖਿਆ ਬਲਾਂ ਨੇ 22 ਤੋਂ ਵੱਧ ਨਕਸਲੀਆਂ ਨੂੰ ਮਾਰ ਦਿੱਤਾ ਹੈ। ਗੋਲੀਬਾਰੀ ਅਜੇ ਵੀ ਜਾਰੀ ਹੈ। ਸੀਐਮ ਸਾਈ ਨੇ ਕਿਹਾ ਕਿ ਮਾਰੇ ਗਏ ਸਾਰੇ ਨਕਸਲੀਆਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਆਪਰੇਸ਼ਨ ਜਾਰੀ ਹੈ।

ਦੋ ਦਿਨ ਪਹਿਲਾਂ ਹੀ, ਸੈਨਿਕਾਂ ਨੇ ਕਰੇਗੁੱਟਾ ਪਹਾੜੀ 'ਤੇ ਇੱਕ ਮੁਕਾਬਲੇ ਵਿੱਚ ਇੱਕ ਮਹਿਲਾ ਨਕਸਲੀ ਨੂੰ ਮਾਰ ਦਿੱਤਾ ਸੀ। ਮੌਕੇ ਤੋਂ ਲਾਸ਼ ਅਤੇ ਹਥਿਆਰ ਬਰਾਮਦ ਕੀਤੇ ਗਏ ਹਨ। ਪਿਛਲੇ 14 ਦਿਨਾਂ ਤੋਂ ਚੱਲ ਰਹੇ ਨਕਸਲੀ ਆਪ੍ਰੇਸ਼ਨ ਵਿੱਚ, ਫੋਰਸ ਨੇ ਹੁਣ ਤੱਕ ਕੁੱਲ 4 ਮਹਿਲਾ ਨਕਸਲੀਆਂ ਨੂੰ ਮਾਰ ਦਿੱਤਾ ਹੈ। ਚਾਰਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ।

# ਭਾਰਤੀ ਹਮਲੇ 'ਚ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਦੇ 10 ਪਰਿਵਾਰਕ ਮੈਂਬਰਾਂ ਤੇ 4 ਸਾਥੀਆਂ ਦੀ ਮੌਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਕੰਧਾਰ ਜਹਾਜ਼ ਅਗਵਾ ਦੇ ਮਾਸਟਰਮਾਈਂਡ ਅਤੇ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਨੇ ਕਿਹਾ ਹੈ ਕਿ ਬਹਾਵਲਪੁਰ ਵਿੱਚ ਭਾਰਤੀ ਹਮਲੇ ਵਿੱਚ ਉਸਦੇ ਪਰਿਵਾਰ ਦੇ 10 ਮੈਂਬਰ ਅਤੇ 4 ਸਾਥੀ ਮਾਰੇ ਗਏ ਹਨ।

ਬੀਬੀਸੀ ਉਰਦੂ ਦੀ ਰਿਪੋਰਟ ਦੇ ਅਨੁਸਾਰ, ਮਸੂਦ ਅਜ਼ਹਰ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਮਾਰੇ ਗਏ ਲੋਕਾਂ ਵਿੱਚ ਉਸਦੀ ਵੱਡੀ ਭੈਣ ਅਤੇ ਉਸਦਾ ਪਤੀ, ਮਸੂਦ ਅਜ਼ਹਰ ਦਾ ਭਤੀਜਾ ਅਤੇ ਉਸਦੀ ਪਤਨੀ, ਮਸੂਦ ਦੀ ਭਤੀਜੀ ਅਤੇ ਉਸਦੇ ਪੰਜ ਬੱਚੇ ਸ਼ਾਮਲ ਹਨ।

ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅੱਤਵਾਦੀ ਮਸੂਦ ਦੇ ਤਿੰਨ ਕਰੀਬੀ ਸਾਥੀ ਵੀ ਮਾਰੇ ਗਏ ਹਨ। ਇਨ੍ਹਾਂ ਤੋਂ ਇਲਾਵਾ, ਇੱਕ ਸਾਥੀ ਦੀ ਮਾਂ



ਦੀ ਵੀ ਮੌਤ ਹੋ ਗਈ ਹੈ।

# ਭਾਕਿਯੂ ਉਗਰਾਹਾਂ ਦਾ ਲੋਕਾਂ ਨੂੰ ਸੱਦਾ "ਜੰਗ ਨਹੀਂ, ਅਮਨ" ਦੇ ਨਾਅਰੇ ਲਈ ਅੱਗੇ ਆਓ

## ਅੰਨ੍ਹੇ ਤੇ ਫਿਰਕੂ ਕੌਮਵਾਦ ਨੂੰ ਰੱਦ ਕਰੋ: ਬੀਕੇਯੂ ਉਗਰਾਹਾਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਚੰਡੀਗੜ੍ਹ, 7 ਮਈ, 2025: ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਭਾਰਤੀ ਹਾਕਮਾਂ ਵੱਲੋਂ ਜੰਗੀ ਜਨੂੰਨ ਭੜਕਾਉਣ ਦੀਆਂ ਕਾਰਵਾਈਆਂ ਦਾ ਸਖ਼ਤ ਵਿਰੋਧ ਕੀਤਾ ਹੈ ਤੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਇਸ ਨਿਹੱਕੀ ਤੇ ਭਰਾ-ਮਾਰੂ ਜੰਗ ਦੇ ਵਿਰੋਧ ਵਿੱਚ ਅੱਗੇ ਆਉਣ।



ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਕਿਹਾ ਕਿ ਬਿਨਾਂ ਸ਼ੱਕ ਪਹਿਲਗਾਮ ਦੀ ਘਟਨਾ ਬਹੁਤ ਅਫਸੋਸਨਾਕ ਤੇ ਨਿਖੇਧੀਜਨਕ ਘਟਨਾ ਸੀ। ਪਰ ਇਸ ਘਟਨਾ ਨੂੰ ਬਹਾਨਾ ਬਣਾ ਕੇ ਗੁਆਂਢੀ ਮੁਲਕ ਖ਼ਿਲਾਫ਼ ਜੰਗ ਛੇੜਨ ਦੇ ਮੋਦੀ ਸਰਕਾਰ ਦੇ ਮਨਸੂਬੇ ਉਸਦੀ ਆਪਣੀ ਸੌੜੀ ਫਿਰਕੂ ਰਾਜਨੀਤੀ ਤੋਂ ਪ੍ਰੇਰਿਤ ਹਨ। ਅਤਿ ਵਿਕਸਿਤ ਹਥਿਆਰਾਂ ਨਾਲ ਲੈਸ ਦੋਹਾਂ ਪਾਸਿਆਂ ਦੀਆਂ ਫੌਜਾਂ ਦੀ ਇਹ ਜੰਗ ਦੋਹਾਂ ਦੇਸ਼ਾਂ ਦੀ ਜਵਾਨੀ ਦਾ ਖਾਜਾ ਬਣੇਗੀ। ਦੋਹਾਂ ਪਾਸਿਆਂ ਦੇ ਪੰਜਾਬੀ ਤੇ ਕਸ਼ਮੀਰੀ ਲੋਕ ਇਸ ਜੰਗੀ ਕਹਿਰ ਦੀ ਮਾਰ ਝੱਲਣਗੇ ਤੇ ਦੋਹੀਂ ਪਾਸੀਂ ਤਬਾਹੀ ਹੋਵੇਗੀ।

ਦੋਹਾਂ ਆਗੂਆਂ ਨੇ ਕਿਹਾ ਕਿ ਪਾਕਿਸਤਾਨ ਅੰਦਰ ਹਮਲਿਆਂ ਦੀ ਭਾਰਤੀ ਹਾਕਮਾਂ ਦੀ ਇਹ ਕਾਰਵਾਈ ਵੱਡੀ ਜੰਗੀ ਭੜਕਾਹਟ ਨੂੰ ਜਨਮ ਦੇ ਸਕਦੀ ਹੈ ਜਿਸਦੀ ਲੋਕਾਂ ਨੂੰ ਭਾਰੀ ਕੀਮਤ 'ਤਾਰਨੀ ਪੈਣੀ ਹੈ। ਇਸ ਲਈ ਸਭਨਾਂ ਇਨਸਾਫ਼-ਪਸੰਦ ਤੇ ਅਮਨ-ਪਸੰਦ ਲੋਕਾਂ ਨੂੰ ਜੰਗ ਰੋਕਣ ਲਈ ਫੌਰੀ ਲਾਮਬੰਦ ਹੋਣਾ ਚਾਹੀਦਾ ਤੇ ਆਵਾਜ਼ ਉਠਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਮੋਦੀ ਸਰਕਾਰ ਇਸ ਫਿਰਕੂ ਤੇ ਅੰਨ੍ਹੇ ਰਾਸ਼ਟਰਵਾਦ ਦੀ ਆੜ ਵਿੱਚ ਸਾਮਰਾਜੀ ਹਾਕਮਾਂ ਨਾਲ ਦੇਸ਼ ਧਰੋਹੀ ਸੰਧੀਆਂ ਕਰਨ 'ਚ ਰੁੱਝੀ ਹੋਈ ਹੈ। ਰਾਸ਼ਟਰੀ ਸੁਰੱਖਿਆ ਦੇ ਨਾਂ 'ਤੇ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਕੁਚਲਣ ਦਾ ਪੈੜਾ ਬੰਨ੍ਹ ਰਹੀ ਹੈ। ਜੰਗੀ ਗੁਬਾਰ ਖੜ੍ਹਾ ਕਰਨ ਪਿਛਲੇ ਇਹਨਾਂ ਮਨਸੂਬਿਆਂ ਨੂੰ ਲੋਕਾਂ ਵੱਲੋਂ ਸਮਝੇ ਜਾਣ ਦੀ ਲੋੜ ਹੈ।

ਜਥੇਬੰਦੀ ਨੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਮੋਦੀ ਸਰਕਾਰ ਵੱਲੋਂ ਫਿਰਕੂ ਤੇ ਅੰਨ੍ਹੇ ਕੌਮੀ ਜਜ਼ਬਾਤ ਭੜਕਾਉਣ ਦੀਆਂ ਕੋਸ਼ਿਸ਼ਾਂ ਖ਼ਿਲਾਫ਼ ਡਟਣ, ਗੁਆਂਢੀ ਮੁਲਕ ਖ਼ਿਲਾਫ਼ ਜੰਗ ਛੇੜਨ ਦੇ ਕਦਮਾਂ ਦਾ ਵਿਰੋਧ ਕਰਨ, ਹਰ ਤਰ੍ਹਾਂ ਦੇ ਫਿਰਕੂ ਫਾਟਕਾਂ ਨੂੰ ਰੱਦ ਕਰਨ, ਆਪਸੀ ਏਕਾ ਕਾਇਮ ਰੱਖਣ ਤੇ ਹੱਕੀ ਸੰਘਰਸ਼ਾਂ ਨੂੰ ਤੇਜ਼ ਕਰਨ।

# ਅਪ੍ਰੇਸ਼ਨ ਸੰਕਲਪ: ਛੱਤੀਸਗੜ੍ਹ 'ਚ ਮੁਕਾਬਲੇ ਵਿੱਚ 22 ਨਕਸਲੀ ਹਲਾਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com



ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਤਿਲੰਗਾਨਾ ਦੀ ਸਰਹੱਦ ਨਾਲ ਲੱਗਦੇ ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਦੇ ਜੰਗਲਾਂ ਵਿੱਚ ਬੁੱਧਵਾਰ ਨੂੰ 'ਅਪਰੇਸ਼ਨ ਸੰਕਲਪ' ਦੌਰਾਨ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿੱਚ 22 ਨਕਸਲੀ ਮਾਰੇ ਗਏ। 'ਅਪਰੇਸ਼ਨ ਸੰਕਲਪ' ਇੱਕ ਵਿਸ਼ਾਲ ਅੱਤਵਾਦ ਵਿਰੋਧੀ ਪਹਿਲਕਦਮੀ ਹੈ, ਜਿਸ ਤਹਿਤ ਮਾਓਵਾਦੀਆਂ ਖ਼ਿਲਾਫ਼ ਜ਼ੋਰਦਾਰ ਕਾਰਵਾਈ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਇਹ ਮੁਕਾਬਲਾ ਸਵੇਰੇ ਅੰਤਰਰਾਜੀ ਸਰਹੱਦ ਦੇ ਨਾਲ ਲੱਗਦੀਆਂ ਕਰੇਗੁਟਾ ਪਹਾੜੀਆਂ ਦੇ ਜੰਗਲ ਵਿੱਚ ਹੋਇਆ।

ਉਨ੍ਹਾਂ ਕਿਹਾ, "ਹੁਣ ਤੱਕ 22 ਨਕਸਲੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਅਤੇ ਖੇਤਰ ਵਿੱਚ ਤਲਾਸ਼ੀ ਮੁਹਿੰਮ ਜਾਰੀ ਹੈ।" ਉਨ੍ਹਾਂ ਕਿਹਾ ਕਿ ਮਾਰੇ ਗਏ ਨਕਸਲੀਆਂ ਦੀ ਪਛਾਣ ਅਜੇ ਸਥਾਪਤ ਨਹੀਂ ਹੋ ਸਕੀ ਹੈ।

ਤਾਜ਼ਾ ਮੁਕਾਬਲੇ ਦੇ ਨਾਲ 21 ਅਪਰੈਲ ਤੋਂ ਜਾਰੀ ਅਪ੍ਰੇਸ਼ਨ ਸੰਕਲਪ ਦੌਰਾਨ ਮਾਰੇ ਗਏ ਨਕਸਲੀਆਂ ਦੀ ਗਿਣਤੀ ਵਧ ਕੇ 26 ਹੋ ਗਈ ਹੈ। -ਪੀਟੀਆਈ

# ਬੀਐਸਐਫ ਅਤੇ ਪੰਜਾਬ ਪੁਲੀਸ ਵੱਲੋਂ ਤਸਕਰੀ ਦੇ ਦੋਸ਼ ਹੇਠ ਅਸਲੇ ਤੇ ਹੈਰੋਇਨ ਸਣੇ ਤਿੰਨ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com



ਬੀਐਸਐਫ ਅਤੇ ਪੰਜਾਬ ਪੁਲੀਸ ਨੇ ਇੱਕ ਸਾਂਝੇ ਅਪਰੇਸ਼ਨ ਦੌਰਾਨ ਸਰਹੱਦੀ ਇਲਾਕੇ ਵਿੱਚੋਂ ਤਿੰਨ ਵਿਅਕਤੀਆਂ ਨੂੰ ਤਸਕਰੀ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਕੋਲੋਂ ਇੱਕ ਪਿਸਤੌਲ, ਇੱਕ ਮੈਗਜ਼ੀਨ, ਚਾਰ ਕਾਰਤੂਸ, ਡਰੱਗ ਮਨੀ, ਸਮਾਰਟ ਫੋਨ, ਮੋਟਰਸਾਈਕਲ, ਟਰੈਕਟਰ ਅਤੇ 25 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ।

ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਬੀਐਸਐਫ ਦੇ ਅਧਿਕਾਰੀਆਂ ਨੇ ਦੱਸਿਆ ਕਿ ਬੀਐਸਐਫ ਦੇ ਇੰਟੈਲੀਜੈਂਸ ਵਿੰਗ ਨੂੰ ਇੱਕ ਖੁਫੀਆ ਸੂਚਨਾ ਮਿਲੀ ਸੀ, ਜਿਸ ਦੇ ਆਧਾਰ 'ਤੇ ਬੀਐਸਐਫ ਨੇ ਪੰਜਾਬ ਪੁਲੀਸ ਦੇ ਨਾਲ ਮਿਲ ਕੇ ਸਰਹੱਦੀ ਪਿੰਡ ਅਵਾਨ ਬਾਸੂ ਦੇ ਖੇਤਰ ਵਿੱਚ ਅਪਰੇਸ਼ਨ ਕੀਤਾ ਹੈ। ਉਥੇ ਤਿੰਨ ਤਸਕਰਾਂ ਨੂੰ ਕਾਬੂ ਕੀਤਾ ਗਿਆ ਹੈ।

ਉਨ੍ਹਾਂ ਕੋਲੋਂ ਇੱਕ ਪਿਸਤੌਲ, ਇੱਕ ਮੈਗਜ਼ੀਨ, ਚਾਰ ਜ਼ਿੰਦਾ ਕਾਰਤੂਸ, 2000 ਰੁਪਏ ਡਰੱਗ ਮਨੀ, ਚਾਰ ਸਮਾਰਟ ਫੋਨ, ਇੱਕ ਮੋਟਰਸਾਈਕਲ, ਇਕ ਟਰੈਕਟਰ ਅਤੇ 25 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਉਹਨਾਂ ਦੱਸਿਆ ਕਿ ਫੜੇ ਗਏ ਤਸਕਰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਕੋਟਲਾ ਅਤੇ ਚੱਕ ਡੋਗਰ ਦੇ ਵਸਨੀਕ ਹਨ।

# ਸਰਹੱਦੀ ਪਿੰਡਾਂ ਦੇ ਵਸਨੀਕਾਂ ਵਿੱਚ ਡਰ ਅਤੇ ਸਹਿਮ ਦਾ ਮਾਹੌਲ

## ਹੋਰ ਜੰਗ ਨਹੀਂ ਚਾਹੁੰਦੇ ਸਰਹੱਦੀ ਪਿੰਡਾਂ ਦੇ ਲੋਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਕੌਮਾਂਤਰੀ ਸਰਹੱਦ (IB) ਦੇ ਨੇੜੇ ਰਹਿਣ ਵਾਲੇ ਸੈਂਕੜੇ ਵਸਨੀਕਾਂ ਨੂੰ ਡਰ ਅਤੇ ਸਹਿਮ ਨੇ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ ਹੈ, ਜਦੋਂ ਕਿ ਅਧਿਕਾਰੀਆਂ ਨੂੰ ਪੇਂਡੂਆਂ ਦੀ ਸ਼ਹਿਰੀ ਖੇਤਰਾਂ ਵਿੱਚ ਸੰਭਾਵਿਤ ਹਿਜਰਤ ਦਾ ਡਰ ਹੈ, ਕਿਉਂਕਿ ਇਸ ਨਾਲ ਹਾਲਾਤ ਹੋਰ ਵੀ ਵਿਗੜ ਸਕਦੇ ਹਨ।



ਪੁਰਾਣੇ ਸਮੇਂ ਦੇ ਲੋਕਾਂ ਦਾ ਕਹਿਣਾ ਹੈ ਕਿ ਸਿਆਸੀ ਅਤੇ ਫੌਜੀ ਦਬਾਅ ਕਾਰਨ ਚੱਲ ਰਿਹਾ ਟਕਰਾਅ, ਜ਼ਿਆਦਾਤਰ ਲੋਕਾਂ 'ਤੇ ਮਨੋਵਿਗਿਆਨਕ ਜ਼ਖ਼ਮ ਛੱਡ ਦੇਵੇਗਾ। ਤਾਰ-ਵਾੜ ਦੇ ਨੇੜੇ ਸਥਿਤ ਕੁਝ ਪਿੰਡਾਂ ਦੇ ਵਸਨੀਕਾਂ ਦਾ ਕਹਿਣਾ ਹੈ ਜੰਗ ਦੇ ਬਹੁਤ ਸਾਰੇ ਮਾੜੇ ਪ੍ਰਭਾਵ ਪੈ ਸਕਦੇ ਹਨ। ਉਨ੍ਹਾਂ ਮੁਤਾਬਕ ਮਿਜ਼ਾਈਲਾਂ, ਬੰਬਾਂ ਅਤੇ ਗੋਲੀਆਂ ਨੇ ਪਹਿਲਾਂ ਹੀ ਭਾਰੀ ਡਰ, ਬੇਚੈਨੀ ਅਤੇ ਦਹਿਸ਼ਤ ਪੈਦਾ ਕਰ ਦਿੱਤੀ ਹੈ।

ਬੀਤੀ ਅੱਧੀ ਰਾਤ ਨੂੰ ਲੋਕਾਂ ਨੂੰ ਅਚਾਨਕ ਮਿਜ਼ਾਈਲਾਂ ਦੀਆਂ ਘਾਤਕ ਆਵਾਜ਼ਾਂ ਅਤੇ ਬੰਬਾਂ ਦੇ ਜ਼ੋਰਦਾਰ ਧਮਾਕੇ ਸੁਣਾਈ ਦਿੱਤੇ ਅਤੇ ਉਹ ਉੱਭੜਵਾਹੇ ਡਰ ਕੇ ਨੀਂਦ ਵਿਚੋਂ ਜਾਗ ਪਏ। ਕੌਮਾਂਤਰੀ ਸਰਹੱਦ 'ਤੇ ਸਥਿਤ ਪਿੰਡ ਨੜਾਲਾ ਦੇ ਵਸਨੀਕ ਰਣਜੀਤ ਸਿੰਘ ਧਾਲੀਵਾਲ ਨੇ ਕਿਹਾ, "ਰਾਤ ਦਾ ਅਸਮਾਨ ਲਾਲ ਹੋ ਗਿਆ। ਮੇਰੇ ਪਿਤਾ ਜੀ, ਜਿਨ੍ਹਾਂ ਨੇ 1971 ਦੀ ਜੰਗ ਨੂੰ ਨੇੜਿਓਂ ਦੇਖਿਆ ਸੀ, ਕਹਿੰਦੇ ਸਨ ਕਿ ਅਜਿਹਾ ਉਦੋਂ ਹੁੰਦਾ ਹੈ ਜਦੋਂ ਧਮਾਕਿਆਂ ਦਾ ਧੂੰਆਂ ਅਤੇ ਅੱਗ ਅਸਮਾਨ ਨੂੰ ਰੌਸ਼ਨ ਕਰ ਦਿੰਦਾ ਹੈ। ਇਹ ਸਾਡੇ ਲਈ ਜੰਗ ਸਮੇਂ ਦੀਆਂ ਘਟਨਾਵਾਂ ਦੀ ਤਬਾਹੀ ਅਤੇ ਭਿਆਨਕਤਾ ਦੀ ਕਲਪਨਾ ਕਰਨ ਲਈ ਕਾਫ਼ੀ ਸੀ।"

ਕੱਲ੍ਹ ਰਾਤ ਦੀ ਘਟਨਾ ਇੱਕ ਵੱਡੀ ਜੰਗ ਵਿੱਚ ਬਦਲ ਸਕਦੀ ਹੈ ਜਾਂ ਨਹੀਂ, ਇਹ ਹਾਲੇ ਆਖਿਆ ਨਹੀਂ ਜਾ ਸਕਦਾ, ਪਰ ਇਹ ਸਰਹੱਦੀ ਲੋਕਾਂ ਲਈ ਉਨੀਂਦਰੇ ਅਤੇ ਸਰੀਰ ਵਿੱਚ ਦਰਦ ਵਰਗੀਆਂ ਮਨੋਵਿਗਿਆਨਕ ਸਮੱਸਿਆਵਾਂ ਦਾ ਅਨੁਭਵ ਕਰਨ ਲਈ ਕਾਫ਼ੀ ਹਨ।

ਉਨ੍ਹਾਂ ਕਿਹਾ, "ਇਸਦਾ ਪ੍ਰਭਾਵ, ਜਿਵੇਂ ਕਿ 1971 ਅਤੇ 1965 ਦੀਆਂ ਜੰਗਾਂ ਵਿੱਚ ਪਿਆ ਸੀ, ਮੰਦਵਾੜੇ ਵੱਲ ਲੈ ਜਾਵੇਗਾ ਅਤੇ ਇਸ ਦੇ ਨਾਲ ਹੀ ਵਿਆਪਕ ਹਥਿਆਰਬੰਦ ਟਕਰਾਅ ਦਾ ਖ਼ਦਸ਼ਾ ਵੀ ਬਣਿਆ ਰਹੇਗਾ।"

**ਬੱਸ ਬਹੁਤ ਹੋ ਗਿਆ, ਹੋਰ ਜੰਗ ਨਹੀਂ ਚਾਹੀਦੀ: ਸਾਬਕਾ ਫ਼ੌਜੀ ਕੈਪਟਨ ਦਿਆਲ ਸਿੰਘ**

ਉਸੇ ਪਿੰਡ ਦੇ ਇੱਕ ਸਾਬਕਾ ਫੌਜੀ ਕੈਪਟਨ ਦਿਆਲ ਸਿੰਘ ਨੇ ਕਿਹਾ, "ਜਦੋਂ ਜੰਗ ਸ਼ੁਰੂ ਹੁੰਦੀ ਹੈ, ਤਾਂ ਸਾਨੂੰ ਬਹੁਤ ਨੁਕਸਾਨ ਹੁੰਦਾ ਹੈ। ਹੁਣ ਬੱਸ ਹੋਣੀ ਚਾਹੀਦੀ ਹੈ, ਪਹਿਲਾਂ ਹੀ ਬਹੁਤ ਹੋ ਗਿਆ ਹੈ। ਅਸੀਂ ਇੰਨਾ ਖੂਨ-ਖਰਾਬਾ ਦੇਖਿਆ ਹੈ ਕਿ ਅਸੀਂ ਅਜਿਹਾ ਹੋਰ ਨਹੀਂ ਚਾਹੁੰਦੇ। ਸਰਕਾਰ ਹਮੇਸ਼ਾ ਕਹਿੰਦੀ ਹੈ ਕਿ ਉਹ ਸਰਹੱਦੀ ਪਿੰਡਾਂ ਨੂੰ ਹਰ ਤਰ੍ਹਾਂ ਦੀ ਮਦਦ ਦਿੰਦੀ ਹੈ, ਪਰ ਇਹ ਸਭ ਮਹਿਜ਼ ਇੱਕ ਮਜ਼ਾਕ ਹੈ।"

**ਤਿੱਬੜੀ ਛਾਉਣੀ ਦੇ ਨੇੜੇ ਪਿੰਡ ਪੰਧੇਰ ਦੇ ਖੇਤਾਂ 'ਚੋਂ ਮਿਲੇ ਬੰਬ ਬਾਰੇ ਭੇਤ ਬਰਕਰਾਰ**

ਇਸ ਦੌਰਾਨ, ਤਿੱਬੜੀ ਛਾਉਣੀ ਦੇ ਨੇੜੇ ਸਥਿਤ ਪੰਧੇਰ ਪਿੰਡ ਦੇ ਖੇਤਾਂ ਵਿੱਚ ਮਿਲੇ ਬੰਬ ਬਾਰੇ ਭੇਤ ਅਜੇ ਵੀ ਬਣਿਆ ਹੋਇਆ ਹੈ। ਘਟਨਾ ਨੂੰ 18 ਘੰਟੇ ਬੀਤ ਜਾਣ ਦੇ ਬਾਵਜੂਦ, ਅਧਿਕਾਰੀਆਂ ਵੱਲੋਂ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ।

ਗੁਰਦਾਸਪੁਰ ਦੇ ਐਸਐਸਪੀ ਅਦਿੱਤਿਆ ਅਤੇ ਸੀਨੀਅਰ ਅਧਿਕਾਰੀਆਂ ਦੀ ਇੱਕ ਟੀਮ ਨੇ ਸਵੇਰੇ ਘਟਨਾ ਸਥਾਨ ਦਾ ਦੌਰਾ ਕੀਤਾ। ਖੋਜੀ ਕੁੱਤਿਆਂ ਦੀ ਟੀਮ ਨੂੰ ਵੀ ਸੇਵਾ ਵਿੱਚ ਬੁਲਾਇਆ ਗਿਆ ਸੀ। ਪੁਲੀਸ ਨੇ ਇਸ ਸਾਰੇ ਚੁੱਪ ਧਾਰੀ ਹੋਈ ਹੈ ਅਤੇ ਇੰਨਾ ਹੀ ਕਿਹਾ ਕਿ "ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।"

ਸਰਪੰਚ ਦਿਲਬਾਗ ਸਿੰਘ ਨੇ ਕਿਹਾ ਕਿ ਪਿੰਡ ਵਾਸੀਆਂ ਨੇ ਬੀਤੀ ਰਾਤ ਬੰਬ ਬਾਰੇ ਪ੍ਰਸ਼ਾਸਨ ਨੂੰ ਚੌਕਸ ਕੀਤਾ ਸੀ। ਉਨ੍ਹਾਂ ਕਿਹਾ, "ਪਿੰਡ ਵਾਸੀਆਂ ਨੇ ਉਸ ਜਗ੍ਹਾ ਤੋਂ ਵੱਡੀ ਅੱਗ ਦੀ ਸੂਚਨਾ ਦਿੱਤੀ ਜਿੱਥੇ ਬੰਬ ਮਿਲਿਆ ਸੀ। ਬੰਬ ਦੇ ਟੁਕੜੇ 500 ਫੁੱਟ ਦੇ ਘੇਰੇ ਵਿੱਚ ਖਿੰਡੇ ਹੋਏ ਮਿਲੇ।"

ਇਹ ਪਿੰਡ ਟਿੱਬਰੀ ਛਾਉਣੀ ਤੋਂ ਯੂਬੀਡੀਸੀ ਨਹਿਰ ਦੁਆਰਾ ਵੱਖ ਕੀਤਾ ਗਿਆ ਹੈ।

# ਜੰਗ ਕੋਈ ਖੇਡ ਨਹੀਂ: ਸੋਸ਼ਲ ਮੀਡੀਆ ਅਤੇ ਟੀਵੀ 'ਤੇ ਭੜਕਾਊ ਰੁਝਾਨ ਕਿਉਂ?

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਪਿਛਲੇ ਦਿਨੀਂ ਪਹਿਲਗਾਮ ਵਿੱਚ ਵਾਪਰੀ ਮੰਦਭਾਗੀ ਘਟਨਾ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਤਣਾਅ ਕਾਫ਼ੀ ਵੱਧ ਗਿਆ ਹੈ। ਸਰਹੱਦਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਦੋਵੇਂ ਦੇਸ਼ ਇੱਕ ਦੂਜੇ 'ਤੇ ਦੋਸ਼ ਲਗਾ ਰਹੇ ਹਨ। ਅਜਿਹੇ ਸੰਵੇਦਨਸ਼ੀਲ ਸਮੇਂ ਵਿੱਚ, ਜਦੋਂ ਜੰਗ ਵਰਗਾ ਮਾਹੌਲ ਬਣਿਆ ਹੋਇਆ ਹੈ, ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਸੋਸ਼ਲ ਮੀਡੀਆ 'ਤੇ ਦੋਵਾਂ ਦੇਸ਼ਾਂ ਦੇ ਕੁਝ ਲੋਕ ਇਸ ਸਥਿਤੀ ਨੂੰ ਮਜ਼ਾਕ ਬਣਾ ਰਹੇ ਹਨ। ਇਸ ਤੋਂ ਵੀ ਵੱਧ ਚਿੰਤਾ ਦੀ ਗੱਲ ਇਹ ਹੈ ਕਿ ਕੁਝ ਟੀ ਵੀ ਨਿਊਜ਼ ਚੈਨਲ ਵੀ ਭੜਕਾਊ ਅਤੇ ਡਰਾਉਣ ਵਾਲੀਆਂ ਖ਼ਬਰਾਂ ਦਿਖਾ ਰਹੇ ਹਨ, ਜਿਸ ਨਾਲ ਲੋਕਾਂ ਵਿੱਚ ਹੋਰ ਵੀ ਡਰ ਅਤੇ ਗੁੱਸੇ ਦਾ ਮਾਹੌਲ ਪੈਦਾ ਹੋ ਰਿਹਾ ਹੈ।

ਇਹ ਸੱਚਮੁੱਚ ਹੀ ਦੁਖਦਾਈ ਗੱਲ ਹੈ ਕਿ ਕੁਝ ਲੋਕ ਜੰਗ ਵਰਗੀ ਗੰਭੀਰ ਸਥਿਤੀ ਦੀ ਸੰਵੇਦਨਸ਼ੀਲਤਾ ਨੂੰ ਨਹੀਂ ਸਮਝ ਰਹੇ। ਉਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਨਹੀਂ ਹੈ ਕਿ ਜੰਗ ਕੋਈ ਹਾਸੀ ਖੇਡ ਨਹੀਂ ਹੈ। ਜੰਗ ਆਪਣੇ ਨਾਲ ਤਬਾਹੀ, ਮੌਤਾਂ ਅਤੇ ਬੇਘਰ ਹੋਣ ਵਰਗੇ ਭਿਆਨਕ ਨਤੀਜੇ ਲੈ ਕੇ ਆਉਂਦੀ ਹੈ। ਇਸ ਦਾ ਸਭ ਤੋਂ ਵੱਧ ਨੁਕਸਾਨ ਦੋਵਾਂ ਦੇਸ਼ਾਂ ਦੇ ਆਮ ਨਾਗਰਿਕਾਂ ਨੂੰ ਝੱਲਣਾ ਪੈਂਦਾ ਹੈ।

ਜੰਗ ਵਿੱਚ ਸਿਰਫ਼ ਸਰਹੱਦਾਂ 'ਤੇ ਲੜ ਰਹੇ ਸੈਨਿਕ ਹੀ ਨਹੀਂ ਮਰਦੇ, ਸਗੋਂ ਬੇਕਸੂਰ ਲੋਕ ਵੀ ਇਸ ਦੀ ਭੇਟ ਚੜ੍ਹਦੇ ਹਨ। ਪਰਿਵਾਰ ਉੱਜੜ ਜਾਂਦੇ ਹਨ, ਬੱਚੇ ਯਤੀਮ ਹੋ ਜਾਂਦੇ ਹਨ ਅਤੇ ਬਜ਼ੁਰਗ ਬੇਸਹਾਰਾ ਹੋ ਜਾਂਦੇ ਹਨ। ਜੰਗ ਨਾਲ ਦੇਸ਼ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਵਿਕਾਸ ਦੇ ਕੰਮ ਰੁਕ ਜਾਂਦੇ ਹਨ ਅਤੇ ਗਰੀਬੀ ਹੋਰ ਵਧ ਜਾਂਦੀ ਹੈ।

ਸੋਸ਼ਲ ਮੀਡੀਆ ਇੱਕ ਅਜਿਹਾ ਪਲੇਟਫਾਰਮ ਹੈ ਜਿੱਥੇ ਲੋਕ ਆਪਣੀ ਰਾਏ ਜ਼ਾਹਰ ਕਰ ਸਕਦੇ ਹਨ। ਪਰ ਇਸ ਦਾ ਇਹ ਮਤਲਬ ਨਹੀਂ ਕਿ ਕਿਸੇ ਵੀ ਗੰਭੀਰ ਮੁੱਦੇ ਦਾ ਮਜ਼ਾਕ ਉਡਾਇਆ ਜਾਵੇ। ਖਾਸ ਕਰਕੇ ਜਦੋਂ ਗੱਲ ਦੋ ਦੇਸ਼ਾਂ ਦੇ ਸੰਬੰਧਾਂ ਅਤੇ ਸੰਭਾਵਿਤ ਜੰਗ ਦੀ ਹੋਵੇ, ਤਾਂ ਸਾਨੂੰ ਬਹੁਤ ਜ਼ਿਆਦਾ ਜ਼ਿੰਮੇਵਾਰੀ ਨਾਲ ਆਪਣੀ ਗੱਲ ਰੱਖਣੀ ਚਾਹੀਦੀ ਹੈ। ਇਸ ਦੇ ਨਾਲ ਹੀ, ਟੀ ਵੀ ਚੈਨਲਾਂ ਨੂੰ ਵੀ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਅਜਿਹੀਆਂ ਖ਼ਬਰਾਂ ਦਿਖਾਉਣ ਤੋਂ ਬਚਣਾ ਚਾਹੀਦਾ ਹੈ ਜੋ ਲੋਕਾਂ ਵਿੱਚ ਡਰ ਅਤੇ ਭੜਕਾਹਟ ਪੈਦਾ ਕਰਨ। ਉਨ੍ਹਾਂ ਨੂੰ ਸਹੀ ਅਤੇ ਸੰਤੁਲਿਤ ਜਾਣਕਾਰੀ ਦੇਣ 'ਤੇ ਧਿਆਨ ਦੇਣਾ ਚਾਹੀਦਾ ਹੈ।

ਸਾਨੂੰ ਇਹ ਸਮਝਣਾ ਹੋਵੇਗਾ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਹੀ ਗੁਆਂਢੀ ਦੇਸ਼ ਹਨ। ਸਾਨੂੰ ਆਪਸੀ ਸਹਿਯੋਗ ਅਤੇ ਸ਼ਾਂਤੀ ਨਾਲ ਰਹਿਣ ਦੀ ਲੋੜ ਹੈ। ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਇਸ ਨਾਲ ਸਿਰਫ਼ ਦੁੱਖ ਅਤੇ ਤਬਾਹੀ ਹੀ ਆਉਂਦੀ ਹੈ।

ਸੋਸ਼ਲ ਮੀਡੀਆ 'ਤੇ ਮਜ਼ਾਕ ਉਡਾਉਣ ਵਾਲੇ ਲੋਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਇਸ ਬੇਸਮਝੀ ਭਰੀ ਹਰਕਤ ਨਾਲ ਦੋਵਾਂ ਦੇਸ਼ਾਂ ਦੇ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ ਜੋ ਪਹਿਲਾਂ ਹੀ ਤਣਾਅ ਅਤੇ ਡਰ ਦੇ ਮਾਹੌਲ ਵਿੱਚ ਜੀ ਰਹੇ ਹਨ।



ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ 9876888177

ਇਸ ਲਈ, ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਸਾਰੇ ਜ਼ਿੰਮੇਵਾਰੀ ਨਾਲ ਵਿਵਹਾਰ ਕਰੀਏ ਅਤੇ ਅਜਿਹੇ ਕਿਸੇ ਵੀ ਕੰਮ ਤੋਂ ਬਚੀਏ ਜੋ ਦੋਵਾਂ ਦੇਸ਼ਾਂ ਦੇ ਵਿਚਕਾਰ ਤਣਾਅ ਨੂੰ ਹੋਰ ਵਧਾ ਸਕਦਾ ਹੈ। ਸਾਨੂੰ ਸ਼ਾਂਤੀ ਅਤੇ ਸਦਭਾਵਨਾ ਨੂੰ ਬਣਾਈ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਯਾਦ ਰੱਖੋ, ਜੰਗ ਕਿਸੇ ਲਈ ਵੀ ਲਾਭਦਾਇਕ ਨਹੀਂ ਹੁੰਦੀ, ਇਸ ਨਾਲ ਸਿਰਫ਼ ਤੇ ਸਿਰਫ਼ ਨੁਕਸਾਨ ਹੀ ਹੁੰਦਾ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਕਲ੍ਹ ਦੇ ਲੇਖ ਦਾ ਬਾਕੀ ਭਾਗ

## ਦੀਖਿਆ ਲੈਣ ਵਾਲਿਆਂ ਲਈ ਜਾਣਕਾਰੀ

ਜਿਹੜੇ ਲੋਕ ਦੀਖਿਆ ਲੈਣਾ ਚਾਹੁੰਦੇ ਹਨ, ਉਨ੍ਹਾਂ ਲਈ ਚਿੱਟੇ ਕੱਪੜੇ ਪਾ ਕੇ ਆਉਣਾ ਜ਼ਰੂਰੀ ਹੈ। ਪੰਡਾਲ ਵਿੱਚ ਮਰਦਾਂ ਅਤੇ ਔਰਤਾਂ ਲਈ ਵੱਖਰੇ-ਵੱਖਰੇ ਬੈਠਣ ਦੇ ਪ੍ਰਬੰਧ ਕੀਤੇ ਗਏ ਹਨ। 11 ਅਕਤੂਬਰ 1956 ਤੋਂ ਦੀਖਿਆ ਪ੍ਰਾਪਤ ਕਰਨ ਵਾਲਿਆਂ ਦੇ ਨਾਮ ਕਮੇਟੀ ਦਫ਼ਤਰ ਅਤੇ ਦੀਖਿਆ ਸਥਾਨ 'ਤੇ ਦਰਜ ਕੀਤੇ ਜਾਣਗੇ।



ਆਪਣੇ ਨਾਮ ਦਰਜ ਕਰਵਾਉਣ ਵਾਲਿਆਂ ਨੂੰ ਦੋ ਟਿਕਟਾਂ ਮੁਫ਼ਤ ਦਿੱਤੀਆਂ ਜਾਣਗੀਆਂ। ਉਨ੍ਹਾਂ ਨੂੰ ਸੁਰੱਖਿਅਤ ਰੱਖੋ। ਉਹ ਟਿਕਟਾਂ ਪੰਡਾਲ ਦੇ ਦੀਕਸ਼ਰਥੀ ਭਾਗ ਵਿੱਚ ਪ੍ਰਵੇਸ਼ ਕਰਨ ਲਈ ਹਰ ਰੋਜ਼ ਉਪਯੋਗੀ ਹੋਣਗੀਆਂ। ਸਿਰਫ਼ ਉਹੀ ਉਮੀਦਵਾਰ ਜੋ ਸਾਫ਼ ਚਿੱਟੇ ਕੱਪੜੇ ਪਾ ਕੇ ਆਉਣਗੇ, ਉਨ੍ਹਾਂ ਨੂੰ ਹੀ ਦੀਖਿਆ ਵਿਭਾਗ ਵਿੱਚ ਦਾਖਲ ਹੋਣ ਦੀ ਇਜਾਜ਼ਤ ਹੋਵੇਗੀ।

ਵਲੰਟੀਅਰਾਂ ਲਈ ਜਾਣਕਾਰੀ

ਵਲੰਟੀਅਰਾਂ ਨੂੰ ਚਿੱਟੀ ਹਾਫ ਕਮੀਜ਼ ਅਤੇ ਚਿੱਟੀ ਹਾਫ ਪੈਂਟ ਪਹਿਨ ਕੇ ਆਉਣਾ ਚਾਹੀਦਾ ਹੈ। ਅੱਜ ਤੋਂ ਹੀ ਉਨ੍ਹਾਂ ਨੂੰ ਆਪਣੇ ਅਧਿਕਾਰੀਆਂ ਤੋਂ ਆਪਣੇ ਕੰਮ ਸੰਬੰਧੀ ਜਾਣਕਾਰੀ ਇਕੱਠੀ ਕਰਨੀ ਚਾਹੀਦੀ ਹੈ ਅਤੇ ਆਪਣਾ ਕੰਮ ਤੁਰੰਤ ਕਰਨਾ ਚਾਹੀਦਾ ਹੈ। ਦੀਖਿਆ ਸਮਾਰੋਹ ਦੇ ਸਮੇਂ, ਉਸਨੂੰ ਉਸ ਜਗ੍ਹਾ ਤੋਂ ਦੀਖਿਆ ਲੈਣੀ ਚਾਹੀਦੀ ਹੈ ਜਿੱਥੇ ਉਸਨੂੰ ਨਿਯੁਕਤ ਕੀਤਾ ਜਾਵੇਗਾ। ਦੀਖਿਆ ਲੈਣ ਵਾਲਿਆਂ ਨੂੰ ਜੋ ਕਹਿਣਾ ਹੈ ਉਹ ਲਾਊਡ ਸਪੀਕਰ ਰਾਹੀਂ ਸੁਣਿਆ ਜਾਵੇਗਾ। ਇਸ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਆਪਣੇ ਆਪ ਬੋਲੋ।

ਪਿੰਡ ਦੇ ਬਾਹਰੋਂ ਆਉਣ ਵਾਲੇ ਵਲੰਟੀਅਰਾਂ ਦੇ ਸਮੂਹ ਦਾ ਮੁਖੀ। ਵਲੰਟੀਅਰ ਗਰੁੱਪ ਦਾ ਮੁਖੀ ਕੇ. ਵੀ. ਆਯੂ, ਸਚਿਦਾਨੰਦ ਮਾਂਕੇ ਅਤੇ ਆਰ. ਆਰ. ਪਾਟਿਲ ਨੂੰ ਮਿਲੋ ਅਤੇ ਆਪਣੀਆਂ ਜ਼ਿੰਮੇਵਾਰੀਆਂ ਸੰਭਾਲੋ।

... ਜਨਤਾ ਲਈ ਜਾਣਕਾਰੀ

ਇਹ ਧਾਰਮਿਕ ਕੰਮ ਬਹੁਤ ਪਵਿੱਤਰ ਹੈ। ਸਮਾਗਮ ਦੇ ਸਾਰੇ ਪ੍ਰੋਗਰਾਮਾਂ ਵਿੱਚ ਪੂਰੀ ਸ਼ਾਂਤੀ ਅਤੇ ਸਫਾਈ ਰਹੇਗੀ ਅਤੇ ਹਰ ਕੋਈ ਇੱਕੋ ਜਿਹਾ ਵਿਵਹਾਰ ਕਰੇਗਾ ਅਤੇ ਇਹੀ ਸਾਰਿਆਂ ਤੋਂ ਉਮੀਦ ਕੀਤੀ ਜਾਂਦੀ ਹੈ। ਆਪਣੇ ਇਲਾਕੇ ਤੋਂ ਬਾਹਰ ਨਿਕਲਦੇ ਸਮੇਂ, ਇਲਾਕੇ ਵਿੱਚ ਆਉਣ ਵਾਲੇ ਸਾਰੇ ਮਰਦਾਂ ਅਤੇ ਔਰਤਾਂ ਨੂੰ ਇੱਕ ਥਾਂ 'ਤੇ ਇਕੱਠੇ ਹੋਣਾ ਚਾਹੀਦਾ ਹੈ। ਸੈਰ ਕਰਦੇ ਸਮੇਂ ਧੀਮੀ ਅਵਾਜ਼ ਵਿੱਚ 'ਬੁੱਧ ਸਰਣਮ ਗੱਛਾਮੀ', 'ਧੰਮਾ ਸਰਣਮ ਗੱਛਾਮੀ' ਦਾ ਜਾਪ ਕਰਨਾ ਅਤੇ ਵਿਚਕਾਰ ਵਿੱਚ 'ਭਗਵਾਨ ਬੁੱਧ ਕੀ ਜੈ', 'ਡਾ. ਬਾਬਾ ਸਾਹਿਬ ਅੰਬੇਡਕਰ ਕੀ ਜੈ । ਆਓ ਇਹ ਕਹਿੰਦੇ ਹੋਏ ਅੱਗੇ ਵਧੀਏ, 'ਬਾਬਾਸਾਹਿਬ ਕਰੇਂ ਪੁਕਾਰ, ਬੁੱਧ ਧਰਮ ਕਰੋ ਸਵਿਕਾਰ।' ਜਿਹੜੇ ਲੋਕ ਆਪਣੇ ਨਾਲ ਝੰਡੇ ਲਿਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਕਮੇਟੀ ਦਫ਼ਤਰ ਤੋਂ ਬੋਧੀ ਝੰਡਿਆਂ ਬਾਰੇ ਪੁੱਛ-ਗਿੱਛ ਕਰਨੀ ਚਾਹੀਦੀ ਹੈ ਅਤੇ ਅਜਿਹੇ ਝੰਡੇ ਤਿਆਰ ਕਰਨੇ ਚਾਹੀਦੇ ਹਨ।

ਇਸ ਤੋਂ ਇਲਾਵਾ, ਸਵੇਰ ਅਤੇ ਸ਼ਾਮ ਦੇ ਵਿਚਕਾਰ ਦੇ ਸਮੇਂ ਵਿੱਚ ਆਪਣਾ ਖਾਣਾ ਅਤੇ ਹੋਰ ਗਤੀਵਿਧੀਆਂ ਸ਼ਾਂਤੀ ਨਾਲ ਪੂਰੀਆਂ ਕਰੋ। ਲੱਖਾਂ ਲੋਕ ਮੌਜੂਦ ਹੋਣਗੇ, ਇਸ ਲਈ ਕਤਾਰ ਵਿੱਚ ਖੜ੍ਹੇ ਹੋ ਕੇ ਅੱਗੇ ਵਧਣ ਦੀ ਜ਼ਰੂਰਤ ਹੋਏਗੀ। ਸਮਾਰੋਹ ਦੀ ਸਫਲਤਾ ਤੁਹਾਡੀ ਸ਼ਾਂਤੀ 'ਤੇ ਨਿਰਭਰ ਕਰਦੀ ਹੈ। ਪੰਡਾਲ ਦੇ ਬਾਹਰ 'ਪੁੱਛਗਿੱਛ ਦਫ਼ਤਰ' ਵਿੱਚ ਪੁੱਛਗਿੱਛ ਕਰੋ।

ਪ੍ਰੋਗਰਾਮ

ਸਥਾਨ: ਮਾਤਾ ਕਚੈਰੀ (ਸ਼ਰਧਾਨੰਦ ਪੇਠ)ਦੇ ਨੇੜੇ ਵਿਸ਼ਾਲ ਮੈਦਾਨ

ਪ੍ਰੋਗਰਾਮ - ਇਹ ਪ੍ਰੋਗਰਾਮ 12 ਅਕਤੂਬਰ, 1956 ਤੋਂ 16 ਅਕਤੂਬਰ, 1956 ਤੱਕ ਚੱਲੇਗਾ।

ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ ਇੱਕ ਵੱਖਰਾ ਸਰਕੂਲਰ ਜਾਰੀ ਕਰਕੇ ਦਿੱਤੀ ਜਾਵੇਗੀ।

ਚੇਅਰਮੈਨ - ਆਯੂ ਰੇਵਾਰਾਮ ਕਵਾੜੇ, ਸੈਕਟਰੀ, ਆਯੂ ਵਾ. ਮੋ. ਗੋਡਬੋਲੇ

ਉਪ ਪ੍ਰਧਾਨ – ਆਯੂ. ਸੈਮ ਮੇਸ਼ਰਾਮ, ਸੰਯੁਕਤ ਸਕੱਤਰ ਆਯੂ ਮਾ. ਡਾ. ਪੰਚਭਾਈ

ਉਪ ਪ੍ਰਧਾਨ - ਆਯੂ ਐਚ. ਡੀ. ਅਵਾਲੇ, ਸੰਯੁਕਤ ਸਕੱਤਰ ਆਯੂ ਪੰਜਾਬਰਾਓ ਸ਼ੰਭਾਰਕਰ

ਉਪ ਪ੍ਰਧਾਨ – ਆਯੂ. ਮਾਰੋਤਰਾਓ ਸਾਖਰਕਰ, ਸੰਯੁਕਤ ਸਕੱਤਰ - ਆਯੂ ਕੇ. ਵੀ. ਉਮਰੇ

ਉਪ ਪ੍ਰਧਾਨ – ਆਯੂ. ਐਚ.ਐੱਲ. ਕੋਸਾਰੇ, ਸੰਯੁਕਤ ਸਕੱਤਰ ਆਯੂ. ਬਾ. ਨਾ. ਵੈਦਿਆ

ਕੈਸ਼ੀਅਰ – ਆਯੂ. ਐਸ.ਐਲ. ਪਾਟਿਲ, ਮੈਂਬਰ – ਆਯੂ. ਡਬਲਯੂ. ਐਸ. ਕਮਾਲੇ

ਮੈਂਬਰ - ਡਾ. ਰਾਮਟੇਕੇ ਆਦਿ

ਨਾਗਪੁਰ ਵਿੱਚ ਹੋਣ ਵਾਲੇ ਡਾ. ਬਾਬਾ ਸਾਹਿਬ ਅੰਬੇਡਕਰ ਦੇ ਬੋਧੀ ਦੀਖਿਆ ਸਮਾਰੋਹ ਵਿੱਚ ਲੱਖਾਂ ਲੋਕਾਂ ਦੇ ਸ਼ਾਮਲ ਹੋਣੇ ਚਾਹੀਦੇ ਹਨ।

14 ਅਕਤੂਬਰ ਨੂੰ ਆਪਣੇ ਅਹਾਤੇ ਵਿੱਚ ਸਮੂਹਿਕ ਤੌਰ 'ਤੇ ਬੁੱਧ ਵੰਦਨਾ ਮਨਾਓ।

ਹੁਣ ਤੱਕ ਹਰ ਕੋਈ ਜਾਣਦਾ ਹੈ ਕਿ 14 ਅਕਤੂਬਰ, 1956 ਨੂੰ, ਜੋ ਕਿ ਦੁਸਹਿਰਾ ਵੀ ਹੁੰਦਾ ਹੈ, ਡਾ. ਬਾਬਾ ਸਾਹਿਬ ਅੰਬੇਡਕਰ, ਬੁੱਧ ਧਰਮ ਦੇ ਪੁਨਰ ਸੁਰਜੀਤੀ ਦੇ ਇਕਲੌਤੇ ਭਾਰਤੀ ਸਮਰਥਕ, ਨਾਗਪੁਰ ਵਿੱਚ ਬੁੱਧ ਧਰਮ ਵਿੱਚ ਦੀਖਿਆ ਲੈਣ ਜਾ ਰਹੇ ਸਨ। ਇਹ ਡਾ. ਬਾਬਾ ਸਾਹਿਬ ਦੇ ਜੀਵਨ ਦਾ ਸਭ ਤੋਂ ਵਧੀਆ ਅਤੇ ਬੇਮਿਸਾਲ ਜਸ਼ਨ ਹੈ, ਨਾ ਸਿਰਫ਼ ਭਾਰਤੀ ਅਛੂਤ ਸਮਾਜ ਦਾ, ਸਗੋਂ ਪੂਰੇ ਭਾਰਤ ਦੇਸ਼ ਦਾ। ਮੈਂ ਸਾਰੇ ਅਛੂਤਾਂ ਅਤੇ ਹੋਰ ਭਾਰਤੀ ਭਰਾਵਾਂ ਅਤੇ ਭੈਣਾਂ ਨੂੰ ਇਸ ਸਮਾਗਮ ਵਿੱਚ ਲੱਖਾਂ ਦੀ ਗਿਣਤੀ ਵਿੱਚ ਸ਼ਾਮਲ ਹੋਣ ਦੀ ਬੇਨਤੀ ਕਰਦਾ ਹਾਂ।

ਇਸ ਤਿਉਹਾਰ ਦੀਆਂ ਤਿਆਰੀਆਂ ਨਾਗਪੁਰ ਸ਼ਹਿਰ ਵਿੱਚ ਵੱਡੇ ਪੱਧਰ 'ਤੇ ਸ਼ੁਰੂ ਹੋ ਗਈਆਂ ਹਨ। ਸਾਰੇ ਦਲਿਤ ਵਰਕਰ ਆਪਣੇ ਤਨ, ਮਨ ਅਤੇ ਧਨ ਨਾਲ ਸਮਾਗਮ ਦਾ ਪ੍ਰਬੰਧਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਸਮਾਗਮ ਵਿੱਚ ਪੰਜ ਲੱਖ ਤੋਂ ਵੱਧ ਲੋਕਾਂ ਦੇ ਸ਼ਾਮਲ ਹੋਣ ਦਾ ਅਨੁਮਾਨ ਹੈ।

ਇਸ ਪ੍ਰੋਗਰਾਮ ਵਿੱਚ ਭਾਰਤ ਦੇ ਸਾਰੇ ਰਾਜਾਂ ਤੋਂ ਆਉਣ ਵਾਲੇ ਬਹੁਜਨ ਭਰਾ ਅਤੇ ਭੈਣਾਂ ਮੌਜੂਦ ਰਹਿਣਗੇ। ਗੁਰੂਤਾ ਦੇ ਨਿਯਮਾਂ ਅਨੁਸਾਰ, ਪੂਰੇ ਭਾਰਤ ਦੇ ਬਹੁਜਨ ਲੋਕ ਨਾਗਪੁਰ ਵਿੱਚ ਇਕੱਠੇ ਹੋਣ ਜਾ ਰਹੇ ਹਨ। ਨਾਗਪੁਰ ਦੀਆਂ ਸੜਕਾਂ 'ਤੇ ਰੇਲਗੱਡੀਆਂ, ਮੋਟਰ ਵਾਹਨਾਂ, ਬੈਲ ਗੱਡੀਆਂ ਆਦਿ ਦੀਆਂ ਕਤਾਰਾਂ ਲੱਗ ਗਈਆਂ ਹਨ। ਨਾਗਪੁਰ ਵਿੱਚ ਭਾਰੀ ਭੀੜ ਇਕੱਠੀ ਹੋਣ ਕਰਕੇ, ਤੁਹਾਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਨਾਲ ਘੱਟੋ-ਘੱਟ ਸਮਾਨ ਲੈ ਕੇ ਆਓ। ਨਾਲ ਹੀ, ਜੇਕਰ ਤੁਹਾਨੂੰ ਆਪਣੀ ਰਿਹਾਇਸ਼ ਦੀ ਲੋੜ ਹੈ, ਤਾਂ ਆਪਣੇ ਨਾਲ ਇੱਕ ਛੋਟਾ ਬਿਸਤਰਾ ਲਿਆਓ।

ਅਸੀਂ ਉਨ੍ਹਾਂ ਬਹੁਜਨ ਭਰਾਵਾਂ ਦਾ ਧਿਆਨ ਭਾਰਤੀ ਬੋਧੀ ਮਹਾਸਭਾ ਦੁਆਰਾ ਜਾਰੀ ਕੀਤੇ ਗਏ ਇਸ ਸਰਕੂਲਰ ਵੱਲ ਖਿੱਚਣਾ ਚਾਹੁੰਦੇ ਹਾਂ ਜੋ ਨਾਗਪੁਰ ਆਉਣਾ ਚਾਹੁੰਦੇ ਹਨ ਪਰ ਕਿਸੇ ਰੁਕਾਵਟ ਕਾਰਨ ਅਜਿਹਾ ਕਰਨ ਵਿੱਚ ਅਸਮਰੱਥ ਹਨ -

### ਜਨਤਕ ਆਦੇਸ਼

ਭੈਣੋ ਅਤੇ ਭਰਾਵੋ,

ਸਾਡੇ ਸਤਿਕਾਰਯੋਗ ਨੇਤਾ ਡਾ. ਬਾਬਾ ਸਾਹਿਬ ਅੰਬੇਡਕਰ 14-10-1956 ਨੂੰ ਨਾਗਪੁਰ ਵਿੱਚ ਦੁਸਹਿਰੇ ਦੇ ਮੌਕੇ 'ਤੇ ਬੁੱਧ ਧਰਮ ਦੀ ਦੀਖਿਆ ਲੈਂਦੇ ਹੋਏ। ਨਾਗਪੁਰ ਦੇ ਲੋਕਾਂ ਨੇ ਇਸ ਕੰਮ ਵਿੱਚ ਆਪਣਾ ਸਮਰਥਨ ਦਿੱਤਾ ਹੈ ਅਤੇ ਹੁਣ ਤੱਕ ਤਿਆਰੀਆਂ

"ਇਕੁਐਲਿਟੀ ਐਂਡ ਜਸਟਿਸ" "Equality and Justice" स्वतंत्रता, समानता, भाईचारा Rs- 100/month

ਵਿੱਚ ਲੱਖਾਂ ਰੁਪਏ ਖਰਚ ਕੀਤੇ ਹਨ। ਉਨ੍ਹਾਂ ਦੇ ਮਹਾਨ ਕਾਰਜਾਂ ਕਾਰਨ, ਮੁੰਬਈ ਵਾਸੀਆਂ ਨੂੰ ਨਵੀਂ ਪ੍ਰੇਰਨਾ ਮਿਲੀ ਹੈ ਅਤੇ ਮਹਾਂਮੁੰਬਈ ਵਿੱਚ ਚਾਰ ਲੱਖ ਮੈਂਬਰਸ਼ਿਪ ਰਜਿਸਟਰ ਕਰਨ ਦਾ ਪ੍ਰੋਗਰਾਮ ਉੱਥੇ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ, ਹਰੇਕ ਬਾਲਗ ਨੂੰ ਇੱਕ ਰੁਪਏ ਦੀ ਮੈਂਬਰਸ਼ਿਪ ਫੀਸ ਦੇ ਕੇ ਭਾਰਤੀ ਬੋਧੀ ਮਹਾਸਭਾ ਦਾ ਮੈਂਬਰ ਬਣਨਾ ਪਵੇਗਾ। ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਆਪਣੇ ਕਮਰੇ ਵਿੱਚ ਰਹਿਣ ਵਾਲੇ ਸਾਰੇ ਬਾਲਗ ਮਰਦਾਂ ਅਤੇ ਔਰਤਾਂ ਨੂੰ, ਬਾਕੀ ਸਾਰੇ ਲੋਕਾਂ ਦੇ ਨਾਲ, ਮੈਂਬਰ ਬਣਾਓ। ਤੁਹਾਡੀ ਚਾਵਲ ਵਿੱਚ ਸਥਾਨਕ ਸ਼ਾਖਾ ਖੁੱਲ੍ਹ ਗਈ ਹੈ। ਸਿਰਫ਼ ਉਸ ਰਾਹੀਂ ਹੀ ਤੁਸੀਂ ਇਹ ਜ਼ਿੰਮੇਵਾਰੀ ਨਿਭਾ ਸਕਦੇ ਹੋ। ਤੁਸੀਂ ਸਾਰੇ ਕਿਰਪਾ ਕਰਕੇ ਭਾਰਤੀ ਬੋਧੀ ਮਹਾਸਭਾ ਦੇ ਇਸ ਆਦੇਸ਼ ਨੂੰ ਹਕੀਕਤ ਬਣਾਉਣ ਲਈ ਸਹਿਯੋਗ ਦਿਓ।

ਕਾ. ਵੀ. ਸਾਵਡਕਰ
ਭ. ਐੱਸ. ਗਾਇਕਵਾੜ
ਵਾ. ਕ੍ਰ. ਕਬੀਰ
ਸਕੱਤਰ, ਭਾਰਤੀ ਬੋਧੀ ਮਹਾਸਭਾ

14 ਅਕਤੂਬਰ ਦੇ ਸਮਾਗਮ ਨੂੰ ਸਫਲ ਕਿਵੇਂ ਬਣਾਇਆ ਜਾਵੇ

ਭਾਰਤੀ ਬੋਧੀ ਮਹਾਸਭਾ ਦੀਆਂ ਸਾਰੀਆਂ ਸ਼ਾਖਾਵਾਂ ਦੇ ਅਧਿਕਾਰੀਆਂ, ਸ਼ਾਖਾ ਮੁਖੀਆਂ ਅਤੇ ਹੋਰ ਸਥਾਨਕ ਵਰਕਰਾਂ ਨੂੰ ਇੱਕ ਜਨਤਕ ਨੋਟਿਸ ਦੇ ਤੌਰ 'ਤੇ ਇਹ ਦਿੱਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਨੇਤਾ ਡਾ. ਬਾਬਾ ਸਾਹਿਬ ਅੰਬੇਡਕਰ ਐਤਵਾਰ, 14-10-56 ਨੂੰ ਨਾਗਪੁਰ ਵਿੱਚ ਬੁੱਧ ਧਰਮ ਦੀ ਦੀਖਿਆ ਲੈ ਰਹੇ ਹਨ। ਬੁੱਧ ਧਰਮ ਗ੍ਰਹਿਣ ਕਰਨ ਵੇਲੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦੇਣ ਲਈ, ਸਾਰੀਆਂ ਸ਼ਾਖਾਵਾਂ ਨੂੰ ਆਪਣੇ ਅਹਾਤੇ ਵਿੱਚ ਸਮੂਹਿਕ ਬੁੱਧਵੰਦਨਾ ਦਾ ਪ੍ਰੋਗਰਾਮ ਆਯੋਜਿਤ ਕਰਨਾ ਚਾਹੀਦਾ ਹੈ। ਬੁੱਧ ਪੂਜਾ ਪ੍ਰੋਗਰਾਮ ਬਹੁਤ ਹੀ ਸ਼ਾਂਤਮਈ ਮਾਹੌਲ ਵਿੱਚ ਹੀ ਕਰਵਾਏ ਜਾਣੇ ਚਾਹੀਦੇ ਹਨ। ਸਾਰੀਆਂ ਔਰਤਾਂ ਅਤੇ ਮਰਦਾਂ ਨੂੰ ਵੰਦਨਾ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਵੰਦਨਾ ਸਵੇਰੇ 9 ਵਜੇ ਤੋਂ 11 ਵਜੇ ਦੇ ਵਿਚਕਾਰ ਕੀਤੀ ਜਾਣੀ ਚਾਹੀਦੀ ਹੈ। ਸਾਰੇ ਕੇਂਦਰ ਅਧਿਕਾਰੀ, ਸ਼ਾਖਾ ਮੁਖੀ ਅਤੇ ਹੋਰ ਸਥਾਨਕ ਵਰਕਰ ਸਿਧਾਰਥ ਕਾਲਜ, ਆਨੰਦਵਨ ਵਿਖੇ ਸ਼ਾਮ 4 ਵਜੇ ਹੋਣ ਵਾਲੀ ਮੀਟਿੰਗ ਵਿੱਚ ਮੌਜੂਦ ਰਹਿਣ।

ਤੁਹਾਡਾ ਨਿਮਰ
ਦ. ਵੀ. ਸਾਵਡਕਰ
ਮਾ. ਐਸ. ਗਾਇਕਵਾੜ
ਵਾ. ਕ੍ਰ. ਕਬੀਰ
ਸਕੱਤਰ, ਭਾ. ਬੌ. ਮਹਾਸਭਾ

**ਲੇਖ ਦਾ ਬਾਕੀ ਭਾਗ ਕਲ੍ਹ**

# ਨਸ਼ੇ ਦੀ ਵੱਧ ਡੋਜ਼ ਕਾਰਨ ਇੱਕ ਨੌਜਵਾਨ ਦੀ ਮੌਤ, ਦੂਜਾ ਜ਼ੇਰੇ-ਇਲਾਜ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com




ਇੱਕ ਪਾਸੇ ਸਰਕਾਰ ਵੱਡੇ ਵੱਡੇ ਦਾਅਵੇ ਕਰ ਰਹੀ ਹੈ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਡੀ ਪੱਧਰ 'ਤੇ ਨਸ਼ਾ ਖਤਮ ਕੀਤਾ ਜਾ ਰਿਹਾ ਹੈ ਅਤੇ ਨਸ਼ੇ ਦੇ ਸੌਦਾਗਰਾਂ ਨੂੰ ਫੜ ਕੇ ਜੇਲ੍ਹਾਂ ਅੰਦਰ ਕੀਤਾ ਜਾ ਰਿਹਾ ਹੈ। ਦੂਸਰੇ ਪਾਸੇ ਪਿੰਡਾਂ ਦੇ ਨੌਜਵਾਨ ਲਗਾਤਾਰ ਨਸ਼ਿਆਂ ਦੀ ਵੱਧ ਡੋਜ਼ ਨਾਲ ਮਰ ਰਹੇ ਹਨ।

ਅੱਜ ਨੇੜਲੇ ਪਿੰਡ ਦੁੱਗਾਂ ਵਿਖੇ ਨਸ਼ੇ ਦੀ ਵੱਧ ਡੋਜ਼ ਲੈਣ ਕਾਰਨ ਇੱਕ ਨੌਜਵਾਨ ਦੀ ਮੌਤ ਹੋ ਗਈ, ਜਦੋਂ ਕਿ ਦੂਜੇ ਨੌਜਵਾਨ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਸੰਗਰੂਰ ਦੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ।

ਜਾਣਕਾਰੀ ਅਨੁਸਾਰ ਦੁੱਗਾਂ ਦੇ ਸਾਬਕਾ ਸਰਪੰਚ ਦਲਵੀਰ ਸਿੰਘ ਸਿੱਧੂ, ਨੌਜਵਾਨ ਆਗੂ ਰਾਜਵੀਰ ਸਿੰਘ ਰਾਜੂ ਅਤੇ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਮਜ਼ਬੀ ਸਿੱਖ ਭਾਈਚਾਰੇ ਦੇ 18 ਤੋਂ 20 ਸਾਲ ਦੇ ਦੋ ਨੌਜਵਾਨ ਮੱਖਣ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਦੁੱਗਾਂ ਨਸ਼ੇ ਦੀ ਵੱਧ ਡੋਜ਼ ਲੈਣ ਕਾਰਨ ਬੇਹੋਸ਼ੀ ਦੀ ਹਾਲਤ ਵਿੱਚ ਪਿੰਡ ਦੀ ਮੰਡੀ ਦੇ ਨਜ਼ਦੀਕ ਪਏ ਸਨ।

ਪਤਾ ਲੱਗਦਿਆਂ ਹੀ ਉਨ੍ਹਾਂ ਨੇ ਦੋਨੋਂ ਨੌਜਵਾਨਾਂ ਨੂੰ ਪੁਲੀਸ ਚੌਂਕੀ ਬਡਰੁੱਖਾਂ ਨੂੰ ਇਤਲਾਹ ਦੇ ਕੇ ਸਿਵਲ ਹਸਪਤਾਲ ਸੰਗਰੂਰ ਵਿਖੇ ਇਲਾਜ ਲਈ ਦਾਖ਼ਲ ਕਰਵਾਇਆ ਗਿਆ। ਉਥੇ ਮੱਖਣ ਸਿੰਘ ਦੀ ਅੱਜ ਮੌਤ ਹੋ ਗਈ ਹੈ ਜਦੋਂ ਕਿ ਅੰਮ੍ਰਿਤਪਾਲ ਸਿੰਘ ਸਿਵਲ ਹਸਪਤਾਲ ਸੰਗਰੂਰ ਵਿਖੇ ਜ਼ੇਰੇ-ਇਲਾਜ ਹੈ।

# ਸੰਪਾਦਕ ਨੂੰ ਖ਼ਤ

* *--//ਚਰਨਜੀਤ ਸਿੰਘ ਮੁਕਤਸਰ,* *ਮੋਬਾਇਲ ਨੰਬਰ 9501300716*

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

*ਪੰਜਾਬ ਸਰਕਾਰ ਦੁਆਰਾ ਆਪਣੇ ਮੁਲਾਜ਼ਮਾਂ ਨੂੰ ਅਪ੍ਰੈਲ ਮਹੀਨੇ ਦੀ ਤਨਖਾਹ ਜਾਰੀ ਨਾ ਕਰਨਾ ਸਰਕਾਰ ਦੀ ਵੱਡੀ ਨਾਕਾਮੀ ਹੈ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਦੁਆਰਾ ਜ਼ੁਬਾਨੀ ਰੋਕ ਲਗਾ ਕੇ ਤਨਖਾਹਾਂ ਰੋਕ ਦਿੱਤੀਆਂ ਗਈਆਂ ਹਨ। ਤਨਖਾਹ ਤੋਂ ਇਲਾਵਾ ਬਾਕੀ ਸਾਰੀਆਂ ਅਦਾਇਗੀਆਂ ਤੇ ਵੀ ਰੋਕ ਲਗਾਈ ਗਈ ਹੈ। ਜਿਸ ਕਰਕੇ ਮੁਲਾਜ਼ਮਾਂ ਨੂੰ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਤਨਖਾਹਾਂ ਸਮੇਂ ਸਿਰ ਨਾ ਆਉਣ ਕਰਕੇ ਮੁਲਾਜ਼ਮਾਂ ਦੀਆਂ ਕਿਸਤਾਂ ਬਾਊਂਸ ਹੋ ਜਾਂਦੀਆਂ ਹਨ, ਜਿਸ ਕਰਕੇ ਉਹਨਾਂ ਨੂੰ ਆਰਥਿਕ ਨੁਕਸਾਨ ਝੱਲਣਾ ਪੈਂਦਾ ਹੈ। ਜਿਸ ਦੀ ਜਿੰਮੇਵਾਰ ਪੰਜਾਬ ਸਰਕਾਰ ਹੈ। ਪੰਜਾਬ ਸਰਕਾਰ ਇੱਕ ਪਾਸੇ ਵੱਡੇ ਵੱਡੇ ਪੋਸਟਰਾਂ ਅਤੇ ਮਸਹੂਰੀਆਂ ਰਾਹੀਂ ਵਿਕਾਸ ਦੇ ਦਾਅਵੇ ਕਰ ਰਹੀ ਹੈ ਅਤੇ ਕਹਿ ਰਹੀ ਹੈ ਕਿ ਪੰਜਾਬ ਸਰਕਾਰ ਖਜ਼ਾਨੇ ਪੱਖੋਂ ਬਹੁਤ ਖੁਸ਼ਹਾਲ ਹੈ। ਪਰ ਸਮੇਂ ਸਿਰ ਤਨਖਾਹਾਂ ਜਾਰੀ ਨਾ ਕਰਨਾ ਸਮਝ ਤੋਂ ਬਾਹਰ ਹੈ। ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿੱਚ ਮੁਲਾਜ਼ਮਾਂ ਨੂੰ ਦੋ ਤਿੰਨ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ। ਸਰਕਾਰ ਇਸ ਸਬੰਧੀ ਕੁਝ ਸਪਸ਼ਟ ਨਿਰਦੇਸ਼ ਵੀ ਜਾਰੀ ਨਹੀਂ ਕਰਦੀ ਬਸ ਜੁਬਾਨੀ ਉਹ ਲਗਾ ਦਿੱਤੀ ਜਾਂਦੀ ਹੈ। ਕਈ ਵਾਰ ਰੋਕ ਕੁਝ ਘੰਟਿਆਂ ਲਈ ਖੋਹਲੀ ਜਾਂਦੀ ਹੈ ਅਤੇ ਫਿਰ ਰੋਕ ਲਗਾ ਦਿੱਤੀ ਜਾਂਦੀ ਹੈ। ਸਰਕਾਰ ਦੁਆਰਾ ਇਸ ਤਰ੍ਹਾਂ ਤਨਖਾਹਾਂ ਤੇ ਰੋਕ ਲਗਾਉਣਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਸਰਕਾਰ ਆਰਥਿਕ ਮੰਦਹਾਲੀ ਵੱਲ ਵੱਧ ਰਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਗਾਉ ਪ੍ਰਬੰਧ ਕਰਕੇ ਰੱਖੇ ਤੇ ਹਰ ਮਹੀਨੇ ਸਮੇਂ ਸਿਰ ਤਨਖਾਹਾਂ ਜਾਰੀ ਕਰੇ ਤਾਂ ਕਿ ਮੁਲਾਜ਼ਮਾਂ ਨੂੰ ਪਰੇਸ਼ਾਨੀ ਅਤੇ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਨਾ ਕਰਨਾ ਪਵੇ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

# ਜਾਤੀਗਤ ਜਨਗਣਨਾ ਦੇ ਭਵਿੱਖ ਮੁਖੀ,ਰਾਜਨੀਤਕ, ਸਮਾਜਿਕ ਅਤੇ ਆਰਥਿਕ ਪ੍ਰਭਾਵ

ਆਤਮਾ ਸਿੰਘ ਪਮਾਰ
ਫੋਨ-:8968056200



ਭਾਰਤ ਦੇਸ਼ ਅੰਦਰ ਹਜ਼ਾਰਾਂ ਸਾਲਾਂ ਤੋਂ ਵਰਣ ਵਿਵਸਥਾ ਬਾਕਾਇਦਾ ਰੂਪ 'ਚ ਬਾਦਸਤੂਰ ਚੱਲ ਰਹੀ ਹੈ। ਇਸੇ ਅਧਾਰ 'ਤੇ ਹੀ ਦੇਸ਼ ਦੀ ਸਮੁੱਚੀ ਅਬਾਦੀ ਨੂੰ ਚਹੁੰ ਵਰਣਾਂ 'ਚ ਵੰਡਿਆ ਗਿਆ ਹੈ। ਜਿਵੇਂ ਬ੍ਰਾਹਮਣ, ਵੈਸ਼, ਕਸ਼ੱਤਰੀ ਅਤੇ ਸ਼ੂਦਰ। ਮੰਨਿਆ ਇਹ ਵੀ ਜਾਂਦਾ ਹੈ ਕਿ ਇਹ ਵੰਡ ਉਸ ਸਮੇਂ ਪਿਤਾ ਪੁਰਖੀ ਕਿੱਤਾ ਅਧਾਰਿਤ ਹੀ ਕੀਤੀ ਗਈ ਸੀ। ਸਵਾਲ ਪੈਦਾ ਹੁੰਦਾ ਹੈ ਕਿ ਕੁਦਰਤੀ ਵਿਧੀ ਵਿਧਾਨ ਅਨੁਸਾਰ ਜਦੋਂ ਹਰ ਵਿਅਕਤੀ ਦੀ ਪੈਦਾਇਸ਼ੀ ਪ੍ਰਕਿਰਿਆ,ਦਾ ਢੰਗ ਤਰੀਕਾ ਇੱਕ ਸਮਾਨ ਹੈ ਤਾਂ ਇਸ ਵੰਡ ਦਾ ਅਧਾਰ ਅਤੇ ਪ੍ਰਸੰਗਿਕਤਾ ਕਿੰਨੀ ਕੁ ਸਾਰਥਕ ਹੈ? ਜੇਕਰ ਇਸ ਵੰਡ ਨੂੰ ਗੈਰਮਨੁੱਖੀ ਜਾਂ ਗੈਰ ਕੁਦਰਤੀ ਵੀ ਕਹਿ ਲਿਆ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਪਿਛਲੇ ਕੁੱਝ ਸਮੇਂ ਤੋਂ ਦੇਸ਼ 'ਚ ਕੰਮ ਕਰ ਰਹੇ ਪਛੜੇ ਵਰਗਾਂ ਦੇ ਸੰਗਠਨਾਂ, ਦੇਸ਼ ਦੀ ਪਾਰਲੀਮੈਂਟ 'ਚ ਮੁੱਖ ਵਿਰੋਧੀ ਧਿਰ ਕਾਂਗਰਸ ਅਤੇ ਹੋਰ ਸਰਗਰਮ ਜੱਥੇਬੰਦੀਆਂ ਵੱਲੋਂ ਜਾਤੀਗਤ ਗਣਨਾ ਦੇ ਮਸਲੇ ਨੂੰ ਪ੍ਰਮੁੱਖਤਾ ਨਾਲ ਉਭਾਰਦਿਆਂ ਕੇਂਦਰ ਦੀ ਭਾਜਪਾ ਸਰਕਾਰ ਅੱਗੇ ਜ਼ੋਰਦਾਰ ਢੰਗ ਨਾਲ ਮੰਗ ਰੱਖੀ ਗਈ ਸੀ ਕਿ ਆਗਾਮੀ ਜਨਗਣਨਾ ਸਿਰਫ਼ ਤੇ ਸਿਰਫ਼ ਜਾਤੀ ਅਧਾਰਿਤ ਹੀ ਕਰਵਾਈ ਜਾਵੇ। ਇਸ ਮੰਗ ਨੂੰ ਸਵੀਕਾਰਦਿਆਂ ਪਿਛਲੇ ਦਿਨੀਂ ਕੇਂਦਰੀ ਕੈਬਨਿਟ ਵੱਲੋਂ ਉਕਤ ਗਣਨਾ ਨੂੰ ਰਸਮੀ ਤੌਰ 'ਤੇ ਹਰੀ ਝੰਡੀ ਵੀ ਦੇ ਦਿੱਤੀ ਗਈ ਹੈ। ਹੱਥਲੇ ਲੇਖ 'ਚ ਇਸ ਗਣਨਾ ਦੇ ਦੇਸ਼ ਦੀ ਰਾਜਨੀਤਕ ਸਮਾਜਿਕ ਅਤੇ ਆਰਥਿਕ ਦਿਸ਼ਾ/ਦਸ਼ਾ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਆਪਣੀ ਤੁੱਛ ਜਿਹੀ ਬੁੱਧੀ ਅਨੁਸਾਰ ਚਰਚਾ ਕਰਨ ਦਾ ਨਿਗੂਣਾ ਜਿਹਾ ਯਤਨ ਕੀਤਾ ਜਾ ਰਿਹਾ ਹੈ। ਭਾਰਤੀ ਸੰਵਿਧਾਨ ਅਨੁਸਾਰ ਦੇਸ਼ 'ਚ ਹਰ ਦਸ ਸਾਲ ਬਾਅਦ ਜਨਗਣਨਾ ਦਾ ਪ੍ਰਾਵਧਾਨ ਕੀਤਾ ਗਿਆ ਹੈ। ਪ੍ਰੰਤੂ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਲ 2011ਤੋਂ ਬਾਅਦ ਅੱਜ ਤੱਕ ਵੀ ਇਹ ਕਾਰਜ ਸੰਭਵ ਨਹੀਂ ਹੋ ਸਕਿਆ। ਇਸ ਪਿੱਛੇ ਜ਼ਿੰਮੇਵਾਰ ਲੋਕਾਂ ਵੱਲੋਂ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਪਿਛਲੇ ਸਾਲਾਂ ਦੌਰਾਨ ਸੰਸਾਰ ਪੱਧਰ 'ਤੇ ਕੋਵਿਡ ਵਰਗੀ ਕੁਦਰਤੀ ਆਫ਼ਤ ਕਾਰਨ ਇਸ ਨੂੰ ਅਮਲ 'ਚ ਨਹੀਂ ਲਿਆਂਦਾ ਜਾ ਸਕਿਆ। ਜਿਵੇਂ ਕਿ ਉੱਪਰ ਦਰਸਾਇਆ ਗਿਆ ਹੈ ਕਿ ਲੰਘੀਆਂ ਲੋਕ ਸਭਾ ਚੋਣਾਂ ਸਮੇਂ ਪ੍ਰਚਾਰ ਦੌਰਾਨ ਕਾਂਗਰਸ ਅਤੇ ਜਨਤਕ ਜੱਥੇਬੰਦੀਆਂ ਵੱਲੋਂ ਜਾਤੀਗਤ ਗਣਨਾ ਦੀ ਮੰਗ ਨੂੰ ਖੂਬ ਪ੍ਰਚਾਰਿਆ ਗਿਆ ਅਤੇ ਕਾਂਗਰਸ ਵੱਲੋਂ ਤਾਂ ਇਸ ਨੂੰ ਆਪਣੇ ਚੋਣ ਮੈਨੀਫੈਸਟੋ ਵਿੱਚ ਦਰਜ ਕਰਕੇ ਵੀ ਜਨਤਾ ਨਾਲ ਵਾਅਦਾ ਕੀਤਾ ਗਿਆ ਸੀ ਕਿ ਸਤਾ ਪ੍ਰਾਪਤੀ ਉਪਰੰਤ ਇਸ ਨੂੰ ਬਾਕਾਇਦਾ ਰੂਪ 'ਚ ਲਾਗੂ ਕਰਕੇ ਦੇਸ਼ ਦੀਆਂ ਸਮੁੱਚੀਆਂ ਜਾਤਾਂ ਦੀ ਵਿਸਥਾਰਿਤ ਜਾਣਕਾਰੀ ਇਕੱਤਰ ਕੀਤੀ ਜਾਵੇਗੀ। ਕਾਂਗਰਸ ਦੀ ਸਰਕਾਰ ਨਾ ਬਣਨ ਕਾਰਨ ਇਸ ਨੂੰ ਵਿਰੋਧੀ ਧਿਰ 'ਚ ਬੈਠਣ ਨਾਲ ਹੀ ਸਬਰ ਕਰਨਾ ਪਿਆ। ਵਿਰੋਧੀ ਧਿਰ ਦੇ ਆਗੂ ਵਜੋਂ ਪਾਰਲੀਮੈਂਟ ਸੈਸ਼ਨ ਦੌਰਾਨ ਵੀ ਸ੍ਰੀ ਰਾਹੁਲ ਗਾਂਧੀ ਵੱਲੋਂ ਬਾਕੀ ਮੁੱਦਿਆਂ ਦੇ ਨਾਲ ਨਾਲ ਇਸ ਮੁੱਦੇ ਨੂੰ ਵੀ ਜ਼ੋਰਦਾਰ ਤਰੀਕੇ ਨਾਲ ਉਭਾਰਿਆ ਜਾਂਦਾ ਰਿਹਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਅੰਗਰੇਜ਼ ਹਕੂਮਤ ਸਮੇਂ ਸਿਰਫ਼ ਸਾਲ 1931'ਚ ਹੀ ਜਾਤੀਗਤ ਗਣਨਾ ਹੋਈ ਸੀ। ਉਸ ਤੋਂ ਬਾਅਦ ਅਜ਼ਾਦ ਭਾਰਤ 'ਚ ਕਦੇ ਵੀ ਅਜਿਹਾ ਕੁੱਝ ਸੰਭਵ ਨਹੀਂ ਹੋ ਸਕਿਆ। ਇੱਥੇ ਇੱਕ ਗੱਲ ਸਪੱਸ਼ਟ ਹੈ ਅਤੇ ਆਮ ਲੋਕਾਂ 'ਚ ਚਰਚਾ ਵੀ ਹੈ ਕਿ ਕਿ ਦੇਸ਼ ਦੀ ਸਤਾ 'ਤੇ ਕਾਂਗਰਸ ਲੰਬਾ ਸਮਾਂ ਕਾਬਜ਼ ਰਹੀ ਹੈ, ਇਸ ਨੇ ਆਪਣੇ ਕਾਰਜ਼ਕਾਲ ਦੌਰਾਨ ਅਜਿਹਾ ਜੋਖ਼ਮ ਲੈਣਾ ਮੁਨਾਸਿਬ ਕਿਉਂ ਨਹੀਂ ਸਮਝਿਆ?ਇਹ ਵੀ ਇੱਕ ਕੌੜਾ ਸੱਚ ਹੈ ਕਿ ਧੁਰ ਅੰਦਰੋਂ ਇੱਕ ਵੀ ਅਜਿਹਾ ਰਾਜਨੀਤਿਕ ਦਲ ਨਹੀਂ ਜੋ ਇਸ ਤਰ੍ਹਾਂ ਦੀ ਗਣਨਾ ਕਰਵਾਉਣ ਲਈ ਸਿਧਾਂਤਕ ਤੌਰ 'ਤੇ ਤਿਆਰ ਹੋਵੇ । ਸਿਆਸੀ ਮਜਬੂਰੀ ਵੱਸ ਹਿੱਕ 'ਤੇ 'ਪੱਥਰ ਰੱਖ ਕੇ ਜਾਂ ਕੌੜਾ ਘੁੱਟ ਭਰਨ ਵਰਗਾ ਫੈਸਲਾ ਲੈਣਾ ਪੈ ਜਾਵੇ ਤਾਂ ਇਹ ਫਸ ਗਈ ਤਾਂ ਫਟਕਣ ਵਾਲੀ ਗੱਲ ਭਾਵੇਂ ਹੋ ਜਾਵੇ। ਦੇਸ਼ ਵਿਚਲੀਆਂ ਅਨੁਸੂਚਿਤ ਅਤੇ ਅਨੁਸੂਚਿਤ ਜਨ ਜਾਤੀਆਂ ਦੀ ਮਰਦਮਸ਼ਮਾਰੀ ਹੁੰਦੀ ਤਾਂ ਹੈ ਪ੍ਰੰਤੂ ਇਸ ਵਿੱਚ ਹਰ ਜਾਤੀ ਦਾ ਵੇਰਵਾ ਵੱਖਰੇ ਵੱਖਰੇ ਰੂਪ 'ਚ ਅੰਕਿਤ ਨਹੀਂ ਹੁੰਦਾ।,ਇਸ ਮੰਗ ਦੇ ਜ਼ੋਰ ਪਕੜਨ ਦਾ ਵੱਡਾ ਅਤੇ ਅਹਿਮ ਕਾਰਨ ਇਹ ਹੈ ਕਿ ਦੇਸ਼ ਦੇ ਪਛੜੇ ਵਰਗਾਂ ਦੀ ਮਰਦਮਸ਼ੁਮਾਰੀ ਦੌਰਾਨ ਕਦੇ ਗਿਣਤੀ ਹੋਈ ਹੀ ਨਹੀਂ। ਜਾਪਦਾ ਹੈ ਜਿਵੇਂ ਕਿਸੇ ਵਿਸ਼ੇਸ਼ ਯੋਜਨਾ ਤਹਿਤ ਹੀ ਇਸ ਵਰਗ ਨੂੰ ਗਿਣਤੀ ਤੋਂ ਬਾਹਰ ਰੱਖਿਆ ਗਿਆ ਹੋਵੇ। ਆਮ ਧਾਰਨਾ ਹੈ ਕਿ ਰਾਜਨੀਤਕ ਦਲ ਤਾਂ ਆਪਣੇ ਸਿਆਸੀ ਮੁਫਾਦਾਂ ਲਈ ਅਜਿਹੀ ਮੰਗ ਕਰ ਸਕਦੇ ਹਨ ਅਤੇ ਭਵਿੱਖ 'ਚ ਵੀ ਸਤਾ ਪ੍ਰਾਪਤੀ ਲਈ ਅਜਿਹਾ ਵਰਤਾਰਾ ਜਾਰੀ ਰਹੇਗਾ। ਪ੍ਰੰਤੂ ਅੱਜ ਕੱਲ੍ਹ ਦੇਸ਼ ਦੇ ਪਛੜੇ ਵਰਗ ਵੀ ਸੋਸ਼ਲ, ਇਲੈਕਟ੍ਰੋਨਿਕ ਅਤੇ ਪ੍ਰਿੰਟ ਮੀਡੀਏ ਦੀ ਆਮਦ ਕਾਰਨ ਆਪਣੇ ਸਮਾਜਿਕ, ਆਰਥਿਕ ,ਰਾਜਨੀਤਕ , ਧਾਰਮਿਕ ਅਤੇ ਸੰਵਿਧਾਨਕ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਰਹੇ ਹਨ ਅਤੇ ਉਨ੍ਹਾਂ ਨੇ ਵੀ ਸਰਕਾਰਾਂ ਤੱਕ ਆਪਣੀ ਅਵਾਜ਼ ਪਹੁੰਚਾਉਣੀ ਸ਼ੁਰੂ ਕਰ ਦਿੱਤੀ ਹੈ। ਇਹਨਾਂ ਲੋਕਾਂ ਦਾ ਮੰਨਣਾ ਹੈ ਕਿ ਜਦੋਂ ਸਰਕਾਰ ਦੇ ਰਿਕਾਰਡ 'ਚ ਸਾਡੇ ਅੰਕੜੇ ਅੰਕਿਤ ਹੀ ਨਹੀਂ ਤਾਂ ਜਨਤਕ ਭਲਾਈ ਦੀਆਂ ਸਕੀਮਾਂ ਦਾ ਲਾਭ, ਰਾਜਨੀਤਕ ਅਤੇ ਆਰਥਿਕ ਖੇਤਰ 'ਚ ਬਣਦੀ ਹਿੱਸੇਦਾਰੀ ਅਸੀਂ ਕਿਵੇਂ ਅਤੇ ਕਿਸ ਅਧਾਰ 'ਤੇ ਪ੍ਰਾਪਤ ਕਰ ਸਕਾਂਗੇ। ਕੇਂਦਰੀ ਕੈਬਨਿਟ ਅਤੇ ਸਰਕਾਰ ਦਾ ਸਾਰਾ ਧਿਆਨ ਸਿਰਫ ਪਛੜੀਆਂ ਸ਼੍ਰੇਣੀਆਂ ਦੀ ਗਣਨਾ 'ਤੇ ਹੀ ਜ਼ਿਆਦਾ ਕੇਂਦਰਤ ਮੰਨਿਆ ਜਾਂਦਾ ਹੈ,ਕਿਉਂਕਿ ਸਰਕਾਰ ਦਾ ਮੰਨਣਾ ਹੈ ਕਿ ਜਨਰਲ ਵਰਗ ਦੀ ਮਰਦਮਸ਼ੁਮਾਰੀ ਤਾਂ ਪਹਿਲਾਂ ਵੀ ਹੁੰਦੀ ਹੀ ਹੈ। ਪ੍ਰੰਤੂ ਜ਼ਮੀਨੀ ਪੱਧਰ 'ਤੇ ਇਹ ਚਰਚਾ ਜ਼ੋਰ ਸ਼ੋਰ ਨਾਲ ਚੱਲ ਰਹੀ ਹੈ ਕਿ ਗਿਣਤੀ ਦੇਸ਼ 'ਚ ਵਸਦੇ ਸਮੁੱਚੇ ਜਨਰਲ ਵਰਗ ਦੀ ਵੀ ਜਾਤਾਂ ਅਤੇ ਕਬੀਲਿਆਂ ਅਨੁਸਾਰ ਵੱਖਰੇ ਵੱਖਰੇ ਤੌਰ 'ਤੇ ਹੀ ਕਰਵਾਈ ਜਾਵੇ,ਤਾਂ ਕਿ ਸਰਕਾਰੀ ਨੌਕਰੀਆਂ, ਪ੍ਰਾਪਰਟੀ, ਵੱਡੇ ਉਦਯੋਗਾਂ, ਨਿਆਂਪਾਲਿਕਾ ਤੋਂ ਇਲਾਵਾ ਕਾਰਜਪਾਲਿਕਾ ਅਤੇ ਰਾਜਨੀਤਕ ਉੱਚ ਅਹੁਦਿਆਂ ਆਦਿ ਦੀ ਕਾਣੀ ਵੰਡ ਬਾਰੇ ਵੀ ਉਨ੍ਹਾਂ ਦੀ ਗਿਣਤੀ ਅਨੁਸਾਰ ਸਹੀ ਅਤੇ ਤੱਥਾਂ ਸਹਿਤ ਅੰਕੜੇ ਜਨਤਕ ਤੌਰ 'ਤੇ ਸਾਹਮਣੇ ਆ ਸਕਣ। ਆਮ ਲੋਕ ਅਤੇ ਰਾਜਨੀਤੀ ਦੇ ਜਾਣੂ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਜਿਹੜੀ ਸਰਕਾਰ ਇਸ ਗਣਨਾ ਨੂੰ ਇਹ ਕਹਿੰਦਿਆਂ ਪਾਣੀ ਪੀ ਪੀ ਕੋਸਦੀ ਰਹੀ ਹੈ ਕਿ ਇਸ ਨਾਲ ਦੇਸ਼ 'ਚ ਅਫ਼ਰਾ ਤਫ਼ਰੀ ਅਤੇ ਅਰਾਜਕਤਾ ਦਾ ਮਾਹੌਲ ਬਣਨ ਤੋਂ ਇਲਾਵਾ ਦੇਸ਼ 'ਚ ਵੰਡੀਆਂ ਪੈ ਜਾਣਗੀਆਂ ਅਤੇ ਇਹ ਭਾਈਚਾਰਕ ਸਾਂਝ ਲਈ ਖ਼ਤਰਾ ਹੈ ਅਤੇ ਇਸ ਮੰਗ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਹੀ ਕਰ ਦਿੱਤਾ ਸੀ ਹੁਣ ਅਜਿਹਾ ਕੀ ਭਾਣਾ ਵਰਤ ਗਿਆ ਕਿ ਸਰਕਾਰ ਨੂੰ ਇਸ ਦਾ ਬਾਕਾਇਦਾ ਰੂਪ 'ਚ ਐਲਾਨ ਵੀ ਕਰਨਾ ਪੈ ਗਿਆ। ਮੀਡੀਆ ਰਿਪੋਰਟਾਂ ਅਨੁਸਾਰ ਲੋਕ ਸਵਾਲ ਖੜ੍ਹੇ ਕਰ ਰਹੇ ਹਨ ਕਿ,ਕੀ ਸਰਕਾਰ ਵਿਰੋਧੀ ਧਿਰ ਦੇ ਦਬਾਅ 'ਚ ਆ ਗਈ ਹੈ ਜਾਂ ਫਿਰ ਜਨਤਕ ਜੱਥੇਬੰਦੀਆਂ ਦੇ ਕਿਸੇ ਵੱਡੇ ਰੋਹ ਦਾ ਖਦਸ਼ਾ ਦਰਪੇਸ਼ ਹੈ? ਰਾਜਸੀ ਪੰਡਿਤਾਂ ਦਾ ਮੰਨਣਾ ਹੈ ਕਿ ਅਜਿਹਾ ਕੁੱਝ ਵੀ ਨਹੀਂ ਸਗੋਂ ਇਸ ਨੂੰ ਤਾਂ ਇੱਕ ਰਾਜਨੀਤਕ ਪੈਂਤੜੇ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ। ਇਸ ਦੇ ਕੁੱਝ ਕਾਰਨਾਂ ਦੀ ਉਨ੍ਹਾਂ ਵੱਲੋਂ ਨਿਸ਼ਾਨਦੇਹੀ ਵੀ ਕੀਤੀ ਗਈ ਹੈ। ਜਿੰਨ੍ਹਾਂ ਚੋਂ ਸਭ ਤੋਂ ਪਹਿਲਾ ਅਤੇ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਸਮੇਂ ਸਰਕਾਰ ਜਿੰਨਾਂ ਵਿਸਾਖੀਆਂ ਸਹਾਰੇ ਚੱਲ ਰਹੀ ਹੈ, ਜਾਤੀ ਗਣਨਾ ਕਰਵਾਉਣ ਦੇ ਅਸਲ ਸੂਤਰਧਾਰ ਹੀ ਉਹ ਲੋਕ ਹਨ। ਇਹ ਨੰਗਾ ਚਿੱਟਾ ਸਿਧਾਂਤ ਹੈ ਕਿ ਰਾਜਨੀਤੀ ਬੇਵਿਸ਼ਵਾਸੀ ਅਤੇ ਤਿਲਕਣ ਬਾਜ਼ੀ ਦੀ ਖੇਡ ਹੈ। ਕਦੋਂ ਕੋਈ ਖਿਡਾਰੀ ਦਾਅ ਪੇਚ ਲਗਾ ਜਾਵੇ ,ਇਸ ਨੂੰ ਸਮਝਣਾ ਕਠਿਨ ਹੀ ਨਹੀਂ ਅਸੰਭਵ ਵੀ ਹੈ। ਦੂਸਰਾ ਬਿਹਾਰ ਸਮੇਤ ਹੋਰ ਸੂਬਿਆਂ ਦੀਆਂ ਚੋਣਾਂ ਵੀ ਸਿਰ 'ਤੇ ਹਨ, ਬੀ ਜੇ ਪੀ ਇਸ ਤਰ੍ਹਾਂ ਦਾ ਸੰਵੇਦਨਸ਼ੀਲ ਮੁੱਦਾ ਤਾਂ ਕੀ ਸਾਧਾਰਨ ਮੁੱਦਾ ਵੀ ਵਿਰੋਧੀਆਂ ਦੇ ਪੱਲੇ ਛੱਡਣ ਦਾ ਜੋਖ਼ਮ ਨਹੀਂ ਲੈ ਸਕਦੀ। ਤੀਸਰਾ ਅਖ਼ਬਾਰੀ ਸੁਰਖੀਆਂ ਦੱਸਦੀਆਂ ਹਨ ਕਿ ਸੰਘ ਨਾ ਚਾਹੁੰਦਿਆਂ ਵੀ ਇਹਨਾਂ ਵਰਗਾਂ ਦੇ ਵੱਡੇ ਵੋਟ ਬੈਂਕ ਨੂੰ ਖਿਸਕਣ ਨਹੀਂ ਦੇਣਾ ਚਾਹੁੰਦਾ। ਜਾਣਕਾਰੀ ਅਨੁਸਾਰ ਇਹੀ ਕਾਰਨ ਸੀ ਕਿ ਪਿਛਲੇ ਸਮੇਂ ਦੌਰਾਨ ਸੰਘ ਦੇ ਹੈਡਕੁਆਰਟਰ ਨਾਗਪੁਰ ਵਿਖੇ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਪਛੜਿਆਂ ਅਤੇ ਦਲਿਤ ਵਰਗ ਨੂੰ ਅਣਗੌਲਿਆਂ ਨਾ ਕਰਨ ਬਾਰੇ ਵੀ ਸੁਹਿਰਦਤਾ ਅਤੇ ਗੰਭੀਰਤਾ ਨਾਲ ਇਸ ਮੁੱਦੇ ਨੂੰ ਵਿਸ਼ੇਸ਼ ਤੌਰ 'ਤੇ ਵਿਚਾਰਿਆ ਗਿਆ। ਉਕਤ ਵਿਚਾਰ ਚਰਚਾ ਤੋਂ ਇੱਕ ਗੱਲ ਸਪੱਸ਼ਟ ਹੈ ਕਿ ਜੇਕਰ ਅਮਲੀ ਰੂਪ 'ਚ ਦੇਸ਼ ਦੇ ਕੁੱਲ ਬਸ਼ਿੰਦਿਆਂ ਦੀ ਗਿਣਤੀ ਪੂਰੇ ਵੇਰਵਿਆਂ ਸਹਿਤ ਅਤੇ ਇਕੱਲੀ ਇਕੱਲੀ ਜਾਤੀ ਅਨੁਸਾਰ ਹੋ ਜਾਵੇ, ਜਿਸ ਦੀ ਸੰਭਾਵਨਾ ਵੀ ਹਾਲੇ ਸ਼ੰਕਾਵਾਂ ਦੇ ਘੇਰੇ 'ਚ ਹੀ ਹੈ, ਕਿਉਂਕਿ ਅਜੇ ਤੱਕ ਸਰਕਾਰ ਵੱਲੋਂ ਇਸ ਦੀ ਕੋਈ ਸਮਾਂ ਸੀਮਾ ਨਿਰਧਾਰਿਤ ਹੀ ਨਹੀਂ ਕੀਤੀ ਗਈ,ਤਾਂ ਭਾਰਤ ਦੇ ਲੋਕਾਂ ਦੀ ਸਮਾਜਿਕ, ਰਾਜਨੀਤਕ ਅਤੇ ਆਰਥਿਕ ਦਿਸ਼ਾ ਅਤੇ ਦਸ਼ਾ 'ਚ ਵੱਡੀਆਂ ਤਬਦੀਲੀਆਂ ਦੀ ਸੰਭਾਵਨਾ ਬਣ ਸਕਦੀ ਹੈ । ਇਸ ਤਰ੍ਹਾਂ ਹੋਣ ਨਾਲ ਸਥਾਨਕ ਪੱਧਰ ਤੋਂ ਲੈ ਕੇ ਰਾਜਨੀਤਕ ਖੇਤਰ ਵਿਚਲੇ ਉੱਚ ਪੱਧਰੀ ਅਹੁਦਿਆਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀਆਂ ਰਾਖਵੀਆਂ ਸੀਟਾਂ ਨੂੰ ਮੁੜ ਤੋਂ ਨਿਰਧਾਰਿਤ ਕਰਨਾ ਹੋਵੇਗਾ। ਜਿਸ ਨਾਲ ਸਤਾ ਦੀ ਚਾਬੀ ਅਤੇ ਕਬਜੇ 'ਚ ਕੋਈ ਮਿਸਾਲੀ ਮੋੜ ਆਉਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਸ ਤਰ੍ਹਾਂ ਦੀ ਸਥਿਤੀ 'ਚ ਹਰ ਵਰਗ ਆਪਣੇ ਆਪਣੇ ਸੰਵਿਧਾਨਕ ਅਧਿਕਾਰਾਂ ਦੀ ਦਾਅਵੇਦਾਰੀ ਪੇਸ਼ ਕਰਦਾ ਨਜ਼ਰ ਆਵੇਗਾ। ਸਰਕਾਰ ਦੀਆਂ ਪੰਜ ਸਾਲਾ ਯੋਜਨਾਵਾਂ ਦਾ ਰੰਗ ਰੂਪ ਅਤੇ ਬਜ਼ਟ ਵੀ ਆਮ ਨਾਲੋਂ ਹਟ ਕੇ ਹੀ ਹੋਵੇਗਾ। ਅਜਿਹਾ ਹੋਣ ਨਾਲ ਜਦੋਂ ਸਭ ਵਰਗਾਂ ਦੀ ਸਥਿਤੀ ਚਿੱਟੇ ਦਿਨ ਵਾਂਗ ਸਾਫ ਹੋ ਗਈ ਤਾਂ ਜਿੱਥੇ ਹਰ ਕਿਸੇ ਨੂੰ ਹਰੇਕ ਪੱਖੋਂ ਸਮਾਨਤਾ ਦਾ ਅਹਿਸਾਸ ਹੋਵੇਗਾ ਉੱਥੇ ਸਮਾਜਿਕ ਅਤੇ ਆਰਥਿਕ ਬਰਾਬਰੀ ਅਤੇ ਸੰਵਿਧਾਨ ਅਨੁਸਾਰ ਕਾਨੂੰਨੀ ਮਾਨਤਾ ਤੋਂ ਇਲਾਵਾ ਕੁਦਰਤੀ ਨਿਆਂ ਦਾ ਝਲਕਾਰਾ ਪੈਣ ਦੀਆਂ ਸੰਭਾਵਨਾਵਾਂ ਬਣਦੀਆਂ ਵੀ ਨਜ਼ਰੀ ਪੈ ਸਕਦੀਆਂ ਹਨ। ਜਿਸ ਨਾਲ ਸਮਾਜਿਕ, ਰਾਜਨੀਤਕ ਅਤੇ ਆਰਥਿਕ ਖੇਤਰ 'ਚ ਵੀ ਜ਼ਿਕਰਯੋਗ ਬਦਲਾਅ ਸੰਭਵ ਹੋ ਸਕਦੇ ਹਨ।ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਹਰ ਤਰ੍ਹਾਂ ਦਾ ਪਾੜਾ ਵੀ ਕੁੱਝ ਹੱਦ ਤੱਕ ਮਿਟਣ ਦੇ ਨਾਲ ਨਾਲ ਕੁਦਰਤੀ ਨਿਆਂ ਦਾ ਝਲਕਾਰਾ ਵੀ ਪੈਦਦਿਖਾਈ ਦੇਵੇਗਾ। ਇਸ ਦ ਸਭ ਕੁੱਝ ਦੇ ਬਾਵਜੂਦ ਵੀ ਇੱਕ ਗੱਲ ਵਿਚਾਰਨਯੋਗ ਹੈ ਕਿ ਸਦੀਆਂ ਤੋਂ ਚੱਲ ਰਹੀ ਕਿਸੇ ਵਿਸ਼ੇਸ਼ ਵਰਗ ਦੀ ਅਜਾਰੇਦਾਰੀ ਅਤੇ ਗ਼ਲਬਾ ਕੀ ਇੰਨ੍ਹਾਂ ਜਲਦੀ ਅਤੇ ਸੌਖਿਆਂ ਹੀ ਖਤਮ ਹੋ ਸਕਦਾ ਹੈ?ਇਸ ਬਾਰੇ ਹਾਲ ਦੀ ਘੜੀ ਕੁੱਝ ਵੀ ਕਹਿਣਾ ਸਮੇਂ ਤੋਂ ਪਹਿਲਾਂ ਵਾਲੀ ਗੱਲ ਤਾਂ ਹੋਵੇਗੀ ਹੀ ਅਤੇ ਨਾਲ ਹੀ ਗੈਰ ਪ੍ਰਸੰਗਕ ਵੀ,ਕਿਉਂਕਿ ਇਸ ਦਾ ਸਹੀ ਅਤੇ ਢੁਕਵਾਂ ਉੱਤਰ ਭਵਿੱਖ ਦੇ ਗਰਭ 'ਚ ਹੀ ਦੇਖਿਆ ਜਾ ਸਕਦਾ ਹੈ। ਫਿਰ ਵੀ ਇਹ ਹਾਂ ਪੱਖੀ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਸਦੀਆਂ ਤੋਂ ਹਾਸ਼ੀਏ 'ਤੇ ਧੱਕੇ ਹੋਏ ਇਹਨਾਂ ਵਰਗਾਂ ਦੇ ਮਾਣ ਸਨਮਾਨ ਅਤੇ ਇਹਨਾਂ ਦੀਆਂ ਭਵਿੱਖੀ ਨਸਲਾਂ ਦੀ ਬਿਹਤਰੀ ਲਈ ਦੇਰ ਨਾਲ ਲਏ ਗਏ ਇਸ ਦਰੁੱਸਤ ਫੈਸਲੇ ਨੂੰ ਚਾਨਣ ਦੀ ਇੱਕ ਨਵੀਂ ਅਤੇ ਸੁਨਹਿਰੀ ਕਿਰਨ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ।

ਆਤਮਾ ਸਿੰਘ ਪਮਾਰ
ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਲਿੰਕ ਰੋਡ ਪ੍ਰੀਤ ਨਗਰ ,ਵਾਰਡ ਨੰ. 02 ਮਾਨਸਾ 151505
ਫੋਨ -:8968056200
mail - atmapamarbsp@gmail.com

# ਵੱਖ-ਵੱਖ ਸਿਹਤ ਤੇ ਤੰਦਰਸੁਤੀ ਕੇਂਦਰਾਂ ਅਧੀਨ ਮਮਤਾ ਦਿਵਸ ਮਨਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com



ਮੋਰਿੰਡਾ 7 ਮਈ ( ਪਤਰ ਪ੍ਰੇਰਕ) ਡਾ.ਸਵਪਨਜੀਤ ਕੌਰ ਕਾਰਜਕਾਰੀ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੈਕਟਰ ਕਾਈਨੌਰ ਅਧੀਨ ਵੱਖ-ਵੱਖ ਸਿਹਤ ਤੇ ਤੰਦਰੁਸਤੀ ਕੇਂਦਰਾਂ ਅਧੀਨ ਮਮਤਾ ਦਿਵਸ ਮਨਾਇਆ ਗਿਆ।ਇਸ ਸਬੰਧੀ ਲਖਮਿੰਦਰ ਸਿੰਘ ਨੇ ਕਿਹਾ ਕਿ ਮਮਤਾ ਦਿਵਸ ਦਾ ਮੁੱਖ ਟੀਚਾ ਬੱਚਿਆਂ ਨੂੰ ਮਾਰੂ ਰੋਗਾਂ ਪੋਲੀਓ ,ਕਾਲੀ ਖਾਂਸੀ, ਟੀ.ਬੀ, ਨਮੂਨੀਆ, ਖਸਰਾ, ਰੁਬੇਲਾ, ਅੰਧਰਾਤਾ, ਹੈਪੇਟਾਈਟਸ ਬੀ, ਦਿਮਾਗੀ ਬੁਖਾਰ, ਗਲਘੋਟੂ ਅਤੇ ਟੈਟਨਸ ਤੋਂ ਬਚਾਅ ਦੇ ਟੀਕੇ ਲਗਾਉਣਾ ਹੈ ਅਤੇ ਗਰਭਵਤੀ ਮਹਿਲਾਂਵਾ ਨੂੰ ਸੰਤੁਲਿਤ ਖੁਰਾਕ ਸਬੰਧੀ ਜਾਗਰੂਕ ਕਰਨਾ ਹੈ।ਇਸ ਮੌਕੇ ਤੇ ਬੇਅੰਤ ਸਿੰਘ ਨੇ ਕਿਹਾ ਕਿ ਕੌਮੀ ਟੀਕਾਕਰਨ ਪ੍ਰੋਗਰਾਮ ਅਧੀਨ 0 ਤੋਂ 5 ਸਾਲ ਤੱਕ ਦੇ ਬੱਚਿਆਂ ਅਤੇ ਗਰਭਵਤੀ ਮਹਿਲਾਂਵਾਂ ਦਾ ਟੀਕਾਕਰਨ 100% ਕਰਨਾ ਜ਼ਰੂਰੀ ਹੈ ਤਾਂ ਜੋ ਬੱਚਿਆਂ ਨੂੰ ਮਾਰੂ ਰੋਗਾਂ ਅਤੇ ਗਰਭਵਤੀ ਮਹਿਲਾਂਵਾਂ ਨੂੰ ਟੈਟਨਸ ਤੋਂ ਬਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਬੱਚੇ ਨੂੰ ਪਹਿਲੇ 6 ਮਹੀਨੇ ਕੇਵਲ ਮਾਂ ਦਾ ਦੁੱਧ ਹੀ ਪਿਲਾਇਆ ਜਾਵੇ ਅਤੇ ਬੋਤਲ ਰਾਂਹੀ ਦੁੱਧ ਨਾ ਪਿਲਾਇਆ ਜਾਵੇ।ਮਾਂ ਦਾ ਦੁੱਧ ਬੱਚਿਆਂ ਦੇ ਸਰੀਰਿਕ ਵਿਕਾਸ,ਮਾਨਸਿਕ ਵਿਕਾਸ ਅਤੇ ਰੋਗਾਂ ਨਾਲ ਲੜਨ ਦੀ ਸ਼ਕਤੀ ਵਿੱਚ ਸਹਾਈ ਹੁੰਦਾਂ ਹੈ।ਬੱਚਿਆਂ ਨੂੰ ਉਪਰਾ ਦੁੱਧ ਪਿਲਾਉਣ ਨਾਲ ਡਾਇਰੀਆ ਵਰਗੀਆਂ ਬਿਮਾਰੀਆਂ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।ਬੱਚੇ ਨੂੰ ਇੰਨਫੈਕਸ਼ਨ ਤੋਂ ਦੂਰ ਰੱਖਣ ਲਈ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋ ਕੇ ਸਾਫ ਕਰਿਆ ਜਾਵੇ ਫਿਰ ਬੱਚੇ ਨੂੰ ਚੁੱਕਿਆ ਜਾਵੇ।ਇਸ ਮੌਕੇ ਤੇ ਸਮੂਹ ਸੀ.ਐਚ. ਓਜ਼,ਸਮੂਹ ਏ.ਐਨ. ਐਮਜ਼,ਸਮੂਹ ਹੈਲਥ ਵਰਕਰਜ਼ ਅਤੇ ਸਮੂਹ ਆਸ਼ਾ ਵਰਕਰਜ਼ ਹਾਜਰ ਸਨ।

# ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿਮ 'ਚ ਪੁਲਿਸ ਦਾ ਸਹਿਯੋਗ ਕਰਨ ਆਮ ਲੋਕ - ਬੇਦੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com



ਫਗਵਾੜਾ 7 ਮਈ (ਸ਼ਿਵ ਕੌੜਾ) ਪੁਲਿਸ ਪੈਨਸ਼ਨਰਜ ਐਸੋਸ਼ੀਏਸ਼ਨ ਫਗਵਾੜਾ ਦੀ ਇਕ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਰਿਟਾਇਰਡ ਇੰਸਪੈਕਟਰ ਹਰਦੀਪ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ 'ਯੁੱਧ ਨਸ਼ੇ ਵਿਰੁੱਧ' ਮੁਹਿਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਡੀ.ਜੀ. ਪੀ. ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਅਤੇ ਐਸ.ਐਸ. ਪੀ. ਕਪੂਰਥਲਾ ਦੀ ਨਿਗਰਾਨੀ ਹੇਠ ਜਿਲ੍ਹਾ ਕਪੂਰਥਲਾ ਵਿਚ ਪੁਲਿਸ ਵਲੋਂ ਇਸ ਮੁਹਿਮ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾ ਰਿਹਾ ਹੈ, ਜੋ ਕਿ ਸ਼ਲਾਘਾਯੋਗ ਹੈ। ਉਹਨਾਂ ਸਮੂਹ ਪੰਚਾਇਤਾਂ ਨੂੰ ਖਾਸ ਤੌਰ ਅਪੀਲ ਕੀਤੀ ਕਿ ਇਸ ਮੁਹਿਮ ਨੂੰ ਸਫਲ ਬਨਾਉਣ ਵਿਚ ਪੁਲਿਸ ਦਾ ਪੂਰਾ ਸਹਿਯੋਗ ਕਰਨ। ਕਿਉਂਕਿ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਆਮ ਲੋਕਾਂ ਦੇ ਸਹਿਯੋਗ ਦੀ ਅਹਿਮ ਭੂਮਿਕਾ ਹੁੰਦੀ ਹੈ। ਮੀਟਿੰਗ ਦੌਰਾਨ ਰਿਟਾਇਰਡ ਪੁਲਿਸ ਮੁਲਾਜਮਾ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਪ੍ਰਧਾਨ ਹਰਦੀਪ ਸਿੰਘ ਬੇਦੀ ਨੇ ਹਾਜਰੀਨ ਨੂੰ ਦੱਸਿਆ ਕਿ ਜਨਵਰੀ 2016 ਤੋਂ 30 ਜੂਨ 2021 ਤੱਕ ਜੋ ਕਰਮਚਾਰੀ ਸੇਵਾ ਮੁਕਤ ਹੋਏ ਹਨ, ਉਹਨਾਂ ਦੀ ਕੈਸ਼ ਕ੍ਰੈਡਿਟ ਲੀਵ ਦੇ ਪੈਸਿਆਂ ਦਾ ਬਕਾਇਆ ਐਸ.ਐਸ.ਪੀ. ਦਫਤਰ ਕਪੂਰਥਲਾ ਵਲੋਂ ਜਲਦੀ ਹੀ ਕਿਸ਼ਤਾਂ ਵਿਚ ਰਿਲੀਜ਼ ਕਰ ਦਿੱਤਾ ਜਾਵੇਗਾ। ਉਹਨਾਂ ਭਰੋਸਾ ਦਿੱਤਾ ਕਿ ਰਿਟਾਇਰਡ ਪੁਲਿਸ ਮੁਲਾਜਮਾ ਦੀਆਂ ਸਾਰੀਆਂ ਮੁਸ਼ਕਲਾਂ ਦਾ ਹਲ ਕਰਵਾਇਆ ਜਾਵੇਗਾ। ਇਸ ਮੌਕੇ ਇੰਸਪੈਕਟਰ ਸੁਮਿੰਦਰ ਸਿੰਘ ਭੱਟੀ, ਇੰਸਪੈਕਟਰ ਨਰਿੰਦਰ ਸਿੰਘ, ਐਸ.ਆਈ. ਉਂਕਾਰ ਸਿੰਘ, ਐਸ.ਆਈ. ਜਗਦੀਸ਼ ਲਾਲ, ਐਸ.ਆਈ. ਨਾਰਾਇਣ ਦਾਸ, ਏ.ਐਸ. ਆਈ. ਮਨਜੀਤ ਸਿੰਘ, ਏ.ਐਸ.ਆਈ. ਮੋਹਨ ਲਾਲ, ਏ.ਐਸ.ਆਈ. ਸਤਨਾਮ ਸਿੰਘ, ਏ.ਐਸ.ਆਈ. ਜਸਵਿੰਦਰ ਸਿੰਘ, ਐਚ.ਸੀ. ਬਲਜਿੰਦਰ ਸਿੰਘ, ਐਚ.ਸੀ. ਜਸਵਿੰਦਰ ਸਿੰਘ ਆਦਿ ਹਾਜਰ ਸਨ।

# ਭਾਰਤ ਨੇ ਪਾਕਿਸਤਾਨ ਅਤੇ ਪਾਕਿਸਤਾਨ ਸ਼ਾਸਿਤ ਕਸ਼ਮੀਰ ’ਤੇ ਕੀਤਾ ਹਮਲਾ, ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ ਤੇ ਫਾਜ਼ਿਲਕਾ ’ਚ ਸਕੂਲ ਬੰਦ, ਕਈ ਉਡਾਣਾਂ ਰੱਦ

**ਭਾਰਤ ਸਰਕਾਰ ਨੇ ਪਾਕਿਸਤਾਨ ਅਤੇ ਪਾਕਿਸਤਾਨ ਸ਼ਾਸਿਤ ਕਸ਼ਮੀਰ ਵਿੱਚ ‘ਆਪ੍ਰੇਸ਼ਨ ਸਿੰਦੂਰ’ ਕੀਤਾ ਹੈ। ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਕਿਹਾ ਹੈ ਕਿ ਪਾਕਿਸਤਾਨ ਨੂੰ ਜਵਾਬੀ ਕਾਰਵਾਈ ਦਾ ਪੂਰਾ ਹੱਕ ਹੈ- BBC**

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

### ਜੰਮੂ-ਕਸ਼ਮੀਰ ਦੇ ਸਰਹੱਦੀ ਇਲਾਕਿਆਂ ਵਿੱਚ ਗੋਲੀਬਾਰੀ, ਮਾਹੌਲ ਤਣਾਅਪੂਰਨ

ਬੀਬੀਸੀ ਪੱਤਰਕਾਰ ਮਾਜਿਦ ਜਹਾਂਗੀਰ ਨੇ ਸ਼੍ਰੀਨਗਰ ਤੋਂ ਦੱਸਿਆ ਕਿ ਪਾਕਿਸਤਾਨ ਅਤੇ ਪਾਕਿਸਤਾਨ ਪ੍ਰਸ਼ਾਸਿਤ ਕਸ਼ਮੀਰ ‘ਤੇ ਭਾਰਤ ਦੇ ਹਵਾਈ ਹਮਲੇ ਤੋਂ ਬਾਅਦ, ਜੰਮੂ ਅਤੇ ਕਸ਼ਮੀਰ ਦੇ ਸਰਹੱਦੀ ਇਲਾਕਿਆਂ ਪੁੰਛ, ਰਾਜੌਰੀ, ਮੇਂਢਰ ਅਤੇ ਉਰੀ ਸੈਕਟਰਾਂ ਵਿੱਚ ਗੋਲੀਬਾਰੀ ਦੀਆਂ ਰਿਪੋਰਟਾਂ ਹਨ।

ਗੋਲੀਬਾਰੀ ਕਾਰਨ ਇਨ੍ਹਾਂ ਇਲਾਕਿਆਂ ਵਿੱਚ ਹਫੜਾ-ਦਫੜੀ ਦਾ ਮਾਹੌਲ ਹੈ।

ਪੁੰਛ ਦੇ ਇੱਕ ਸਥਾਨਕ ਨਿਵਾਸੀ ਜ਼ਮਰੌਦ ਮੁਗਲ ਨੇ ਬੀਬੀਸੀ ਨਿਊਜ਼ ਨੂੰ ਫ਼ੋਨ ‘ਤੇ ਦੱਸਿਆ ਕਿ ਜੰਮੂ ਦੇ ਪੁੰਛ ਸੈਕਟਰ ਵਿੱਚ ਧਮਾਕਿਆਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ।

ਉਨ੍ਹਾਂ ਅੱਗੇ ਕਿਹਾ ਕਿ ਲੋਕ ਹਸਪਤਾਲਾਂ ਅਤੇ ਹੋਰ ਸੁਰੱਖਿਅਤ ਥਾਵਾਂ ‘ਤੇ ਜਾ ਰਹੇ ਹਨ।

### ਕਈ ਕੌਮਾਂਤਰੀ ਏਅਰਲਾਈਨਾਂ ਨੇ ਪਾਕਿਸਤਾਨ ਜਾਣ ਵਾਲੀਆਂ ਉਡਾਣਾਂ ਰੋਕੀਆਂ

ਪਾਕਿਸਤਾਨੀ ਹਵਾਈ ਖੇਤਰ ਬੰਦ ਹੋਣ ਕਾਰਨ ਕਤਰ ਏਅਰਵੇਜ਼ ਨੇ ਪਾਕਿਸਤਾਨ ਜਾਣ ਵਾਲੀਆਂ ਆਪਣੀਆਂ ਉਡਾਣਾਂ ਅਸਥਾਈ ਤੌਰ ‘ਤੇ ਮੁਅੱਤਲ ਕਰ ਦਿੱਤੀਆਂ ਹਨ।

ਕਤਰ ਏਅਰਵੇਜ਼ ਨੇ ਟਵਿੱਟਰ ‘ਤੇ ਇੱਕ ਪੋਸਟ ਵਿੱਚ ਜਾਣਕਾਰੀ ਦਿੱਤੀ ਗਈ, “ਏਅਰਲਾਈਨ ਸਥਿਤੀ ‘ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਆਪਣੇ ਯਾਤਰੀਆਂ ਅਤੇ ਚਾਲਕ ਦਲ ਦੀ ਸੁਰੱਖਿਆ ਨੂੰ ਤਰਜੀਹ ਦੇਣਾ ਜਾਰੀ ਰੱਖੇਗੀ।”

ਏਅਰਲਾਈਨ ਨੇ ਯਾਤਰੀਆਂ ਨੂੰ ਪ੍ਰਭਾਵਿਤ ਉਡਾਣਾਂ ਬਾਰੇ ਅਗਾਊਂ ਜਾਣਕਾਰੀ ਲਈ ਕਤਰ ਏਅਰਵੇਜ਼ ਦੀ ਅਧਿਕਾਰਤ ਵੈੱਬਸਾਈਟ ਦੇਖਣ ਦੀ ਸਲਾਹ ਦਿੱਤੀ ਹੈ।

ਪਾਕਿਸਤਾਨੀ ਅਧਿਕਾਰੀਆਂ ਨੇ ਲਾਹੌਰ ਅਤੇ ਕਰਾਚੀ ਦੇ ਪ੍ਰਮੁੱਖ ਸ਼ਹਿਰਾਂ ਨੂੰ ਕਵਰ ਕਰਨ ਵਾਲੇ ਹਵਾਈ ਖੇਤਰ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ ।

### ਭਾਰਤ ਤੇ ਪਾਕਿਸਤਾਨ ਦੇ ਇਨ੍ਹਾਂ ਇਲਾਕਿਆਂ ’ਚ ਸਕੂਲ ਤੇ ਕਾਲਜ ਬੰਦ

ਭਾਰਤ ਅਤੇ ਪਾਕਿਸਤਾਨ ਵਿਚਾਲੇ ਬਣੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਦੋਵਾਂ ਹੀ ਦੇਸ਼ਾਂ ਦੇ ਕੁਝ ਇਲਾਕਿਆਂ ਵਿੱਚ ਸਕੂਲ ਅਤੇ ਕਾਲਜ ਬੰਦ ਕਰ ਦਿੱਤੇ ਗਏ ਹਨ।

ਬੀਬੀਸੀ ਪੱਤਰਕਾਰ ਅਜ਼ਾਦੇਹ ਮੋਸ਼ਿਰੀ ਦੇ ਮੁਤਾਬਕ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਅਤੇ ਪੰਜਾਬ ਸੂਬੇ



ਵਿੱਚ ਸਕੂਲ ਬੰਦ ਕਰ ਦਿੱਤੇ ਗਏ ਹਨ।

ਕਸ਼ਮੀਰ ਤੋਂ ਬੀਬੀਸੀ ਪੱਤਰਕਾਰ ਸ਼ਫ਼ਤ ਫਾਰੂਕ ਦੀ ਰਿਪੋਰਟ ਮੁਤਾਬਕ ਕਸ਼ਮੀਰ ਦੇ ਕਈ ਹਿੱਸਿਆਂ ਵਿੱਚ ਸਕੂਲ ਅਤੇ ਕਾਲਜ ਬੰਦ ਕੀਤੇ ਗਏ ਹਨ।

ਅਧਿਕਾਰੀਆਂ ਨੇ ਐਲਾਨ ਕੀਤਾ ਹੈ ਕਿ ਕਸ਼ਮੀਰ ਦੇ ਜੰਮੂ, ਸਾਂਬਾ, ਕਠੂਆ, ਰਾਜੌਰੀ ਅਤੇ ਪੁੰਛ ਖੇਤਰਾਂ ਵਿੱਚ ਸਾਰੇ ਸਕੂਲ, ਕਾਲਜ ਅਤੇ ਵਿਦਿਅਕ ਅਦਾਰੇ ਅੱਜ ਬੰਦ ਰਹਿਣਗੇ।

### ਪੰਜਾਬ ਵਿੱਚ ਸਿੱਖਿਆ ਸੰਸਥਾਵਾਂ ਨੂੰ ਬੰਦ ਕਰਨ ਦੇ ਆਦੇਸ਼

ਪੰਜਾਬ ਵਿੱਚ ਕਈ ਥਾਵਾਂ ਉਪਰ ਸਿੱਖਿਆ ਸੰਸਥਾਵਾਂ ਨੂੰ ਬੰਦ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਸੂਬੇ ਵਿੱਚ ਜ਼ਿਲ੍ਹਾ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ ਤੇ ਫਾਜ਼ਿਲਕਾ ਵਿੱਚ ਸਿੱਖਿਆ ਸੰਸਥਾਵਾਂ ਨੂੰ ਅਗਲੇ 72 ਘੰਟਿਆਂ ਤੱਕ ਬੰਦ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ।

### ਭਾਰਤੀ ਏਅਰਲਾਈਨਜ਼ ਕੰਪਨੀਆਂ ਵੱਲੋਂ ਐਡਵਾਇਜ਼ਰੀ, ਕਈ ਉਡਾਣਾਂ ਰੱਦ

ਭਾਰਤ ਦੇ ‘ਆਪ੍ਰੇਸ਼ਨ ਸਿੰਦੂਰ’ ਸ਼ੁਰੂ ਕੀਤੇ ਜਾਣ ਤੋਂ ਬਾਅਦ ਕਈ ਏਅਰਲਾਈਨਜ਼ ਨੇ ਟਰੈਵਲ ਐਡਵਾਇਜ਼ਰੀ ਜਾਰੀ ਕੀਤੀ ਹੈ।

ਏਅਰ ਇੰਡੀਆ, ਸਪਾਈਸਜੈੱਟ ਅਤੇ ਇੰਡੀਗੋ ਨੇ ਟਰੈਵਲ ਐਡਵਾਇਜ਼ਰੀ ਜਾਰੀ ਕਰਕੇ ਦੱਸਿਆ ਹੈ ਕਿ ਕਈ ਖੇਤਰਾਂ ਦੀਆਂ ਉਡਾਣਾਂ ਪ੍ਰਭਾਵਿਤ ਹੋਣਗੀਆਂ।

ਏਅਰ ਇੰਡੀਆ ਨੇ ਐਕਸ ’ਤੇ ਲਿਖਿਆ, “ਮੌਜੂਦਾ ਸਥਿਤੀ ਦੇ ਮੱਦੇਨਜ਼ਰ ਏਅਰ ਇੰਡੀਆ ਨੇ 7 ਮਈ ਨੂੰ ਦੁਪਹਿਰ 12 ਵਜੇ ਤੱਕ ਜੰਮੂ, ਸ਼੍ਰੀਨਗਰ, ਲੇਹ, ਜੋਧਪੁਰ, ਅੰਮ੍ਰਿਤਸਰ, ਭੁਜ, ਜਾਮਨਗਰ, ਚੰਡੀਗੜ੍ਹ ਅਤੇ ਰਾਜਕੋਟ ਤੋਂ ਆਉਣ-ਜਾਣ ਵਾਲੀਆ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ।”

ਏਅਰਲਾਈਨ ਨੇ ਅੱਗੇ ਦੱਸਿਆ, “ਅੰਮ੍ਰਿਤਸਰ ਜਾਣ ਵਾਲੀਆਂ ਦੋ ਕੌਮਾਂਤਰੀ ਉਡਾਣਾਂ ਨੂੰ ਦਿੱਲੀ ਵੱਲੋਂ ਮੋੜਿਆ ਜਾ ਰਿਹਾ ਹੈ।”

ਸਪਾਈਸਜੈੱਟ ਨੇ ਪੋਸਟ ਕੀਤਾ, “ਮੌਜੂਦਾ ਸਥਿਤੀ ਦੇ ਕਾਰਨ ਧਰਮਸ਼ਾਲਾ, ਲੇਹ, ਜੰਮੂ, ਸ਼੍ਰੀਨਗਰ ਅਤੇ ਅੰਮ੍ਰਿਤਸਰ ਸਮੇਤ ਉੱਤਰੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਹਵਾਈ ਅੱਡੇ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤੇ ਗਏ ਹਨ।”

ਇੰਡੀਗੋ ਨੇ ਐਕਸ ’ਤੇ ਲਿਖਿਆ, “ਹਵਾਈ ਖੇਤਰ ਦੇ ਬਦਲਦੇ ਹਾਲਾਤਾਂ ਕਾਰਨ ਸ਼੍ਰੀਨਗਰ, ਜੰਮੂ, ਅੰਮ੍ਰਿਤਸਰ, ਲੇਹ, ਚੰਡੀਗੜ੍ਹ ਅਤੇ ਧਰਮਸ਼ਾਲਾ ਤੋਂ ਆਉਣ-ਜਾਣ ਵਾਲੀਆਂ ਸਾਡੀਆਂ ਉਡਾਣਾਂ ਪ੍ਰਭਾਵਿਤ ਹੋਈਆਂ ਹਨ।””

ਤਿੰਨਾਂ ਹੀ ਏਅਰਲਾਈਨਜ਼ ਨੇ ਯਾਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੀ ਫਲਾਇਟ ਦਾ ਸਟੇਟਸ ਚੈੱਕ ਕਰਕੇ ਹੀ ਏਅਰਪੋਰਟ ਪਹੁੰਚਣ।

### ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਕੀ ਕਿਹਾ

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਪਾਕਿਸਤਾਨ ਦੇ ਅੰਦਰ ਭਾਰਤੀ ਹਮਲਿਆਂ ‘ਤੇ ਆਪਣੀ ਪਹਿਲੀ ਪ੍ਰਤੀਕਿਰਿਆ ਦਿੱਤੀ ਹੈ।

ਟਰੰਪ ਨੇ ਕਿਹਾ, “ਇਹ ਇੱਕ ਸ਼ਰਮਨਾਕ ਗੱਲ ਹੈ। ਮੈਨੂੰ ਲੱਗਦਾ ਹੈ ਕਿ ਲੋਕ ਅਤੀਤ ਦੇ ਆਧਾਰ ’ਤੇ ਜਾਣਦੇ ਸਨ ਕਿ ਕੁਝ ਹੋਣ ਵਾਲਾ ਹੈ। ਜੇ ਤੁਸੀਂ ਇਸ ਬਾਰੇ ਵਿਚਾਰ ਕਰੋ ਤਾਂ ਉਹ

“ਇਕੁਐਲਿਟੀ ਐਂਡ ਜਸਟਿਸ” Rs- 100/month
"Equality and Justice" ਸਵਤੰਤਰਤਾ, ਸਮਾਨਤਾ, ਭਾਈਚਾਰਾ

ਦਹਾਕਿਆਂ ਤੋਂ ਲੜ ਰਹੇ ਹਨ। ਮੈਂ ਉਮੀਦ ਕਰਦਾ ਹਾਂ ਕਿ ਇਹ ਬਹੁਤ ਜਲਦੀ ਖ਼ਤਮ ਹੋ ਜਾਵੇਗਾ।”

### ਪਾਕਿਸਤਾਨ ਦਾ ਦਾਅਵਾ, ਭਾਰਤ ਦੇ ਹਮਲੇ ਵਿੱਚ ਬੱਚਿਆਂ ਸਣੇ 7 ਲੋਕਾਂ ਦੀ ਮੌਤ, ਪੀਐੱਮ ਸ਼ਹਿਬਾਜ਼ ਸ਼ਰੀਫ਼ ਕੀ ਬੋਲੇ

ਪਾਕਿਸਤਾਨੀ ਫੌਜ ਨੇ ਬੀਬੀਸੀ ਨੂੰ ਦੱਸਿਆ ਹੈ ਕਿ ਭਾਰਤ ਦੇ ਹਮਲਿਆਂ ਵਿੱਚ ਦੋ ਬੱਚਿਆਂ ਸਣੇ 7 ਲੋਕਾਂ ਦੀ ਮੌਤ ਹੋ ਗਈ ਹੈ।

ਦੂਜੇ ਪਾਸੇ ਪਾਕਿਸਤਾਨ ਦੇ ਪੀਐੱਮ ਸ਼ਹਿਬਾਜ਼ ਸ਼ਰੀਫ਼ ਨੇ ਕਿਹਾ ਹੈ ਕਿ ਭਾਰਤ ਦੇ ਹਵਾਈ ਹਮਲਿਆਂ ਵਿੱਚ ਮਸਜਿਦ ਸਣੇ ਕਈ ਥਾਂਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਕਿਹਾ ਹੈ ਕਿ ਪਾਕਿਸਤਾਨ ਨੂੰ ਜਵਾਬੀ ਕਾਰਵਾਈ ਦਾ ਪੂਰਾ ਹੱਕ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਇਸ ਹਮਲੇ ‘ਤੇ ਪ੍ਰਤੀਕਿਰਿਆ ਦਿੰਦੀਆਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਦੀ ਇੱਕ ਪੋਸਟ ‘ਚ ਲਿਖਿਆ, “ਮੱਕਾਰ ਦੁਸ਼ਮਣ ਨੇ ਪਾਕਿਸਤਾਨ ਦੇ ਪੰਜ ਠਿਕਾਣਿਆਂ ‘ਤੇ ਕਾਇਰਤਾਪੂਰਨ ਹਮਲੇ ਕੀਤੇ ਹਨ।”

“ਪਾਕਿਸਤਾਨ ਨੂੰ ਭਾਰਤ ਵੱਲੋਂ ਥੋਪੀ ਗਈ ਇਸ ਜੰਗ ਦਾ ਜ਼ੋਰਦਾਰ ਜਵਾਬ ਦੇਣ ਦਾ ਪੂਰਾ ਹੱਕ ਹੈ, ਅਤੇ ਜ਼ੋਰਦਾਰ ਜਵਾਬ ਦਿੱਤਾ ਜਾ ਰਿਹਾ ਹੈ।”

ਉਨ੍ਹਾਂ ਨੇ ਅੱਗੇ ਲਿਖਿਆ, “ਪੂਰਾ ਦੇਸ਼ ਪਾਕਿਸਤਾਨੀ ਹਥਿਆਰਬੰਦ ਸੈਨਾਵਾਂ ਦੇ ਨਾਲ ਖੜ੍ਹਾ ਹੈ, ਅਤੇ ਪੂਰੇ ਪਾਕਿਸਤਾਨੀ ਰਾਸ਼ਟਰ ਦਾ ਮਨੋਬਲ ਅਤੇ ਭਾਵਨਾ ਮਜ਼ਬੂਤ ਹੈ।”

### ਭਾਰਤ ਨੇ ਪਾਕਿਸਤਾਨ ਅਤੇ ਪਾਕਿਸਤਾਨ ਸ਼ਾਸਿਤ ਕਸ਼ਮੀਰ ’ਤੇ ਕੀਤਾ ਮਿਜ਼ਾਇਲ ਨਾਲ ਹਮਲਾ

ਭਾਰਤ ਸਰਕਾਰ ਨੇ ਕੁਝ ਸਮਾਂ ਪਹਿਲਾਂ ਇੱਕ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਭਾਰਤੀ ਫੌਜ ਨੇ “ਆਪ੍ਰੇਸ਼ਨ ਸਿੰਦੂਰ” ਸ਼ੁਰੂ ਕਰ ਦਿੱਤਾ ਹੈ।

ਭਾਰਤ ਸਰਕਾਰ ਨੇ ਆਪਣੇ ਬਿਆਨ ਵਿੱਚ ਕਿਹਾ, “ਇਸ ਕਾਰਵਾਈ ਹੇਠ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਦਹਿਸ਼ਤਗਰਦਾਂ ਦੇ ਢਾਂਚੇ ਨੂੰ ਨਿਸ਼ਾਨਾ ਬਣਾਇਆ ਹੈ, ਜਿੱਥੋਂ ਭਾਰਤ ਉੱਤੇ ਹੋਏ ਦਹਿਸ਼ਤਗਰਦੀ ਹਮਲਿਆਂ ਦੀ ਯੋਜਨਾ ਬਣਾਈ ਗਈ ਸੀ ਅਤੇ ਉਨ੍ਹਾਂ ਨੂੰ ਅੰਜਾਮ ਦਿੱਤਾ ਗਿਆ ਸੀ।”

ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ “ਕੁੱਲ ਨੌਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।”

# ਹੰਗਾਮੀ ਹਾਲਤ ਨਾਲ ਨਿਪਟਣ ਲਈ ਜ਼ਿਲ੍ਹਾ ਸੰਗਰੂਰ ਵਿੱਚ ਵੱਖ ਵੱਖ ਥਾਵਾਂ ਤੇ ਹੋਈ ਮੌਕ ਡਰਿੱਲ

**- ਕਿਸੇ ਵੀ ਹਵਾਈ ਹਮਲੇ ਸਮੇਂ ਆਪਣੇ ਆਪ ਨੂੰ ਕਿਵੇਂ ਸੁਰੱਖਿਤ ਰੱਖਣਾ ਹੈ ਇਸ ਦਾ ਹੋਇਆ ਅਭਿਆਸ, - ਕਿਸੇ ਵੀ ਹੰਗਾਮੀ ਹਾਲਤ ਪੈਦਾ ਹੋਣ ਉੱਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਜ਼ਿਲ੍ਹਾ ਵਾਸੀ: ਵਧੀਕ ਡਿਪਟੀ ਕਮਿਸ਼ਨਰ ਅਮਿਤ ਬੈਂਬੀ**

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਸੰਗਰੂਰ, 7 ਮਈ, 2025: ਜ਼ਿਲ੍ਹਾ ਸੰਗਰੂਰ ਵਿੱਚ ਜਿਵੇਂ ਹੀ ਸ਼ਾਮ ਦੇ 4 ਵਜੇ ਤਾਂ ਜ਼ਿਲ੍ਹੇ ਵਿੱਚ ਦੋ ਥਾਵਾਂ ਇੰਡੀਅਨ ਆਇਲ ਡੀਪੂ ਅਤੇ ਸਰਕਾਰੀ ਰਣਬੀਰ ਕਾਲਜ ਉਤੇ ਹਵਾਈ ਹਮਲੇ ਸਮੇਂ ਆਪਣੇ ਆਪ ਨੂੰ ਸੁਰੱਖਿਤ ਰੱਖਣ ਦੇ ਅਭਿਆਸ ਲਈ ਮੌਕ ਡਰਿੱਲ ਕੀਤੀ ਗਈ। ਇਸ ਸਬੰਧ ਵਿੱਚ ਦੋਵੇਂ ਥਾਵਾਂ ਉਤੇ ਕ੍ਰਮਵਾਰ 3 ਅਤੇ 4 ਵਜੇ ਇਕ ਸਾਇਰਨ ਵਜਾਇਆ ਗਿਆ ਜਿਸ ਤੋਂ ਬਾਅਦ ਇਹ ਅਭਿਆਸ ਸ਼ੁਰੂ ਹੋਇਆ। ਦੋਵੇਂ ਜਗ੍ਹਾ ਇਹ ਅਭਿਆਸ ਅੱਧਾ ਘੰਟਾ ਚੱਲਿਆ ਅਤੇ ਇੱਕ ਹੋਰ ਸ਼ਾਇਰਨ ਵੱਜਣ ਨਾਲ ਖਤਮ ਹੋਇਆ।

ਇਸ ਦੌਰਾਨ ਅਭਿਆਸ ਕੀਤਾ ਗਿਆ ਕਿ ਜੇਕਰ ਹਵਾਈ ਹਮਲਾ ਹੋ ਜਾਵੇ ਤਾਂ ਜੇਕਰ ਤੁਸੀਂ ਖੁੱਲੇ ਵਿੱਚ ਹੋ ਤਾਂ ਜਲਦੀ ਤੋਂ ਜਲਦੀ ਕਿਸੇ ਇਮਾਰਤ ਦੇ ਅੰਦਰ ਪਹੁੰਚੋ । ਜੇਕਰ ਬਹੁ ਮੰਜਲਾ





ਇਮਾਰਤ ਵਿਚ ਹੋ ਤੇ ਹੇਠਲੇ ਤਲ ਤੇ ਆ ਜਾਓ। ਹਰ ਪ੍ਰਕਾਰ ਦੀਆਂ ਲਾਈਟਾਂ ਬੰਦ ਕਰ ਦਿਓ ਅਤੇ ਕੋਈ ਵੀ ਰੌਸ਼ਨੀ ਨਾ ਕਰੋ। ਜੇਕਰ ਤੁਹਾਡੇ ਨੇੜੇ ਇਮਾਰਤ ਨਹੀਂ ਹੈ ਤਾਂ ਕਿਸੇ ਦਰਖਤ ਦੇ ਥੱਲੇ ਓਟ ਲਵੋ । ਜੇਕਰ ਤੁਸੀਂ ਵਾਹਨ ਚਲਾ ਰਹੇ ਹੋ ਤਾਂ ਵਾਹਣ ਛੱਡ ਕੇ ਥੱਲੇ ਆ ਜਾਓ। ਜੇਕਰ ਤੁਹਾਡੇ ਕੋਲ ਓਟ ਲੈਣ ਲਈ ਕੋਈ ਥਾਂ ਨਹੀਂ ਹੈ ਤਾਂ ਧਰਤੀ ਤੇ ਛਾਤੀ ਦੇ ਭਾਰ ਲੇਟ ਜਾਓ ਅਤੇ ਆਪਣੀਆਂ ਉਂਗਲਾਂ ਨਾਲ ਕੰਨ ਬੰਦ ਕਰ ਲਓ। ਇਸ ਸਮੇਂ ਦੌਰਾਨ ਕਿਸੇ ਵੀ ਪ੍ਰਕਾਰ ਦਾ ਰੌਸ਼ਨੀ ਨਾ ਕਰੋ।

ਇਹਨਾਂ ਸਾਰੇ ਅਭਿਆਸਾਂ ਨੂੰ ਇਹਨਾਂ ਰਿਹਰਸਲਾਂ ਦੌਰਾਨ ਦੁਹਰਾਇਆ ਗਿਆ। ਇਸ ਤੋਂ ਬਿਨਾਂ ਇਮਾਰਤ ਦੇ ਅੰਦਰ ਕਮਰੇ ਦੇ ਕੋਨੇ ਵਿੱਚ ਸ਼ਰਨ ਲਵੋ ਜਾਂ ਕੋਈ ਕੱਪ ਬੋਰਡ ਜਾਂ ਭਾਰੀ ਚੀਜ਼ ਹੈ ਤਾਂ ਉਸਦੇ ਹੇਠਾਂ ਵੀ ਸ਼ਰਨ ਲਈ ਜਾ ਸਕਦੀ ਹੈ ਖਿੜਕੀਆਂ ਵਿੱਚ ਖੜੇ ਨਾ ਹੋਵੋ। ਗੈਸ ਪਾਣੀ ਅਤੇ ਬਿਜਲੀ ਦੀਆਂ ਸਵਿੱਚਾਂ ਬੰਦ ਕਰ ਦਿਓ।

ਦੱਸਣਯੋਗ ਹੈ ਕਿ ਰਣਬੀਰ ਕਾਲਜ ਵਿਖੇ ਹੋਇਆ ਮੌਕ ਡਰਿੱਲ ਦੀ ਅਗਵਾਈ ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਅਮਿਤ ਬੈਂਬੀ ਦੀ ਅਗਵਾਈ ਵਿੱਚ ਹੋਈ ਜਦਕਿ ਇੰਡੀਅਨ ਆਇਲ ਡੀਪੂ ਵਿਖੇ ਮੌਕ ਡਰਿੱਲ ਦੀ ਅਗਵਾਈ ਸ਼੍ਰੀ ਸਾਹਿਲ ਗੋਇਲ, ਡਿਪਟੀ ਡਾਇਰੈਕਟਰ ਫੈਕਟਰੀ ਨੇ ਕੀਤੀ। ਇਸ ਤੋਂ ਇਲਾਵਾ ਦੋਵੇਂ ਮੌਕ ਡਰਿੱਲ ਵਿੱਚ ਡਿਪਟੀ ਕਮਿਸ਼ਨਰ ਦਫ਼ਤਰ, ਪੁਲਿਸ ਵਿਭਾਗ, ਸਿਹਤ ਵਿਭਾਗ, ਮਾਲ ਵਿਭਾਗ, ਖੇਤੀਬਾੜੀ ਵਿਭਾਗ, ਫਾਇਰ ਵਿਭਾਗ, ਲੋਕ ਨਿਰਮਾਣ ਵਿਭਾਗ, ਐਨ ਸੀ ਸੀ ਅਤੇ ਐਨ ਐਸ ਐਸ ਵਲੰਟੀਅਰਜ ਅਤੇ ਹੋਰ ਵਿਭਾਗਾਂ ਨੇ ਅਹਿਮ ਹਿੱਸਾ ਪਾਇਆ।

ਇਸ ਮੌਕੇ ਵਧੀਕ ਜਿਲਾ ਮੈਜਿਸਟ੍ਰੇਟ ਸ਼੍ਰੀ ਅਮਿਤ ਬੈਂਬੀ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਇਹਨਾਂ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਉਹਨਾਂ ਨੇ ਕਿਹਾ ਕਿ ਕਿਸੇ ਵੀ ਖਤਰੇ ਮੌਕੇ ਇਹਨਾਂ ਹਦਾਇਤਾਂ ਦਾ ਪਾਲਣ ਕੀਤਾ ਜਾਵੇ। ਇਸ ਮੌਕੇ ਸੰਗਰੂਰ ਦੇ ਐੱਸ ਡੀ ਐੱਮ ਸ੍ਰ ਚਰਨਜੋਤ ਸਿੰਘ ਵਾਲੀਆ, ਡੀ ਐੱਸ ਪੀ ਸ੍ਰ ਸੁਖਦੇਵ ਸਿੰਘ ਅਤੇ ਹੋਰ ਅਧਿਕਾਰੀ, ਵਿਦਿਆਰਥੀ ਅਤੇ ਵਲੰਟੀਅਰ ਹਾਜ਼ਰ ਸਨ।

# ਇਨਕਲਾਬੀ ਕੇਂਦਰ ਪੰਜਾਬ ਵੱਲੋਂ ਆਮ ਲੋਕਾਂ ਨੂੰ ਜੰਗ ਦੀ ਭੱਠੀ 'ਚ ਝੋਕਣ ਦੀ ਸਖ਼ਤ ਨਿੰਦਾ

## ਭਾਰਤ-ਪਾਕਿ ਨਿੱਕੀ ਜੰਗ ਬੰਦ ਕਰਨ ਦੀ ਮੰਗ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ



ਚੰਡੀਗੜ੍ਹ, 7 ਮਈ, 2025: ਅੱਜ ਇੱਥੇ ਬਿਆਨ ਜਾਰੀ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਅਤੇ ਜਨਰਲ ਸੱਕਤਰ ਕੰਵਲਜੀਤ ਖੰਨਾ ਨੇ ਕਿਹਾ ਕਿ 22 ਅਪ੍ਰੈਲ ਨੂੰ ਪਹਿਲਗਾਮ ਵਿੱਚ 25 ਸੈਲਾਨੀ ਅਤੇ ਇੱਕ ਕਸ਼ਮੀਰੀ ਨੌਜਵਾਨ ਦਹਿਸ਼ਤੀ ਕਤਲੇਆਮ ਦੀ ਭੇਂਟ ਚੜ੍ਹ ਗਿਆ ਸੀ। ਨਿਹੱਕੇ ਸੈਲਾਨੀਆਂ ਦੇ ਇਸ ਦਹਿਸ਼ਤੀ ਕਾਰਨਾਮੇ ਦੀ ਹਰ ਪਾਸਿਓਂ ਖਾਸ ਕਰ ਕਸ਼ਮੀਰੀ ਮੁਸਲਮਾਨਾਂ ਵੱਲੋਂ ਸਖ਼ਤ ਅਲੋਚਨਾ ਕੀਤੀ ਗਈ ਸੀ। ਸਮੁੱਚੇ ਮੁਲਕ ਅੰਦਰ ਭਾਰਤੀ ਹਾਕਮਾਂ ਨੂੰ ਲੋਕਾਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ ਪਾਸੇ ਅਰਬ ਮੁਲਕਾਂ ਦਾ ਦੌਰਾ ਵਿਚਕਾਰ ਛੱਡ ਕੇ ਵਾਪਸ ਪਰਤ ਆਇਆ ਸੀ। ਪਰ ਸਾਰੇ ਘਟਨਾ ਕ੍ਰਮ ਤੇ ਸਰਕਾਰ ਦਾ ਪੱਖ ਲੋਕਾਂ ਸਾਹਮਣੇ ਰੱਖਣ ਲਈ ਪ੍ਰੈੱਸ ਕਾਨਫਰੰਸ ਕਰਨ ਦੀ ਥਾਂ ਬਿਹਾਰ ਜਾਕੇ ਵੋਟਾਂ ਦੀ ਫ਼ਸਲ ਮੁੰਨਣ ਲਈ ਤਹੂ ਰਿਹਾ ਸੀ। ਕੇਰਲ ਵਿੱਚ ਜਾਕੇ ਅਡਾਨੀ ਦੀ ਬੰਦਰਗਾਹ ਦੇ ਉਦਘਾਟਨ ਮੌਕੇ ਸ਼ਸ਼ੀ ਥਰੂਰ ਵਰਗੇ ਕਾਂਗਰਸੀਆਂ ਨੂੰ ਸ਼ਾਮਿਲ ਕਰਵਾਕੇ ਸ਼ਰੀਕ ਸਿਆਸੀ ਪਾਰਟੀਆਂ ਨੂੰ ਧੋਬੀ ਪਟੜਾ ਦੇਣ ਦਾ ਪ੍ਰਪੰਚ ਰਚਦਾ ਰਿਹਾ। ਆਪਣੀਆਂ ਫ਼ਿਰਕੂ ਫਾਸ਼ੀ ਜ਼ੰਗੀ ਲੋੜਾਂ ਵਿੱਚੋਂ ਜ਼ੰਗੀ ਮਹੌਲ ਸਿਰਜਿਆ ਗਿਆ। ਇਸੇ ਕੜੀ ਵਜੋਂ ਅੱਜ ਸਵੇਰੇ 1 ਵੱਜ ਕੇ 05 ਮਿੰਟ ਤੇ ਕੀਤਾ ਗਿਆ

ਅਪਰੇਸ਼ਨ 'ਸੰਧੂਰ' ਅਣਗਿਣਤ ਮਾਵਾਂ-ਭੈਣਾਂ ਦਾ ਸੰਧੂਰ ਉਜਾੜੇਗਾ। ਖੁਰ ਰਹੀ ਆਰਥਿਕਤਾ, ਬੁਨਿਆਦੀ ਮਸਲੇ ਹੱਲ ਕਰਨ ਦੀ ਅਸਮਰੱਥਤਾ, ਦੋਹੇਂ ਹੱਥੀ ਦੇਸ਼ ਦੀ ਸੰਪਤੀ ਸਾਮਰਾਜੀ ਮਹਾਂਸ਼ਕਤੀਆਂ ਦੇ ਹਵਾਲੇ ਕਰਨ ਦੀ ਚਾਹਤ 'ਚੋਂ ਤਬਾਹਕੁੰਨ ਜ਼ੰਗ ਲੋਕਾਂ 'ਤੇ ਠੋਸੀ ਜਾ ਰਹੀ ਹੈ। ਫਾਸ਼ੀਵਾਦੀ ਸੱਤਾ ਦੀ ਉਮਰ ਵਧਾਉਣ ਲਈ ਇਸ ਸੱਤਾ ਦੀ ਆੜ 'ਚ ਲੋਕਪੱਖੀ ਸ਼ਕਤੀਆਂ ਦਾ, ਜ਼ੰਗ ਵਿਰੋਧੀ ਲੋਕਾਂ ਦਾ ਮੂੰਹ ਬੰਦ ਕਰਨ ਦਾ ਭਰਮ ਪਾਲਿਆ ਜਾ ਰਿਹਾ ਹੈ। ਇਸ ਇੱਕ ਪਾਸੜ ਜੰਗ 'ਚ ਲਾਸ਼ਾਂ ਇਧਰ ਵੀ ਡਿੱਗਣੀਆਂ ਤੇ ਲਾਸ਼ਾਂ ਉਧਰ ਵੀ ਡਿੱਗਣਗੀਆਂ। 1971 'ਚ ਕਿੰਨੇ ਘਰ ਉੱਜੜੇ, ਬੱਚੇ ਯਤੀਮ ਹੋਏ, ਭੈਣਾਂ ਵਿਧਵਾ ਹੋਈਆਂ, ਬੁੱਢੇ ਮਾਂ-ਬਾਪ ਦੀ ਬੁਢੇਪੇ ਦੀ ਡੰਗੋਰੀ ਲੁੱਟੀ ਗਈ, ਸਭ ਦੇ ਸਾਹਮਣੇ ਹੈ। ਲੋਕ ਦੋਖੀ ਸੱਤਾ ਦੀ ਉਮਰ ਵਧਾਉਣ ਲਈ ਜੇਕਰ ਪੰਜ ਦਸ ਹਜ਼ਾਰ ਲੋਕਾਂ(ਫੌਜੀਆਂ) ਦੀ ਬਲੀ ਲੈ ਵੀ ਲਈ ਜਾਵੇ ਤਾਂ ਵੀ ਇਨ੍ਹਾਂ ਨੂੰ ਕੋਈ ਫ਼ਰਕ ਨਹੀ ਪੈਣਾ। ਲੋਕਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਇਸ ਜ਼ੰਗ ਵਿੱਚ ਪੇਟ ਦੀ ਅੱਗ ਬੁਝਾਉਣ ਲਈ ਭਰਤੀ ਹੋਏ ਭਾਰਤ ਅਤੇ ਪਾਕਿਸਤਾਨ ਦੇ ਫ਼ੌਜੀ ਮੌਤ ਦਾ ਖਾਜਾ ਬਨਣਗੇ। ਬੱਚੇ ਅਨਾਥ ਹੋਣਗੇ, ਜਵਾਨ ਧੀਆਂ ਵਿਧਵਾ ਹੋਣ ਲਈ ਸਰਾਪੀਆਂ ਜਾਣਗੀਆਂ, ਬੁੱਢੇ ਮਾਂ ਬਾਪ ਦੇ ਬੁਢਾਪੇ ਦੀ ਡੰਗੋਰੀ ਜੰਗ ਦੀ ਭੇਂਟ ਚੜ੍ਹ ਜਾਵੇਗੀ। ਸਰਹੱਦ ਤੋਂ ਤਿਰੰਗੇ ਵਿੱਚ ਭਾਰਤੀ ਫੌਜੀਆਂ ਦੀ ਲਾਸ਼ਾਂ ਨੂੰ ਲਪੇਟ ਕੇ ਲਿਆਂਦਾ ਜਾਵੇਗਾ। ਫ਼ੌਜ ਦੇ ਇਨ੍ਹਾਂ ਜਵਾਨਾਂ ਨੂੰ ਸ਼ਹੀਦ ਦਾ ਦਰਜਾ ਦੇ ਦਿੱਤਾ ਜਾਵੇਗਾ। ਲੱਖਾਂ-ਕਰੋੜਾਂ ਰੁਪਏ ਦੀ ਨਗਦ ਰਾਸ਼ੀ ਦਾ ਐਲਾਨ ਕਰਕੇ ਫ਼ੌਜੀ ਵੀਰਾਂ ਦੀ ਮੌਤ ਦਾ ਮੁੱਲ ਵੱਟ ਲਿਆ ਜਾਵੇਗਾ। ਸਵਾਲ ਇਹ ਹੈ ਕਿ ਅਜਿਹਾ ਸਾਰਾ ਕੁੱਝ ਕੀ ਭਰ ਜਵਾਨ ਅਵਸਥਾ ਵਿੱਚ ਵਿਧਵਾ ਹੋਣ ਲਈ ਧੱਕ ਦਿੱਤੀਆਂ ਗਈਆਂ ਔਰਤਾਂ ਲਈ ਕਾਫ਼ੀ ਹੋਵੇਗਾ। ਇਨ੍ਹਾਂ ਜ਼ਬਰੀ ਥੋਪੀ ਜੰਗ ਵਿੱਚ ਨਰਿੰਦਰ ਮੋਦੀ-ਅਮਿਤ ਸ਼ਾਹ -ਰਾਜਨਾਥ ਵਰਗਿਆਂ ਅਤੇ ਅੰਬਾਨੀਆਂ- ਅਡਾਨੀਆਂ ਅਤੇ ਗੋਦੀ ਮੀਡੀਆ ਦੇ ਜੰਗ ਜੰਗ ਦਾ ਚੀਕ ਚਿਹਾੜਾ ਪਾ ਰਹੇ ਐਂਕਰਾਂ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ। ਮਰਨਾ ਤਾਂ ਅਸੀਂ ਤੁਸੀਂ ਹੈ।

ਹਾਕਮ ਇਸ ਜ਼ੰਗ ਦੇ ਪਰਦੇ ਓਹਲੇ ਲੋਕ ਹਿੱਤਾਂ ਨਾਲ ਨੇੜਿਓਂ ਸਰੋਕਾਰ ਰੱਖਣ ਮਸਲਿਆਂ ਤੇ ਅਮਰੀਕਾ, ਇੰਗਲੈਂਡ ਵਰਗੇ ਸਾਮਰਾਜੀ ਮੁਲਕਾਂ ਨਾਲ ਸ਼ਰਮਨਾਕ ਸਮਝੌਤੇ ਕਰਨਗੇ। ਸਾਮਰਾਜੀ ਮੁਲਕ ਅਰਬਾਂ ਖਰਬਾਂ ਰੁਪਏ ਦੀ ਜ਼ੰਗੀ ਮਸ਼ੀਨਰੀ ਵੇਚਕੇ ਖ਼ੂਬ ਹੱਥ ਰੰਗਣਗੇ। ਮਹਿੰਗਾਈ, ਬੇਰੁਜ਼ਗਾਰੀ, ਕਿਸਾਨਾਂ - ਮਜ਼ਦੂਰਾਂ ਦੀ ਮੰਦਹਾਲੀ , ਗ਼ਰੀਬੀ, ਭੁੱਖਮਰੀ ਲੋਕਾਂ ਦੇ ਬੁਨਿਆਦੀ ਮਸਲੇ ਜੰਗੀ ਜਾਨੂੰਨ ਦੇ ਬੋਝ ਥੱਲੇ ਦਬਕੇ ਰਹਿ ਜਾਣਗੇ। ਇਨਕਲਾਬੀ ਕੇਂਦਰ ਪੰਜਾਬ ਸਮਝਦਾ ਹੈ ਕਿ ਜ਼ੰਗ ਕਿਸੇ ਮਸਲੇ ਦਾ ਹੱਲ ਨਹੀਂ, ਨਾਂ ਹੀ ਲੋਕਾਂ ਦੀ ਲੋੜ ਹੁੰਦੀ ਹੈ। ਜੰਗ ਹਾਕਮਾਂ ਦੀਆਂ ਲੋੜਾਂ ਦੀ ਪੂਰਤੀ ਕਰਦੀ ਹੈ। ਆਓ, ਹਾਕਮ ਜਮਾਤੀ ਪਾਰਟੀਆਂ ਦੇ ਹਿੱਤਾਂ ਦੀ ਪੂਰਤੀ ਲਈ ਭੜਕਾਈ ਭਾਰਤ-ਪਾਕਿ ਨਿੱਕੀ ਜੰਗ-ਬੰਦ ਕਰਨ, ਪਹਿਲਗਾਮ ਦੀ ਘਟਨਾ ਨੂੰ ਆਧਾਰ ਬਣਾ ਕੇ ਫ਼ਿਰਕੂ ਵੰਡੀਆਂ ਪਾਉਣ ਦੀਆਂ ਕੋਸਿਸ਼ਾਂ ਬੰਦ ਕਰਨ, ਮੁਸਲਿਮ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ, ਪਹਿਲਗਾਮ ਘਟਨਾ ਦੀ ਨਿਆਂਇਕ ਜਾਂਚ ਕਰਵਾਕੇ ਦੋਸ਼ੀਆਂ ਨੂੰ ਸਜ਼ਾ ਦੇਣ, ਕਸ਼ਮੀਰੀ ਲੋਕਾਂ ਦੇ ਸਵੈ-ਨਿਰਨੇ ਦਾ ਹੱਕ ਪ੍ਰਵਾਨ ਕਰਨ, ਅਫਸਪਾ, ਯੂਏਪੀਏ ਵਰਗੇ ਕਾਲੇ ਕਾਨੂੰਨ ਵਾਪਸ ਲੈਣ ਲਈ ਜ਼ੋਰਦਾਰ ਆਵਾਜ਼ ਬੁਲੰਦ ਕਰੀਏ।

# ਸਮੂਹ ਬਹੁਜਨ ਸਮਾਜ ਨੂੰ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ ਬਣਨ ਦੀ ਅਪੀਲ ਕੀਤੀ-ਸ ਅਵਤਾਰ ਸਿੰਘ ਕਰੀਮਪੁਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com




ਬੰਗਾ( ਚਰਨਜੀਤ ਸੱਲ੍ਹਾ )ਪਿੰਡ ਅਪਰਾ ਵਿਖੇ ਬਹੁਜਨ ਸਮਾਜ ਪਾਰਟੀ ਵੱਲੋਂ ਡਾਕਟਰ ਅੰਬੇਡਕਰ ਜੀ ਦੇ ਜਨਮਦਿਨ ਤੇ ਪੰਜਾਬ ਸੰਭਾਲੋ ਰੈਲੀ ਕੀਤੀ ਗਈ। ਜਿਸ ਵਿੱਚ ਸਮੂਹ ਸੰਗਤਾਂ ਨੂੰ ਪੰਜਾਬ ਸੰਭਾਲੋ ਮਹਿਮ ਦਾ ਹਿੱਸਾ ਬਣਨੇ ਦਾ ਸੱਦਾ ਦਿੱਤਾ ਗਿਆ ਤਾਂ ਕਿ ਸਿਹਤਮੰਦ ਪੰਜਾਬ ਦੀ ਸਿਰਜਨਾ ਕੀਤੀ ਜਾ ਸਕੇ ਪੰਜਾਬ ਦੇ ਸਾਹਮਣੇ ਪੇਸ਼ ਚੁਨੌਤੀਆਂ ਡਰੱਗ ਮਾਫੀਆ, ਬੇਰੁਜ਼ਗਾਰੀ, ਭਰਿਸ਼ਟਾਚਾ, ਐਜੂਕੇਸ਼ਨ ਦੇ ਖੇਤਰ ਦੀਆਂ ਚੁਣੌਤੀਆਂ, ਸਿਹਤ ਵਿਭਾਗ ਦੀਆਂ ਚੁਨੌਤੀਆਂ, ਪੰਜਾਬ ਦੇ ਸਿਰ ਕਰਜ਼ਾ, ਮਜ਼ਦੂਰ, ਕਿਸਾਨ ਕਿਰਤੀ ਕਾਮੇ, ਵਪਾਰੀ, ਬੇਰੁਜ਼ਗਾਰ ਨੌਜਵਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਜਾ ਸਕੇ ਅਤੇ ਪੰਜਾਬ ਨੂੰ ਇਸ ਘੋਰ ਅੰਧਕਾਰ ਚੋਂ ਕੱਢ ਕੇ ਨਵੇਂ ਨਰੋਏ ਪੰਜਾਬ ਦੀ ਸਿਰਜਣਾ ਕੀਤੀ ਜਾ ਸਕੇ ਇਹ ਸ਼ਬਦ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਜੀ ਪ੍ਰਧਾਨ ਬਸਪਾ ਪੰਜਾਬ ਨੇ ਅੱਪਰਾ ਵਿਖੇ ਭਰਵੀਂ ਰੈਲੀ ਨੂੰ ਸੰਬੋਧਿਤ ਕਰਦਿਆਂ ਕਹੇਂ। ਇਸ ਮੌਕੇ ਲਾਲ ਚੰਦ ਔਜਲਾ ਜਨਰਲ ਸਕੱਤਰ ਬਸਪਾ ਪੰਜਾਬ, ਤੀਰਥ ਸਿੰਘ ਰਾਜਪੁਰਾ ਜਨਰਲ ਸਕੱਤਰ ਬਸਪਾ ਪੰਜਾਬ, ਭਾਗ ਸਿੰਘ ਪੁਰੀ ਐਨ ਆਰ ਆਈ, ਖੁਸੀ ਰਾਮ ਸਰਪੰਚ, ਸੁਸ਼ੀਲ ਵਿਰਦੀ, ਸਤਪਾਲ ਸਿੰਘ ਪੇਟੀਆਂ ਵਾਲੇ, ਵਿਨੇ ਕੁਮਾਰ ਸਰਪੰਚ ਅੱਪਰਾ, ਸੁਖਵਿੰਦਰ ਕੁਮਾਰ ਪ੍ਰਧਾਨ ਹਲਕਾ ਫਿਲੌਰ ਅਤੇ ਬਸਪਾ ਦੇ ਵਰਕਰਾਂ ਸਮਰਥਕਾਂ ਦੀ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਯੂਕੇ ਵੱਲੋਂ ਦੂਜੇ ਵਿਸ਼ਵ ਯੁੱਧ ਵਿੱਚ ਭਾਰਤੀ ਯੋਗਦਾਨ ਦੀ ਸ਼ਲਾਘਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com




ਲੁਧਿਆਣਾ (ਗੁਰਦੀਪ ਸਿੰਘ) ਲੰਡਨ ਦੇ ਸਾਬਕਾ ਮੇਅਰ ਨੋਇਲ ਹਾਡਜੀਮਾਈਕਲ , ਚੇਅਰ , ਡਿਫੈਂਸ ਐਂਡ ਸਿਕੁਰਿਟੀ ਸਰਕਲ ਨੇ ਸਲਾਘਾ ਕੀਤੀ ਅਤੇ ਦੂਜੇ ਵਿਸ਼ਵ ਯੁੱਧ ਵਿੱਚ ਭਾਰਤੀਆਂ ਦੇ ਯੋਗਦਾਨ ਬਾਬਤ ਦੱਸਿਆ: 2.5 ਮਿਲੀਅਨ ਦੀ ਮਜ਼ਬੂਤ ਬ੍ਰਿਟਿਸ਼ ਭਾਰਤੀ ਫੌਜ ਜੋ ਉਸ ਸਮੇਂ ਬਸਤੀਵਾਦੀ ਸ਼ਾਸਨ ਅਧੀਨ ਸੀ, ਨੇ ਨਾਜ਼ੀ ਜਰਮਨੀ ਨੂੰ ਹਰਾਉਣ ਲਈ ਸਹਿਯੋਗੀ ਫੌਜਾਂ ਦੇ ਨਾਲ ਮਿਲ ਕੇ ਲੜਾਈ ਲੜੀ। ਜਿਸਦੀ ਜਿੱਤ ਮਈ 1945 ਵਿੱਚ ਬ੍ਰਿਟਨ ਦੇ ਯੁੱਧ ਉਸ ਸਮੇਂ ਦੇ ਪ੍ਰਧਾਨ ਮੰਤਰੀ ਵਿਨਸਟਨ ਚਰਚਿਲ ਦੁਆਰਾ ਐਲਾਨੀ ਗਈ ਸੀ। ਇਸ ਤੋਂ ਪਹਿਲਾਂ ਸਾਰਾਗੜ੍ਹੀ ਦੀ ਲੜਾਈ 12 ਸਤੰਬਰ 1897 ਨੂੰ ਬ੍ਰਿਟਿਸ਼ ਭਾਰਤੀ ਫੌਜ ਅਤੇ ਅਫਗਾਨ ਕਬਾਇਲੀਆਂ ਵਿਚਕਾਰ ਹੋਈ ਸੀ। ਇਹ ਲੜਾਈ ਤਿੰਨ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਖ਼ਤਮ ਹੋ ਗਈ ਸੀ ਅਤੇ ਇਸਨੂੰ ਇਤਿਹਾਸ ਵਿੱਚ ਸਭ ਤੋਂ ਛੋਟੀਆਂ ਲੜਾਈਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।ਇਹ ਲੜਾਈ ਸਰਹੱਦੀ ਖੇਤਰ ਵਿੱਚ ਹੋਈ ਸੀ, ਜਿਸ ਵਿੱਚ 10,000 ਤੋਂ ਵੱਧ ਅਫਗਾਨ ਕਬਾਇਲੀ ਸਨ, ਪਰ ਉਨ੍ਹਾਂ ਦੀਆਂ ਅੱਗੇ ਵਧਣ ਦੀਆਂ ਕੋਸ਼ਿਸ਼ਾਂ ਨੂੰ 21 ਬ੍ਰਿਟਿਸ਼ ਸੈਨਿਕਾਂ ਨੇ ਰੋਕ ਦਿੱਤਾ, ਜਿਨ੍ਹਾਂ ਨੇ ਸਾਰਾਗੜ੍ਹੀ ਦੇ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ ਸੀ। ਬ੍ਰਿਟਿਸ਼ ਫੌਜ ਦੀ ਅਗਵਾਈ ਕਰਨ ਵਾਲੇ ਹਵਾਲਦਾਰ ਗੁਲ ਇਸਲਾਮ ਬੇਗ ਨੇ ਆਪਣੀਆਂ ਫੌਜਾਂ ਨੂੰ ਪਿੱਛੇ ਹਟਣ ਲਈ ਕਿਹਾ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ।ਇਸ ਲੜਾਈ ਵਿੱਚ 21 ਬ੍ਰਿਟਿਸ਼ ਸੈਨਿਕ ਸ਼ਹੀਦ ਹੋਏ ਸਨ ਅਤੇ 20 ਅਫਗਾਨ ਸੈਨਿਕ ਮਾਰੇ ਗਏ ਸਨ।ਬਾਅਦ ਵਿੱਚ ਇਸ ਲੜਾਈ ਵਿੱਚ ਸ਼ਹੀਦ ਹੋਏ ਸੈਨਿਕਾਂ ਨੂੰ "ਇੰਡੀਅਨ ਆਰਡਰ ਆਫ ਮੈਰਿਟ" ਨਾਲ ਸਨਮਾਨਿਤ ਕੀਤਾ।ਸਾਲ 1897 ਵਿੱਚ ਵੀ ਸਿੱਖ ਫੌਜੀਆਂ ਦੀ ਅਗਵਾਈ ਕਰਨ ਵਾਲੇ ਹਵਾਲਦਾਰ ਈਸ਼ਰ ਸਿੰਘ ਦਾ ਤਾਂਬੇ ਦਾ ਬੁੱਤ ਦੀ ਘੁੰਡ ਚੁਕਾਈ ਬ੍ਰਿਟਨ ਵਿੱਚ ਕੀਤੀ ਗਈ। ਈਸ਼ਰ ਸਿੰਘ ਨੇ ਅਫਗਾਨ ਹਮਲਾਵਰਾਂ ਨੂੰ ਦੇਖ ਕੇ ਆਪਣੀ ਪੋਸਟ ਦੀ ਰਾਖੀ ਕਰਦਿਆਂ ਆਪਣੇ ਜਵਾਨਾਂ ਨਾਲ ਜਾਨ ਦਿੱਤੀ ਸੀ। ਵੈਡਨੈਸਫ਼ੀਲਡ ਯੂਕੇ ਵਿੱਚ ਸਾਰਾਗੜ੍ਹੀ ਦੀ ਲੜਾਈ ਵਿੱਚ 36 ਸਿੱਖ ਰੈਜ਼ਮੈਂਟ ਦੇ ਸ਼ਹੀਦ ਹੋਏ ਸੂਰਬੀਰ ਯੋਧਿਆਂ ਨੂੰ ਸਮਰਪਿਤ ਸਿੱਖ ਬ੍ਰਿਟਿਸ਼ ਫੌਜੀਆਂ ਦੀ ਯਾਦ ਵਿੱਚ ਕਾਇਮ ਕੀਤੀ ਯਾਦਗਾਰ ਹੈ।

# ਸਿਹਤ ਲਈ ਇੱਕ ਕਦਮ ਅੱਗੇ — ਘਨੌਲੀ ਵਿੱਚ ਟੀਕਾਕਰਨ ਕੈਂਪ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com




ਰੂਪਨਗਰ,ਘਨੌਲੀ, 7 ਮਈ 2025: ਆਯੁਸ਼ਮਾਨ ਅਰੋਗਿਆ ਕੇਂਦਰ ਮਕੋੜੀ ਕਲਾਂ ਵੱਲੋਂ ਪਿੰਡ ਘਨੌਲੀ ਵਿੱਚ ਇੱਕ ਟੀਕਾਕਰਨ ਕੈਂਪ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਗਰਭਵਤੀ ਮਹਿਲਾਵਾਂ ਅਤੇ ਬੱਚਿਆਂ ਨੂੰ ਮੁਫ਼ਤ ਟੀਕਾਕਰਨ ਸੇਵਾਵਾਂ ਉਪਲਬਧ ਕਰਵਾਉਣਾ ਸੀ।

ਇਹ ਕੈਂਪ ਸੈਨਟਰੀ ਇੰਸਪੈਕਟਰ ਜਸਵਿੰਦਰ ਸਿੰਘ, ਹੈਲਥ ਸੁਪਰਵਾਇਜ਼ਰ ਬਲਜੀਤ ਕੌਰ, ਹੈਲਥ ਵਰਕਰ ਜਸਵਿੰਦਰ ਸਿੰਘ ਅਤੇ ਹੈਲਥ ਵਰਕਰ ਸੁਮਨ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਉਨ੍ਹਾਂ ਨੇ ਸਾਰੇ ਪ੍ਰਬੰਧ ਸੁਚੱਜੇ ਢੰਗ ਨਾਲ ਸੰਭਾਲੇ ਅਤੇ ਟੀਕਾਕਰਨ ਦੀ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਬਣਾਇਆ।

ਕੈਂਪ ਦੀ ਸਫਲਤਾ ਵਿੱਚ ਆਸ਼ਾ ਵਰਕਰਾਂ ਜਸਪਰੀਤ ਕੌਰ, ਕੁਲਦੀਪ ਕੌਰ, ਪਰਮਿੰਦਰ ਕੌਰ, ਸੁਰੀਂਦਰ ਕੌਰ, ਸੀਮਾ ਦੇਵੀ ਅਤੇ ਰਾਜਵਿੰਦਰ ਕੌਰ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਘਰ-ਘਰ ਜਾ ਕੇ ਲੋਕਾਂ ਨੂੰ ਟੀਕਾਕਰਨ ਲਈ ਪ੍ਰੇਰਿਤ ਕੀਤਾ ਅਤੇ ਉਚਿਤ ਜਾਣਕਾਰੀ ਦਿੱਤੀ।

ਸਿਹਤ ਵਿਭਾਗ ਵੱਲੋਂ ਪੈਰਾ-ਮੈਡੀਕਲ ਸਟਾਫ ਨੇ ਟੀਕਾਕਰਨ ਦੇ ਨਾਲ ਨਾਲ ਲੋਕਾਂ ਨੂੰ ਟੀਕਿਆਂ ਦੀ ਲੋੜ ਅਤੇ ਉਨ੍ਹਾਂ ਦੇ ਲਾਭਾਂ ਬਾਰੇ ਵੀ ਜਾਗਰੂਕ ਕੀਤਾ। ਹਰੇਕ ਲਾਭਪਾਤਰੀ ਨੂੰ ਟੀਕਾਕਰਨ ਕਾਰਡ ਜਾਰੀ ਕੀਤਾ ਗਿਆ ਅਤੇ ਸਾਰੇ ਟੀਕੇ ਸੁਰੱਖਿਅਤ ਢੰਗ ਨਾਲ ਲਗਾਏ ਗਏ।

ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਨੇ ਕੈਂਪ ਦੀ ਸਾਰੇ ਟੀਮ ਵੱਲੋਂ ਕੀਤੀ ਗਈ ਮਿਹਨਤ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਹ ਟੀਕਾਕਰਨ ਕੈਂਪ ਪਿੰਡ ਪੱਧਰ 'ਤੇ ਸਿਹਤ ਸੰਭਾਲ ਵਧਾਉਣ ਵੱਲ ਇੱਕ ਅਹੰਕਾਰਪੂਰਨ ਕਦਮ ਹੈ। ਸੈਨਟਰੀ ਇੰਸਪੈਕਟਰ, ਹੈਲਥ ਵਰਕਰਾਂ ਅਤੇ ਆਸ਼ਾ ਵਰਕਰਾਂ ਨੇ ਜੋ ਸਮਰਪਣ ਦਿਖਾਇਆ, ਉਹ ਕਾਬਿਲ-ਏ-ਤਾਰੀਫ਼ ਹੈ। ਅਸੀਂ ਭਵਿੱਖ ਵਿੱਚ ਵੀ ਇਨ੍ਹਾਂ ਯਤਨਾਂ ਨੂੰ ਜਾਰੀ ਰੱਖਾਂਗੇ ਤਾਂ ਜੋ ਹਰ ਨਾਗਰਿਕ ਤੱਕ ਸਿਹਤ ਸੇਵਾਵਾਂ ਪਹੁੰਚ ਸਕਣ।

# ਕੇਂਦਰੀ ਜਾਂਚ ਅਤੇ ਸੁਰੱਖਿਆ ਸੇਵਾਵਾਂ ਲਿਮਟਡ ਵੱਲੋਂ ਸਕਿਊਰਟੀ ਗਾਰਡਾਂ ਦੀ ਭਰਤੀ ਲਈ ਪਲੇਸਮੈਂਟ ਕੈਂਪ ਭਲਕੇ,,

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਮਾਨਸਾ, 07 ਮਈ: (ਆਤਮਾ ਸਿੰਘ ਪਮਾਰ)

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ/ਮਾਡਲ ਕੈਰੀਅਰ ਸੈਂਟਰ ਮਾਨਸਾ ਵਿਖੇ ਕੇਂਦਰੀ ਜਾਂਚ ਤੇ ਸੁਰੱਖਿਆ ਸੇਵਾਵਾਂ ਲਿਮਟਡ ਵੱਲੋਂ 09 ਮਈ ਨੂੰ ਸਕਿਊਰਟੀ ਗਾਰਡਾਂ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਪਲੇਸਮੈਂਟ ਅਫ਼ਸਰ ਗੌਰਵ ਗੋਇਲ ਨੇ ਦੱਸਿਆ ਕਿ ਇਸ ਕੈਂਪ ਵਿਚ ਘੱਟੋ ਘੱਟ ਯੋਗਤਾ 10 ਵੀਂ ਪਾਸ ਮੁੰਡੇ ਤੇ ਕੁੜੀਆਂ ਭਾਗ ਲੈ ਸਕਦੇ ਹਨ ਜਿੰਨ੍ਹਾਂ ਦੀ ਉਮਰ ਸੀਮਾਂ 20 ਤੋਂ 25 ਸਾਲ, ਕੱਦ ਮੁੰਡਿਆਂ ਲਈ 05 ਫੁੱਟ 06 ਇੰਚ ਅਤੇ ਕੁੜੀਆਂ ਲਈ 05 ਫੁੱਟ 02 ਇੰਚ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਚਾਹਵਾਨ ਪ੍ਰਾਰਥੀ ਆਪਣੀ ਵਿੱਦਿਅਕ ਯੋਗਤਾ ਦੇ ਸਰਟੀਫਿਕੇਟਾਂ ਦੀਆਂ ਕਾਪੀਆਂ ਅਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਕੈਂਪ ਵਾਲੇ ਦਿਨ ਸਵੇਰੇ 10:30 ਵਜੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਨੇੜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੇਵਾ ਕੇਂਦਰ ਦੀ ਪਹਿਲੀ ਮੰਜ਼ਿਲ 'ਤੇ) ਪਹੁੰਚ ਸਕਦੇ ਹਨ। ਚੁਣੇ ਗਏ ਪ੍ਰਾਰਥੀਆਂ ਨੂੰ ਤਨਖ਼ਾਹ 24647 ਰੁਪਏ ਮਿਲਣਯੋਗ ਹੋਵੇਗੀ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 98711-93130, 94641-78030 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਖਾਲਸਾ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 302ਵਾਂ ਜਨਮ ਦਿਹਾੜਾ ਮਨਾਇਆ

## • ਇਤਿਹਾਸਿਕ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ, ਹੁਸ਼ਿਆਰਪੁਰ ਵਿਖ਼ੇ ਹੋਇਆ ਸੂਬਾ ਪੱਧਰੀ ਸਮਾਗਮ, • ਚੇਅਰਮੈਨ ਹਰਦੇਵ ਸਿੰਘ ਕੌਂਸਲ ਨੇ ਪੰਜਾਬ ਭਰ ‘ਚ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦਾ ਕੀਤਾ ਐਲਾਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 7 ਮਈ (ਤਰਸੇਮ ਦੀਵਾਨਾ ) ਖਾਲਸਾ ਪੰਥ ਦੇ ਮਹਾਨ ਸੂਰਬੀਰ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 302ਵਾਂ ਜਨਮ ਦਿਹਾੜਾ ਮਨਾਉਣ ਹਿੱਤ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਜੂਕੇਸ਼ਨਲ ਟਰਸਟ (ਰਜਿ) ਅਤੇ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪ੍ਰਬੰਧਾਂ ਹੇਠ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਦਸੂਹਾ (ਮੁਕੇਰੀਆਂ) ਵਿਖ਼ੇ ਚੇਅਰਮੈਨ ਹਰਦੇਵ ਸਿੰਘ ਕੌਂਸਲ,ਵਾਈਸ ਚੇਅਰਮੈਨ ਪ੍ਰਦੀਪ ਸਿੰਘ ਪਲਾਹਾ ਅਤੇ ਪ੍ਰਧਾਨ ਹਰਬੰਸ ਸਿੰਘ ਟਾਂਡਾ ਦੀ ਅਗਵਾਈ ਹੇਠ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਦਿੱਲੀ,ਰਾਜਸਥਾਨ,ਹਰਿਆਣਾ, ਮਹਾਰਾਸ਼ਟਰ, ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼ ਅਤੇ ਸਮੁੱਚੇ ਪੰਜਾਬ ਭਰ ਦੇ ਵੱਖ-ਵੱਖ ਜਿਲਿਆਂ ਤੋਂ ਰਾਮਗੜ੍ਹੀਆ ਭਾਈਚਾਰੇ ਦੇ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ | ਇਸ ਮੌਕੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਜਿਨਾਂ ਵਿੱਚ ਭਾਈ ਵਰਿੰਦਰ ਸਿੰਘ ਖੱਖ, ਭਾਈ ਨਿਰਮਲ ਸਿੰਘ ਹਰੀਪੁਰ ਅਤੇ ਭਾਈ ਕਰਮਜੀਤ ਸਿੰਘ ਗਾਲੋਵਾਲ ਨੇ ਧੁਰ ਕੀ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਉਪਰੰਤ ਖੁਲ੍ਹੇ ਪੰਡਾਲ ਵਿੱਚ ਕਰਵਾਏ ਸੂਬਾ ਪੱਧਰੀ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਡਾ.ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਹੁਸ਼ਿਆਰਪੁਰ.ਗੁਰਵਿੰਦਰ ਸਿੰਘ ਬਾਹਰਾ ਚਾਂਸਲਰ ਅਤੇ ਚੇਅਰਮੈਨ ਰਿਆਤ ਬਾਹਰਾ ਗਰੁੱਪ, ਗੁਰਮਿੰਦਰ ਸਿੰਘ ਮਠਾਰੂ





ਮੈਂਬਰ ਸ਼੍ਰੋਮਣੀ ਕਮੇਟੀ ਦਿੱਲੀ,ਜੀਐਸ ਮੁਲਤਾਨੀ ਇੰਚਾਰਜ ਹਲਕਾ ਮੁਕੇਰੀਆਂ,ਬੀਬੀ ਇੰਦੂ ਬਾਲਾ ਸਾਬਕਾ ਵਿਧਾਇਕ ਮੁਕੇਰੀਆਂ, ਲਖਵਿੰਦਰ ਸਿੰਘ ਲੱਖੀ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ,ਸੰਜੀਵ ਤਲਵਾੜ ਸੀਨੀਅਰ ਆਗੂ ਸ਼੍ਰੋਮਣੀ ਅਕਾਲੀ ਦਲ ਨੇ ਸ਼ਿਰਕਤ ਕੀਤੀ | ਇਸ ਮੌਕੇ ਆਪਣੇ ਸੰਬੋਧਨ ਵਿੱਚ ਹਰਦੇਵ ਸਿੰਘ ਕੌਂਸਲ ਚੇਅਰਮੈਨ ਨੇ ਇਤਿਹਾਸਿਕ ਕਿਲਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਅਤੇ ਰਾਮਗੜ੍ਹੀਆ ਭਾਈਚਾਰੇ ਨਾਲ ਸੰਬੰਧਿਤ 13 ਨੁਕਾਤੀ ਮਤੇ ਪੇਸ਼ ਕੀਤੇ ਜਿਨਾਂ ਵਿੱਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਮੌਕੇ 5 ਮਈ ਨੂੰ ਸਮੁੱਚੇ ਪੰਜਾਬ ਭਰ ਵਿੱਚ ਸਰਕਾਰੀ ਛੁੱਟੀ ਕੀਤੇ ਜਾਣ, ਇਤਿਹਾਸਿਕ ਕਿਲਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੂੰ ਅਲੀਸ਼ਾਨ ਵਿਰਾਸਤੀ ਦਿੱਖ ਪ੍ਰਦਾਨ ਕਰਨ, ਰਾਮਗੜ੍ਹੀਆ ਭਾਈਚਾਰੇ ਦੇ ਬੱਚਿਆਂ ਨੂੰ ਯੂਪੀਐਸਸੀ ਲੈਵਲ ਦੇ ਇਮਤਿਹਾਨਾਂ ਦੀ ਤਿਆਰੀ ਤੇ ਉਚੇਰੀ ਸਿੱਖਿਆ ਲਈ ਮੁਫਤ ਕੋਚਿੰਗ ਮੁਹਈਆ ਕਰਵਾਉਣ, ਬਾਰਵੀਂ ਤੱਕ ਆਈਸੀਐਸਸੀ ਜਾਂ ਸੀਬੀਐਸਈ ਪੈਟਰਨ ਦਾ ਸਕੂਲ ਖੋਲਣ ਸਮੇਤ 13 ਮਤੇ ਪੇਸ਼ ਕੀਤੇ ਜਿਨਾਂ ਨੂੰ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ | ਇਸ ਮੌਕੇ ਆਪਣੇ ਸੰਬੋਧਨ ਵਿੱਚ ਹਰਦੇਵ ਸਿੰਘ ਕੌਂਸਲ ਨੇ ਰਾਮਗੜ੍ਹੀਆ ਭਾਈਚਾਰੇ ਦੀ ਰਾਜਨੀਤੀ ਤੇ ਧਾਰਮਿਕ ਖੇਤਰਾਂ ਵਿੱਚ ਬਹੁਤ ਘੱਟ ਨੁਮਾਇੰਦਗੀ ਨੂੰ ਵੇਖਦਿਆਂ ਇਹਨਾਂ ਦੋਵਾਂ ਖੇਤਰਾਂ ਵਿੱਚ ਰਾਮਗੜ੍ਹੀਆ ਕੌਮ ਦੀ ਗਿਣਤੀ ਵਧਾਉਣ ਲਈ ਮੁਢਲੇ ਪੜਾਅ ਵਿੱਚ ਸਮੁੱਚੇ ਪੰਜਾਬ ਭਰ ‘ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਦਾ ਐਲਾਨ ਕੀਤਾ | ਇਸ ਮੌਕੇ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਸਿੱਖ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਨ ਮਨਾਉਣ ਹਿੱਤ ਕਰਵਾਏ ਇਸ ਵੱਡੇ ਪੱਧਰ ਦੇ ਸਮਾਗਮ ਨੂੰ ਦੇਖ ਕੇ ਬਹੁਤ ਖੁਸ਼ੀ ਹੋਈ ਤੇ ਉਹਨਾਂ ਦੀ ਵਿਰਾਸਤੀ ਯਾਦਗਾਰ ਨੂੰ ਵਿਸ਼ਵ ਪੱਧਰ ਤੇ ਲੈ ਕੇ ਜਾਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਉਹਨਾਂ ਆਪਣੇ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਯਾਦਗਾਰੀ ਗੇਟ ਬਣਾਉਣ ਲਈ 10 ਲੱਖ ਰੁਪਏ ਤੇ ਪਹੁੰਚ ਮਾਰਗ ‘ਤੇ ਲਾਈਟਾਂ ਲਗਾਉਣ ਲਈ ਢਾਈ ਲੱਖ ਰੁਪਏ ਦੇਣ ਦਾ ਐਲਾਨ ਕੀਤਾ | ਰਿਆਤ ਬਾਹਰਾ ਗਰੁੱਪ ਦੇ ਚਾਂਸਲਰ ਅਤੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਵੱਲੋਂ ਉਨ੍ਹਾਂ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਬਹਾਦਰੀ ਨੂੰ ਸਿਜ਼ਦਾ ਕਰਦਿਆਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਕਿਲੇ ਵਿੱਚ ਉਹਨਾਂ ਦਾ ਸਟੈਚੂ ਸਥਾਪਿਤ ਕਰਨ ਦੀ ਸੇਵਾ ਲਈ ਅਤੇ ਰਿਆਤ ਬਾਹਰਾ ਗਰੁੱਪ ਵਿੱਚ ਟਰੱਸਟ ਵੱਲੋਂ ਰੈਫਰ ਕੀਤੇ ਜਾਣ ਵਾਲੇ ਭਾਈਚਾਰੇ ਦੇ ਬੱਚਿਆਂ ਲਈ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਕਾਲਰਸ਼ਿਪ ਦੇਣ ਦਾ ਐਲਾਨ ਕੀਤਾ। ਇਸ ਮੌਕੇ ਜੀਐਨਏ ਗਰੁੱਪ ਦੇ ਚੇਅਰਮੈਨ ਗੁਰਸ਼ਰਨ ਸਿੰਘ ਵੱਲੋਂ ਕਿਲੇ ਨੂੰ ਵਿਰਾਸਤੀ ਦਿੱਖ ਪ੍ਰਦਾਨ ਕਰਨ ਲਈ 2 ਲੱਖ ਰੁਪਏ ਭੇਂਟ ਕੀਤੇ ਗਏ ਇਸ ਤੋਂ ਇਲਾਵਾ ਆਰਐਸਓ ਦੇ ਸੀਨੀਅਰ ਮੀਤ ਪ੍ਰਧਾਨ ਇੰਡੀਆ ਗੁਰਵਿੰਦਰ ਸਿੰਘ ਗਿੰਦਾ ਲੁਧਿਆਣਾ ਵੱਲੋਂ ਗੁਰਦੁਆਰਾ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਅਤੇ ਸੁੱਖ ਆਸਣ ਸੁੰਦਰ ਪਲੰਘ ਤੇ ਕੀਰਤਨ ਸਟੇਜ ਲਈ 1.11 ਲੱਖ ਭੇਂਟ ਕੀਤੇ ਗਏ | ਇਸ ਮੌਕੇ ਜਗਸੀਰ ਸਿੰਘ ਧੀਮਾਨ ਬਰਨਾਲਾ ਤੇ ਉਹਨਾਂ ਦੇ ਸਾਥੀਆਂ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਪਾਲਕੀ ਸਾਹਿਬ ਬੱਸ ਭੇਂਟ ਕਰਨ ਦਾ ਐਲਾਨ ਕੀਤਾ ਗਿਆ | ਇਸ ਮੌਕੇ ਪੰਜਾਬ ਭਰ ਤੋਂ ਆਏ ਉਦਯੋਗਪਤੀ ਅਮਰ ਸਿੰਘ ਦਸ਼ਮੇਸ਼ ਕੰਬਾਈਨ, ਸਟੈਂਡਰਡ ਟਰੈਕਟਰ ਦੇ ਮਾਲਕ ਸਰਦਾਰ ਨਛੱਤਰ ਸਿੰਘ ਭਰੀ, ਬਲਕਾਰ ਕੰਬਾਈਨ ਦੇ ਮਾਲਕ ਮੱਖਣ ਸਿੰਘ ਭਰੀ ਅਤੇ ਪਨੇਸਰ ਕੰਬਾਈਨ ਦੇ ਮਾਲਕ ਜਗਜੀਤ ਸਿੰਘ ਪਨੇਸਰ,ਓਂਕਾਰ ਇੰਡਸਟਰੀ ਦੇ ਮਾਲਕ ਹਰਦੀਪ ਸਿੰਘ ਨਨੜੇ, ਹਰਜਿੰਦਰਾ ਇੰਡਸਟਰੀ ਦੇ ਮਾਲਕ ਖੁਸ਼ਵਿੰਦਰ ਸਿੰਘ ਸੰਧੂ,ਜਤਿੰਦਰ ਸਿੰਘ ਕੁੰਦੀ ਫਗਵਾੜਾ, ਗੁਰਸ਼ਰਨ ਸਿੰਘ ਸੰਧੂ ਦਿੱਲੀ ਅਤੇ ਹੋਰ ਅਹਿਮ ਸ਼ਖਸ਼ੀਅਤਾਂ ਦਾ ਕਿਲਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਟਰਸਟ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ | ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਸੰਤ ਬਾਬਾ ਬਲਵੀਰ ਸਿੰਘ ਬਿਰਧ ਆਸ਼ਰਮ ਹਰਿਆਣਾ, ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸ਼੍ਰੋਮਣੀ ਭਗਤ ਧੰਨਾ ਜੀ ਤਰਨਾ ਦਲ, ਉਂਕਾਰ ਸਿੰਘ ਖਾਲਸਾ ਨੂਰਪੁਰ, ਲਖਵਿੰਦਰ ਸਿੰਘ ਬਿੱਟੂ ਪ੍ਰਧਾਨ ਆਰਐਸਓ ਰਾਜਸਥਾਨ, ਪਰਮਜੀਤ ਕੌਰ ਸੰਗਰੀਆ ਸੂਬਾ ਮਹਿਲਾ ਪ੍ਰਧਾਨ ਰਾਜਸਥਾਨ, ਕੁਲਦੀਪ ਸਿੰਘ ਮਠਾਰੂ ਸੂਬਾ ਪ੍ਰਧਾਨ ਮਹਾਰਾਸ਼ਟਰ, ਦਵਿੰਦਰ ਸਿੰਘ ਬਿੰਦਾ ਪ੍ਰਧਾਨ ਜੰਮੂ ਕਸ਼ਮੀਰ, ਸ਼ਮਿੰਦਰ ਸਿੰਘ ਚਾਨਾ ਮੁਕਤਸਰ, ਚਰਨਜੀਤ ਸਿੰਘ ਝੰਡੇਆਣਾ ਮੋਗਾ,ਗਿਆਨ ਸਿੰਘ ਅੰਮ੍ਰਿਤਸਰ, ਕੁਲਤਾਰ ਸਿੰਘ ਲਾਲੀ ਲੁਧਿਆਣਾ, ਗੁਰਜਿੰਦਰ ਸਿੰਘ ਗੁਰਦਾਸਪੁਰ, ਬੀਕੇ ਕਲਸੀ ਧੂਰੀ, ਸੁਖਦੇਵ ਸਿੰਘ ਸ਼ੰਟੀ ਜ਼ਿਲਾ ਪ੍ਰਧਾਨ ਬਰਨਾਲਾ, ਨਛੱਤਰ ਸਿੰਘ ਧੰਮੂ ਜਿਲ੍ਹਾ ਪ੍ਰਧਾਨ ਬਠਿੰਡਾ,ਵਿਸ਼ੇਸ਼ ਸ਼ਿਰਕਤ ਕੀਤੀ | ਇਸ ਮੌਕੇ ਮੰਚ ਸੰਚਾਲਨ ਦੀ ਸੇਵਾ ਗੁਰਬਿੰਦਰ ਸਿੰਘ ਪਲਾਹਾ ਪ੍ਰੈਸ ਸਕੱਤਰ ਇੰਡੀਆ ਵੱਲੋਂ ਨਿਭਾਈ ਗਈ | ਟਰੱਸਟ ਦੇ ਵਾਈਸ ਚੇਅਰਮੈਨ ਪ੍ਰਦੀਪ ਸਿੰਘ ਪਲਾਹਾ, ਅਤੇ ਪ੍ਰਧਾਨ ਹਰਬੰਸ ਸਿੰਘ ਟਾਂਡਾ ਨੇ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ | ਇਸ ਸਮਾਗਮ ਵਿੱਚ ਸਰਪ੍ਰਸਤ ਧਰਮਪਾਲ ਸਲਗੋਤਰਾ, ਦਵਿੰਦਰ ਸਿੰਘ ਘੋਗਰਾ ਜਨਰਲ ਸਕੱਤਰ,ਕਾਬਲ ਸਿੰਘ ਮੈਨੇਜਰ,ਐਕਸੀਅਨ ਗੁਰਦੇਵ ਸਿੰਘ ਅਸਿਸਟੈਂਟ ਮੈਨਜਰ,ਹਰਜੀਤ ਸਿੰਘ ਮਠਾਰੂ,ਸੁਖਦੇਵ ਸਿੰਘ,ਬਲਬੀਰ ਸਿੰਘ, ਕੈਸ਼ੀਅਰ ਲਖਵੀਰ ਸਿੰਘ, ਭਾਈ ਦਲਜੀਤ ਸਿੰਘ, ਭਾਈ ਰਵਿੰਦਰ ਸਿੰਘ ਮੁਕੇਰੀਆਂ, ਜਸਵੰਤ ਸਿੰਘ ਭੋਗਲ ਜ਼ਿਲਾ ਚੇਅਰਮੈਨ ਆਰਐਸਓ ਇੰਜ. ਬਲਜੀਤ ਸਿੰਘ ਪਨੇਸਰ ਐਕਸੀਅਨ, ਜਗਦੀਪ ਸਿੰਘ ਸੀਹਰਾ ਅਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ

# ਐਸ ਜੀ ਪੀ ਸੀ ਵਲੋਂ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਤੇ ਕਬਜ਼ੇ ਦੀਆਂ ਕੋਸ਼ਿਸ਼ਾਂ ਵਿਰੁੱਧ ਇਲਾਕੇ ਦੀਆਂ ਸੰਗਤਾਂ ਵੱਲੋਂ ਭਾਰੀ ਰੋਸ ਰੈਲੀ

## ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਐਸ ਜੀ ਪੀ ਸੀ ਸਮੇਤ ਕਿਸੇ ਵੀ ਬਾਹਰੀ ਧਿਰ ਦੀ ਦਖ਼ਲ ਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ - ਡਾ ਚਰਨਜੀਤ ਸਿੰਘ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਮੋਰਿੰਡਾ 7 ਮਈ (ਪਤਰ ਪ੍ਰੇਰਕ) ਅਕਾਲੀ ਦਲ ਬ ਨਾਲ ਸਬੰਧਤ ਕੁਝ ਬਾਹਰੀ ਲੋਕ ਧੱਕੇਸ਼ਾਹੀ ਨਾਲ ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਤੇ ਕਬਜ਼ਾ ਕਰਨ ਦੀਆਂ ਯੋਜਨਾਵਾਂ ਬਣਾ ਰਹੇ ਹਨ ਜੋ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਹ ਵਿਚਾਰ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਉਹਨਾ ਨੇ ਦੱਸਿਆ ਕਿ ਇਤਹਾਸਿਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਲਈ ਜ਼ਮੀਨ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਨਗਰ ਕੌਂਸਲ ਮੋਰਿੰਡਾ ਵਲੋਂ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਦੇ ਨਾਮ ਇਕ ਮਤਾ ਪਾਸ ਕਰਕੇ ਲੀਜ਼ ਤੇ ਦਿਤੀ ਗਈ ਸੀ। ਗੁਰਦੁਆਰਾ ਕੋਤਵਾਲੀ ਸਾਹਿਬ ਸਾਹਿਬ ਵਲੋਂ ਠੇਕੇ ਦੀ ਰਕਮ ਸਨ 2120 ਤੱਕ ਜਮ੍ਹਾਂ ਕਰਵਾਈ ਹੋਈ ਹੈ। ਹੁਣ ਜਗਤ ਮਾਤਾ , ਮਾਤਾ ਗੁਜਰ ਕੌਰ, ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੇ ਚਰਨ ਛੋਹ ਪ੍ਰਾਪਤ ਇਸ ਜ਼ਮੀਨ ਤੇ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਸ਼ਸ਼ੋਭਿਤ ਹੈ ਜਿਥੇ ਹਜ਼ਾਰਾਂ ਸੰਗਤਾਂ ਰੋਜ਼ਾਨਾ ਦਰਸ਼ਨ ਕਰਨ ਲਈ ਪਹੁੰਚਦੀਆਂ ਹਨ। ਇਸ ਗੁਰਦੁਆਰਾ ਸਾਹਿਬ ਦੀ ਸੇਵਾ ਪੰਥ ਰਤਨ ਜਥੇਦਾਰ ਬਾਬਾ ਹਰਬੰਸ ਸਿੰਘ ਕਾਰ ਸੇਵਾ ਦਿੱਲੀ ਵਾਲਿਆਂ ਦੀ ਸੰਪ੍ਰਦਾਇ ਵਲੋਂ ਬਾਬਾ ਸੁਰਿੰਦਰ ਸਿੰਘ ਕਾਰ ਸੇਵਾ ਦਿੱਲੀ ਵਾਲੇ ਕਰਵਾ ਰਹੇ ਹਨ ਹੁਣ ਅਕਾਲੀ ਦਲ ਬਾਦਲ ਨਾਲ ਸਬੰਧਤ ਕੁਝ ਬਾਹਰੀ ਵਰਕਰ ਧੱਕੇਸਾਹੀ ਅਤੇ ਗੈਰ ਕਾਨੂੰਨੀ ਤਰੀਕੇ ਨਾਲ ਗੁਰਦੁਆਰਾ ਕੋਤਵਾਲੀ ਸਾਹਿਬ ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਇਸ



ਧੱਕੇਸ਼ਾਹੀ ਨੂੰ ਸਹਿਨ ਨਹੀਂ ਕੀਤਾ ਜਾਵੇਗਾ। ਜੇ ਕਰ ਕੋਈ ਧੱਕੇ ਨਾਲ ਗੁਰਦੁਆਰਾ ਸਾਹਿਬ ਤੇ ਕਾਬਜ਼ ਹੋਣ ਦੀ ਕੋਸ਼ਿਸ਼ ਕਰੇਗਾ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਹਨਾਂ ਆਖਿਆ ਕਿ ਹੁਣ ਪੰਜਾਬ ਅੰਦਰ ਆਦਮੀ ਪਾਰਟੀ ਦੀ ਸਰਕਾਰ ਹੈ ਇਸ ਕਾਰਨ ਕਾਨੂੰਨ ਦਾ ਰਾਜ ਹੈ। ਉਹਨਾਂ ਆਖਿਆ ਕਿ ਐਸ ਸੀ ਪੀ ਸੀ ਦਾ ਕੰਮ ਧਰਮ ਪ੍ਰਚਾਰ ਕਰਨਾ ਹੁੰਦਾ ਹੈ। ਗੁਰੂ ਦੀ ਗੋਲਕ ਗਰੀਬ ਦਾ ਮੂੰਹ, ਕਹਾਵਤ ਅਨੁਸਾਰ ਲੋਕ ਭਲਾਈ ਦੇ ਕੰਮ ਕਰਨੇ ਚਾਹੀਦੇ ਹਨ ਪਰ ਐਸ ਜੀ ਪੀ ਸੀ ਅਪਣੇ ਕੰਮਾਂ ਨੂੰ ਭੁੱਲ ਕੇ ਗੁਰੂ ਘਰਾਂ ਤੇ ਕਬਜ਼ੇ ਕਰਨ ਵਿੱਚ ਲਗੀ ਹੋਈ ਹੈ। ਡਾ ਚਰਨਜੀਤ ਸਿੰਘ ਨੇ ਆਖਿਆ ਕਿ ਪੰਜਾਬ ਦੇ ਲੋਕ ਇਹਨਾਂ ਦੀ ਕਾਰਗੁਜ਼ਾਰੀ ਤੋਂ ਬਹੁਤ ਦੁਖੀ ਹਨ ਇਹਨਾਂ ਨੂੰ ਭਜਾਉਣ ਲਈ ਸਹੀ ਸਮੇਂ ਦਾ ਇੰਤਜ਼ਾਰ ਕਰ ਰਹੇ ਹਨ। ਉਹਨਾਂ ਇਲਾਕੇ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਦੇ ਪ੍ਰਬੰਧਕ ਡੇਰਾ ਕਾਰ ਸੇਵਾ ਅਤੇ ਕਮੇਟੀ ਦੇ ਨਾਲ ਡਟ ਕੇ ਖੜੀ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ,ਸੁਖਵਿੰਦਰ ਸਿੰਘ ਪ੍ਰਧਾਨ ਟਰੱਕ ਯੂਨੀਅਨ ਮੋਰਿੰਡਾ, ਪ੍ਰਗਟ ਸਿੰਘ ਰੌਲੂ ਮਾਜਰਾ ਸ੍ਰਪਰਸਤ ਭਾਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਰੂਪਨਗਰ, ਕਰਨੈਲ ਸਿੰਘ ਜੀਤ ਵਾਇਸ ਚੇਅਰਮੈਨ ਪੀ ਏ ਡੀ ਬੈਂਕ, ਹਰਮਿੰਦਰ ਸਿੰਘ ਲੱਕੀ, ਬਾਬਾ ਸੁਰਿੰਦਰ ਸਿੰਘ ਸੋਢੀ, ਭਿੰਦਰ ਸਿੰਘ ਸਾਬਕਾ ਸਰਪੰਚ ਰੋਣੀ, ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਐਸ ਜੀ ਪੀ ਸੀ ਨਾਲ ਸਬੰਧਤ ਲੋਕਾਂ ਵਲੋਂ ਕੋਤਵਾਲੀ ਸਾਹਿਬ ਦੇ ਪ੍ਰਬੰਧਾਂ ਬਾਰੇ ਕੀਤੇ ਜਾ ਰਹੇ ਝੂਠੇ,ਕੂੜ ਪ੍ਰਚਾਰ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕਰਦਿਆਂ ਚੇਤਾਵਨੀ ਦਿੱਤੀ ਹੈ ਕਿ ਧੱਕੇ ਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਸਮੇਂ ਹੋਰਨਾਂ ਤੋਂ ਇਲਾਵ ਰਾਜਿੰਦਰ ਸਿੰਘ ਰਾਜਾ ਸੰਯੁਕਤ ਸਕੱਤਰ ਆਮ ਆਦਮੀ ਪਾਰਟੀ ਪੰਜਾਬ, ਜਗਤਾਰ ਸਿੰਘ ਸਿਆਸੀ ਸਕੱਤਰ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ, ਨਵਦੀਪ ਸਿੰਘ ਟੋਨੀ ਮੈਂਬਰ ਇੰਪਰੂਵਮੈਂਟ ਟਰਸੱਟ, ਦਰਸ਼ਨ ਸਿੰਘ ਸੰਧੂ ਪ੍ਰਧਾਨ ਬਲਾਕ ਕਾਂਗਰਸ ਕਮੇਟੀ ਮੋਰਿੰਡਾ,ਇਕਬਾਲ ਸਿੰਘ ਡੂਮਛੇੜੀ,ਗੁਰਦੁਆਰਾ ਸਾਹਿਬ ਦੇ ਮੈਨੇਜਰ ਦਵਿੰਦਰ ਸਿੰਘ, ਕਮੇਟੀ ਮੈਂਬਰ ਸ਼ੇਰ ਸਿੰਘ ਡੂਮਛੇੜੀ, ਹਰਦੀਪ ਸਿੰਘ ਅਨੰਦ ਗੁਰਮੁੱਖ ਸਿੰਘ ਸੰਤ ਨਗਰ, ਜਗਨੰਦਨ ਸਿੰਘ ਅਨੰਦ, ਨਵਤੇਜ ਸਿੰਘ ਤੇਜੀ, ਗੁਰਪ੍ਰੀਤ ਸਿੰਘ ਬਾਲ ਸੰਡਾ, ਪਰਮਿੰਦਰ ਸਿੰਘ, ਚਰਨਜੀਤ ਸਿੰਘ ਢੋਲਣ ਮਾਜਰਾ, ਜਗਤਾਰ ਸਿੰਘ ਮੋਹਣ ਮਾਜਰਾ, ਗੁਰਮੀਤ ਸਿੰਘ ਮੋਰਿੰਡਾ, ਸ਼ਮਸ਼ੇਰ ਸਿੰਘ ਸੰਗਤ ਪੁਰਾ, ਕੁਲਵੀਰ ਸਿੰਘ ਦਾਤਾਰਪੁਰ, ਜੋਗਿੰਦਰ ਸਿੰਘ ਬੰਗੀਆਂ ਸਾਬਕਾ ਮੈਂਬਰ ਬਲਾਕ ਸੰਮਤੀ ਮੋਰਿੰਡਾ, ਮਨਜੀਤ ਸਿੰਘ ਸਾਬਕਾ ਸਰਪੰਚ, ਗੁਰਿੰਦਰ ਸਿੰਘ ਖਟੜਾ ਰਤਨਗੜ੍ਹ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂ ਹਰਚੰਦ ਸਿੰਘ ਰਤਨਗੜ੍ਹ ਅਤੇ ਸੰਤੋਖ ਸਿੰਘ ਕਲਹੇੜੀ, ਅਮਰਜੀਤ ਸਿੰਘ ਸਰਪੰਚ,ਗੁਰਜੀਤ ਸਿੰਘ ਸਰਪੰਚ, ਗੁਰਪ੍ਰੀਤ ਸਿੰਘ ਅਤੇ ਕਾਕਾ ਸਿੰਘ ਦਾਤਾਰਪੁਰ,ਭਾਗ ਸਿੰਘ, ਸੁਪਰਡੈਂਟ ਭਾਗ ਸਿੰਘ ਮਕੜੌਨਾ, ਪ੍ਰਿੰਸੀਪਲ ਬਾਵਾ ਸਿੰਘ ਲੱਧੜ, ਠੇਕੇਦਾਰ ਮੰਗਤ ਸਿੰਘ,ਸੁਲੱਖਣ ਸਿੰਘ ਮੜੌਲੀ ਕਲਾਂ, ਗੁਰਪ੍ਰੀਤ ਸਿੰਘ ਸਰਹਾਣਾ ਆਦਿ ਪੰਚ ਸਰਪੰਚ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# “ ਸਾਡਾ ਸੱਭਿਆਚਾਰਕ ਪੇਂਡੂ ਰੁੱਖ : ਲਸੂੜਾ”

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਮਈ
INTERNATIONAL PAPER, 9463601616
hardipchumber57@gmail.com





ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356

ਸਾਡੇ ਸੱਭਿਆਚਾਰ ਦੇ ਨਾਲ ਅਨੇਕਾਂ ਵਸਤੂਆਂ ਦਾ ਸੰਬੰਧ ਰਿਹਾ ਹੈ , ਉਨ੍ਹਾਂ ਵਿੱਚੋਂ ਇੱਕ ਹੈ : ਲਸੂੜੇ ਦਾ ਰੁੱਖ । ਲਸੂੜੇ ਦੇ ਰੁੱਖ ਦਾ ਜਿਕਰ ਸਾਡੇ ਦੈਨਿਕ ਜੀਵਨ ਅਤੇ ਲੋਕ ਗੀਤਾਂ ਵਿੱਚ ਵੀ ਰਿਹਾ ਹੈ । ਲਸੂੜੇ ਦੇ ਫਲ ਨੂੰ ਵੀ ਲਸੂੜਾ ਹੀ ਕਿਹਾ ਜਾਂਦਾ ਹੈ । ਇਸ ਨੂੰ ਲੱਗਣ ਵਾਲੇ ਕੱਚੇ ਹਰੇ ਰੰਗ ਦੇ ਫਲ ਤੋਂ ਲੋਕ ਅਕਸਰ ਆਚਾਰ ਬਣਾਉਂਦੇ ਹਨ । ਪੱਕਣ 'ਤੇ ਇਹ ਫਲ ਕਾਫੀ ਲੇਸਦਾਰ , ਚਿਪਚਿਪਾ ਤੇ ਗੂੰਦ ਵਰਗਾ ਹੋ ਜਾਂਦਾ ਹੈ , ਜਿਸ ਨੂੰ ਬੱਚੇ ਆਦਿ ਬੜੇ ਚਾਅ ਨਾਲ ਪਹਿਲਕੇ ਸਮਿਆਂ ਵਿੱਚ ਖਾਂਦੇ ਹੁੰਦੇ ਸਨ ਅਤੇ ਕਈ ਵਾਰ ਕਾਪੀਆਂ ਕਿਤਾਬਾਂ ਦੇ ਪੰਨੇ ਆਦਿ ਜੋੜਨ ਲਈ ਵੀ ਲਸੂੜੇ ਦੇ ਫਲ ਤੋਂ ਚਿਪਚਿਪੇ ਪਦਾਰਥ ਦੀ ਵਰਤੋਂ ਕਰ ਲਈ ਜਾਂਦੀ ਹੁੰਦੀ ਸੀ । ਇਸ ਦਾ ਦਰਖ਼ਤ ਨਹਿਰਾਂ ਤੇ ਦਰਿਆਵਾਂ ਦੇ ਕੰਢਿਆਂ, ਜੰਗਲਾਂ ,ਬੇਲਿਆਂ ਜਾਂ ਗੈਰ ਆਬਾਦ ਤੇ ਖਾਲੀ ਥਾਵਾਂ 'ਤੇ ਉੱਗਿਆ ਹੋਇਆ ਦੇਖਿਆ ਮਿਲਦਾ ਸੀ । ਲੋਕ ਘਰਾਂ ਵਿੱਚ ਲਸੂੜੇ ਦਾ ਦਰਖਤ ਲਗਾਉਣ ਤੋਂ ਗੁਰੇਜ਼ ਕਰਦੇ ਸਨ। ਲਸੂੜੇ ਦੇ ਦਰੱਖਤ ਦਾ ਆਕਾਰ ਦਰਮਿਆਨੇ ਦਰਜੇ ਦਾ ਹੁੰਦਾ ਹੈ। ਇਸ ਦਾ ਤਣਾ ਮਟਮੈਲਾ ਭੂਰੇ ਜਿਹੇ ਰੰਗ ਦਾ ਹੁੰਦਾ ਹੈ ਅਤੇ ਫਲ ਹਰੇ ਰੰਗ ਦੇ ਹੁੰਦੇ ਹਨ ਅਤੇ ਪੱਕ ਜਾਣ ਤੋਂ ਬਾਅਦ ਸਫੈਦ ਤੇ ਕੁਝ ਗੁਲਾਬੀ ਜਿਹੇ ਹੋ ਜਾਂਦੇ ਹਨ । ਲਸੂੜੇ ਦੇ ਦਰਖਤ ਦੀ ਲੱਕੜ ਤੋਂ ਫਰਨੀਚਰ ਆਦਿ ਦਾ ਸਾਮਾਨ ਬਣਾਉਣ ਤੋਂ ਵੀ ਗੁਰੇਜ਼ ਹੀ ਕੀਤਾ ਜਾਂਦਾ ਸੀ। ਇਸ ਦੇ ਸੁੱਕੇ ਹੋਏ ਦਰੱਖਤ ਨੂੰ ਬਾਲਣ ਵਜੋਂ ਲੋਕ ਵਰਤਦੇ ਸਨ । ਲਸੂੜੇ ਦੇ ਦਰੱਖਤ ਨੂੰ ਆਮ ਤੌਰ 'ਤੇ ਅਪ੍ਰੈਲ - ਮਈ ਦੇ ਮਹੀਨੇ ਦੌਰਾਨ ਫੁੱਲ - ਫਲ ਲੱਗਦੇ ਹਨ । ਕਈ ਵੈਦ, ਹਕੀਮ ਅਤੇ ਹੋਰ ਜਾਣਕਾਰ ਵਿਅਕਤੀ ਇਸ ਦਰੱਖਤ ਤੋਂ ਦਵਾਈਆਂ ਆਦਿ ਬਣਾਉਣ ਦਾ ਕੰਮ ਵੀ ਕਰਦੇ ਸਨ । ਲੱਗਭਗ ਨੌਵੇਂ ਦਹਾਕੇ ਦੇ ਕਰੀਬ ਬੱਚੇ ਅਕਸਰ ਪੱਕੇ ਹੋਏ ਲਸੂੜੇ ਤੋੜ ਕੇ ਚਾਈਂ - ਚਾਈਂ ਖਾਂਦੇ ਹੁੰਦੇ ਸਨ । ਜੋ ਕਿ ਸਿਹਤ ਲਈ ਵੀ ਕਾਫੀ ਵਧੀਆ ਹੁੰਦੇ ਹਨ ।ਲਸੂੜੇ ਦੇ ਦਰਖ਼ਤ ਦੀ ਚਰਚਾ ਸਾਡੇ ਸੱਭਿਆਚਾਰ ਤੇ ਸਾਡੇ ਲੋਕ ਗੀਤਾਂ ਵਿੱਚ ਕੀਤੀ ਗਈ ਮਿਲਦੀ ਹੈ । ਪੁਰਾਣੇ ਸਮਿਆਂ ਵਿੱਚ ਜਦੋਂ ਪਿੰਡਾਂ ਵਿੱਚ ਲੋਕਾਂ ਨੇ ਬੱਕਰੀਆਂ ਆਦਿ ਰੱਖੀਆਂ ਹੋਈਆਂ ਹੁੰਦੀਆਂ ਸਨ , ਉਦੋਂ ਲਸੂੜੇ ਦੇ ਪੱਤੇ ਬੱਕਰੀਆਂ ਦੇ ਚਾਰੇ ਵਜੋਂ ਲੋਕ ਵਰਤ ਲਿਆ ਕਰਦੇ ਹੁੰਦੇ ਸਨ। ਇੱਕ ਅਖਾਣ ਵੀ ਹੈ : "ਲਸੂੜੇ ਵਾਂਗ ਚਿੰਬੜਨਾ" , ਭਾਵ ਜਦੋਂ ਕੋਈ ਵਿਅਕਤੀ ਕਿਸੇ ਗੱਲ ਕਰਕੇ ਕਿਸੇ ਦੂਜੇ ਵਿਅਕਤੀ ਦੇ ਪਿੱਛੇ ਹੀ ਪੈ ਜਾਵੇ , ਤਦ ਇਹ ਅਖਾਣ ਵਰਤਿਆ ਜਾਂਦਾ ਹੈ । ਅੱਜ ਕੱਲ੍ਹ ਗੈਰ - ਆਬਾਦ ਜ਼ਮੀਨਾਂ , ਚਰਾਂਦਾਂ , ਸ਼ਾਮਲਾਤਾਂ ਆਦਿ ਕਾਫ਼ੀ ਘੱਟ ਗਈਆਂ ਹਨ , ਆਬਾਦੀ ਵਧ ਗਈ ਹੈ ਅਤੇ ਖੇਤੀ ਨਹਿਰੀ ਜਾਂ ਖੂਹਾਂ ਦੇ ਪਾਣੀ 'ਤੇ ਨਿਰਭਰ ਹੋ ਗਈ ਹੈ। ਇਸ ਲਈ ਅੱਜ ਕੱਲ੍ਹ ਲਸੂੜੇ ਦਾ ਦਰੱਖਤ ਵੀ ਕਿਤੇ ਵਿਰਲਾ ਟਾਵਾਂ - ਟਾਵਾਂ ਹੀ ਨਜ਼ਰ ਆਉਂਦਾ ਹੈ ਅਤੇ ਲਸੂੜੇ ਦਾ ਆਚਾਰ ਤੇ ਪੱਕੇ ਹੋਏ ਲਸੂੜੇ ਖਾਣਾ ਸ਼ਾਇਦ ਬੀਤੇ ਦੀ ਬਾਤ ਹੋ ਗਏ ਹਨ । ਪਰ ਇਹ ਦਰੱਖਤ ਸਾਡੇ ਸੱਭਿਆਚਾਰ ਨਾਲ, ਸਾਡੀਆਂ ਯਾਦਾਂ ਨਾਲ , ਸਾਡੇ ਲੋਕ ਗੀਤਾਂ ਨਾਲ , ਸਾਡੀ ਪਛਾਣ ਨਾਲ ਤੇ ਸਾਡੇ ਆਚਾਰ - ਵਿਹਾਰ ਨਾਲ ਜੁੜਿਆ ਹੋਇਆ ਹੈ ਅਤੇ ਇਸ ਦੀ ਆਪਣੀ ਖਾਸ ਵਿਸ਼ੇਸ਼ਤਾ ਤੇ ਮਹੱਤਤਾ ਰਹੀ ਹੈ ।

# ਸਿਵਲ ਹਸਪਤਾਲ ਗੜ੍ਹਸ਼ੰਕਰ ਵਿੱਚ ਡਾਕਟਰਾਂ ਦੀ ਨਫਰੀ ਪੂਰੀ ਕੀਤੀ ਜਾਵੇ - ਪ੍ਰਧਾਨ ਸਤੀਸ਼ ਕੁਮਾਰ ਸੋਨੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਮਈ
INTERNATIONAL PAPER, 9463601616
hardipchumber57@gmail.com



ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਸਿਵਲ ਹਸਪਤਾਲ ਵਿੱਚ ਡਾਕਟਰਾਂ ਦੀ ਕਮੀ ਕਾਰਨ ਮਰੀਜਾ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕਹੇ। ਉਹਨਾਂ ਕਿਹਾ ਸਰਕਾਰ ਸਿਹਤ ਕੇਂਦਰਾਂ ਦੇ ਵਿਕਾਸ ਦੇ ਦਾਅਵੇ ਗੜ੍ਹਸ਼ੰਕਰ ਵਿਚ ਹਵਾ ਹਵਾਈ ਹੁੰਦੇ, ਦਿਖ ਰਹੇ ਹਨ। ਕਿਉਂਕਿ ਸਿਵਲ ਹਸਪਤਾਲ ਗੜ੍ਹਸ਼ੰਕਰ ਵਿੱਚ ਹੱਡੀਆਂ ਅਤੇ ਅਤੇ ਮਹਿਲਾਵਾਂ ਦੀਆਂ ਬਿਮਾਰੀਆਂ ਦੇ ਇਲਾਜ ਦੇ ਮਾਹਿਰ ਡਾਕਟਰਾਂ ਦੀ ਕਮੀ ਅਤੇ ਪਿਛਲੇ ਕਾਫੀ ਸਾਲਾਂ ਤੋ ਡਾਇਲਿਸਿਸ ਮਸ਼ੀਨ ਦਾ ਅਪਰੇਟਰ ਨਾ ਹੋਣ ਕਾਰਨ ਸਿਵਲ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸੇ ਵੀ ਬਿਮਾਰੀ ਜਾ ਕੋਈ ਸਿਹਤ ਸਬੰਧੀ ਮੁਸ਼ਕਿਲ ਆਉਣ ਕਾਰਣ ਮਰੀਜਾ ਨੂੰ ਹੁਸ਼ਿਆਰਪੁਰ ਜਾ ਪੀ ਜੀ ਆਈ ਹਸਪਤਾਲ ਰੈਫਰ ਕਰ ਦਿੱਤਾ ਜਾਂਦਾ ਹੈ ਅਤੇ ਕਈ ਗਰੀਬ ਮਰੀਜ ਇਲਾਜ ਦੇ ਦੁੱਖੋਂ ਰਸਤੇ ਵਿੱਚ ਹੀ ਆਪਣੀ ਕੀਮਤੀ ਜਾਨ ਗੁਆ ਬੈਠਦੇ ਹਨ। ਡਾਕਟਰਾਂ ਦੀ ਕਮੀ ਕਾਰਨ ਹਸਪਤਾਲ ਵਿਚ ਮਰੀਜਾ ਦੀ ਵਿਗੜਦੀ ਹਾਲਾਤ ਦੇਖਦੇ ਹੋਏ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਅਸੀਂ ਪ੍ਰੈਸ ਦੇ ਮਾਧਿਅਮ ਰਾਹੀਂ ਪ੍ਰੈਸ ਨੋਟ ਦੇ ਕੇ ਸੂਬਾ ਸਰਕਾਰ ਕੋਲੋਂ ਮੰਗ ਕਰਦੇ ਹਾਂ, ਕਿ ਗੜ੍ਹਸ਼ੰਕਰ ਸਿਵਲ ਹਸਪਤਾਲ ਵਿੱਚ ਡਾਕਟਰਾਂ ਦੀ ਕਮੀ ਨੂੰ ਜਲਦੀ ਤੋਂ ਜਲਦੀ ਦੂਰ ਕੀਤਾ ਜਾਵੇ ਅਤੇ ਡਾਇਲਿਸਿਸ ਮਸ਼ੀਨ ਦੇ ਅਪਰੇਟਰ ਦੀ ਨਿਯੁਕਤੀ ਜਲਦੀ ਕੀਤੀ ਜਾਵੇ ਤਾਂ ਜੋ ਇਲਾਕੇ ਦੇ ਵਸਨੀਕਾਂ ਨੂੰ ਇਲਾਜ ਲਈ ਦੂਰ ਦੁਰੇਡੇ ਦੇ ਹਸਪਤਾਲਾਂ 'ਚ ਜਾ ਕੇ ਧੱਕੇ ਨਾ ਖਾਣੇ ਪੈਣ।

# ਵਿਧਾਇਕ ਜਿੰਪਾ ਨੇ ਸਰਕਾਰੀ ਐਲੀਮੈਂਟਰੀ ਸਕੂਲ ਸੁੰਦਰ ਨਗਰ ਵਿੱਚ 92 ਲੱਖ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਮਈ
INTERNATIONAL PAPER, 9463601616
hardipchumber57@gmail.com



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਹੁਸ਼ਿਆਰਪੁਰ ਤੋਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਪੰਜਾਬ ਦੀ ਸਿੱਖਿਆ ਕਰਾਂਤੀ ਦੇ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਸੁੰਦਰ ਨਗਰ ਵਿੱਚ 92 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਗਏ ਵੱਖ-ਵੱਖ ਵਿਕਾਸ ਕਾਰਜਾਂ ਦਾ ਰਸਮੀ ਤੌਰ 'ਤੇ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਖੇਤਰ ਨੂੰ ਪਹਿਲ ਦੇ ਰਹੀ ਹੈ। ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਕਰਨ, ਸਮਾਰਟ ਕਲਾਸਰੂਮ, ਸਾਫ-ਸੁਥਰੇ ਪਖਾਨੇ, ਆਧੁਨਿਕ ਲਾਇਬ੍ਰੇਰੀ ਅਤੇ ਖੇਡ ਸਹੂਲਤਾਂ ਦੇ ਵਾਧੇ ਲਈ ਨਿਵੇਸ਼ ਕੀਤਾ ਜਾ ਰਿਹਾ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਸਕੂਲ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਨਾਲ ਨਾਂ ਸਿਰਫ ਵਿਦਿਆਰਥੀਆਂ ਨੂੰ ਵਧੀਆ ਮਾਹੌਲ ਮਿਲੇਗਾ, ਸਗੋਂ ਮਾਪਿਆਂ ਦਾ ਭਰੋਸਾ ਵੀ ਸਰਕਾਰੀ ਸਕੂਲਾਂ 'ਤੇ ਹੋਰ ਵਧੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਸਰਕਾਰੀ ਸਕੂਲਾਂ ਵਿੱਚ ਇਸੇ ਤਰ੍ਹਾਂ ਦੇ ਵਿਕਾਸ ਕਾਰਜ ਕੀਤੇ ਜਾਣਗੇ ਤਾਂ ਜੋ ਹਰ ਬੱਚਾ ਗੁਣਵੱਤਾਪੂਰਨ ਸਿੱਖਿਆ ਪ੍ਰਾਪਤ ਕਰ ਸਕੇ। ਇਸ ਮੌਕੇ ਤੇ ਸਥਾਨਕ ਨਿਵਾਸੀਆਂ, ਮਾਪਿਆਂ ਅਤੇ ਸਕੂਲ ਸਟਾਫ ਨੇ ਵਿਧਾਇਕ ਜਿੰਪਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਵਿਕਾਸ ਕਾਰਜਾਂ ਨਾਲ ਸਰਕਾਰੀ ਸਕੂਲ ਹੁਣ ਨਿੱਜੀ ਸਕੂਲਾਂ ਨੂੰ ਟੱਕਰ ਦੇ ਰਹੇ ਹਨ। ਇਸ ਮੌਕੇ ਤੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਨੀ, ਡਿਪਟੀ ਮੇਅਰ ਰਣਜੀਤ ਚੌਧਰੀ, ਗੰਗਾ ਪ੍ਰਸਾਦ, ਕੌਂਸਲਰ ਚੰਦਰਾਵਤੀ, ਕੌਂਸਲਰ ਮੰਜੀਤ ਕੌਰ, ਸੰਦੀਪ ਚੇਚੀ, ਕੁਸ਼ ਸ਼ਰਧਾ, ਮੋਹਨ ਲਾਲ, ਮਾਸਟਰ ਰਮਣ ਕੁਮਾਰ, ਕੌਂਸਲਰ ਨਰਿੰਦਰ ਕੌਰ, ਕੌਂਸਲਰ ਰਣਜੀਤ ਕੌਰ, ਪ੍ਰੋਜੈਕਟ ਕੋਆਰਡੀਨੇਟਰ ਚੰਦਰ ਪ੍ਰਕਾਸ਼ ਸਿੰਘ ਦੇ ਨਾਲ ਨਾਲ ਸਕੂਲ ਦੇ ਅਧਿਆਪਕ, ਸਿੱਖਿਆ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

# ਐਮਬਰੋਜ਼ੀਅਲ ਪਬਲਿਕ ਸਕੂਲ, ਜ਼ੀਰਾ ਵੱਲੋਂ ਸਾਲਾਨਾ ਖੇਡ ਮੇਲਾ ਸ਼ਾਨਦਾਰ ਢੰਗ ਨਾਲ ਕਰਵਾਇਆ ਗਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਮਈ
INTERNATIONAL PAPER, 9463601616
hardipchumber57@gmail.com



ਜ਼ੀਰਾ 7 ਮਈ ( ਅੰਗਰੇਜ਼ ਬਰਾੜ ) - ਐਮਬਰੋਜ਼ੀਅਲ ਪਬਲਿਕ ਸਕੂਲ ਜ਼ੀਰਾ ( ਆਈ ਸੀ ਐਸ ਈ ਅਫੀਲੀਏਟਿਡ) ਵੱਲੋਂ ਤਿੰਨ ਦਿਨਾਂ ਲਈ ਸਾਲਾਨਾ ਖੇਡ ਮੇਲਾ 2025-26 ਕਰਵਾਇਆ ਗਿਆ। ਇਸ ਖੇਡ ਮੇਲੇ ਦਾ ਉਦਘਾਟਨ ਸਕੂਲ ਦੇ ਚੇਅਰਮੈਨ ਸ ਸਤਨਾਮ ਸਿੰਘ ਬੁੱਟਰ ਨੇ ਸਕੂਲ ਕੌਂਸਲ ਦਾ ਝੰਡਾ ਲਹਿਰਾਅ ਕੇ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਖੇਡਾਂ ਵਿੱਚ ਭਾਗ ਲੈਣ ਲਈ ਉਤਸਾਹਤ ਕੀਤਾ।ਇਹ ਤਿੰਨ ਦਿਨਾਂ ਵਿੱਚ ਵਿਦਿਆਰਥੀਆਂ ਲਈ ਉਤਸਾਹ ਅਤੇ ਉਮੀਦਾਂ ਨਾਲ ਭਰਪੂਰ ਸਨ।

3 ਤੋਂ 5ਵੀਂ ਤੱਕ ਦੇ ਵਿਦਿਆਰਥੀਆਂ ਵਿਚਕਾਰ ਮੁਕਾਬਲੇ ਹੋਏ। 9 ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਵਿਚਕਾਰ ਖੇਡ ਮੁਕਾਬਲੇ ਕਰਵਾਏ ਗਏ।

ਵਿਦਿਆਰਥੀਆਂ ਨੂੰ ਤਿੰਨ ਵਿੰਗਾਂ ਵਿੱਚ ਵੰਡਿਆ ਗਿਆ ਫਾਉਂਡੇਸ਼ਨਲ (3-5ਵੀਂ), ਮਿਡਲ (6-8ਵੀਂ), ਅਤੇ ਸੈਕੰਡਰੀ (9-12ਵੀਂ)। ਖਿਡਾਰੀਆਂ ਨੇ ਰੇਸ, ਲੰਮੀ ਛਾਲ, ਸ਼ਾਟ ਪੁੱਟ, ਡਿਸਕਸ ਥ੍ਰੋ ਵਰਗੀਆਂ ਐਥਲੈਟਿਕਸ ਮੁਕਾਬਲਿਆਂ ਅਤੇ ਫੁੱਟਬਾਲ, ਵਾਲੀਬਾਲ, ਬਾਕਸਿੰਗ, ਕਿੱਕ ਬਾਕਸਿੰਗ, ਗਤਕਾ, ਸਕੇਟਿੰਗ, ਅਤੇ ਚੈਸ ਵਰਗੀਆਂ ਇੰਡੋਰ ਤੇ ਆਉਟਡੋਰ ਖੇਡਾਂ ਵਿੱਚ ਜੋਸ਼ ਨਾਲ ਭਾਗ ਲਿਆ।

ਇਹ ਸਾਰੇ ਮੁਕਾਬਲੇ ਸਕੂਲ ਦੇ ਚਾਰ ਹਾਉਸ - ਚੰਦਰਸ਼ੇਖਰ ਵੈਂਕਟ ਰਮਨ ਹਾਉਸ, ਲਾਲ ਬਹਾਦੁਰ ਸ਼ਾਸਤਰੀ ਹਾਉਸ, ਰਵਿੰਦਰ ਨਾਥ ਟੈਗੋਰ ਹਾਉਸ , ਅਤੇ ਸ਼ਹੀਦ ਭਗਤ ਸਿੰਘ ਹਾਉਸ ਵਿਚਾਲੇ ਹੋਏ। ਇਹਨਾ ਮੁਕਾਬਲਿਆ ਦੇ ਵਿੰਗ ਵਾਇਜ਼ ਨਤੀਜੇ

3-5ਵੀਂ ਕਲਾਸਾਂ ਪਹਿਲਾ ਸਥਾਨ ਚੰਦਰ ਸ਼ੇਖਰ ਵੈਂਕਟ ਰਾਮਨ ਹਾਉਸ,

ਦੂਸਰਾ ਸਥਾਨ ਲਾਲ ਬਹਾਦੁਰ ਸ਼ਾਸਤਰੀ ਹਾਉਸ, ਤੀਸਰਾ ਸਥਾਨ ਸ਼ਹੀਦ ਭਗਤ ਸਿੰਘ ਹਾਉਸ,

6 - 8ਵੀਂ ਕਲਾਸਾਂ

ਪਹਿਲਾ ਸਥਾਨ ਚੰਦਰਸ਼ੇਖਰ ਵੈਂਕਟ ਰਾਮਨ ਹਾਉਸ,ਦੂਸਰਾ ਸਥਾਨ ਰਵਿੰਦਰ ਨਾਥ ਟੈਗੋਰ ਹਾਉਸ, ਤੀਸਰਾ ਸਥਾਨ ਸ਼ਹੀਦ ਭਗਤ ਸਿੰਘ ਹਾਉਸ

9 - 12ਵੀਂ ਕਲਾਸਾਂ:

ਪਹਿਲਾ ਸਥਾਨ ਚੰਦਰਸ਼ੇਖਰ ਵੈਂਕਟ ਰਮਨ ਹਾਉਸ, ਦੂਸਰਾ ਸਥਾਨ ਸ਼ਹੀਦ ਭਗਤ ਸਿੰਘ ਹਾਉਸ,ਤੀਸਰਾ ਸਥਾਨ ਲਾਲ ਬਹਾਦੁਰ ਸ਼ਾਸਤਰੀ ਹਾਉਸ

ਕੁੱਲ ਨਤੀਜਾ (ਸਕੂਲ ਪੱਧਰ ਤੇ)

ਪਹਿਲਾ ਸਥਾਨ - ਚੰਦਰਸ਼ੇਖਰ ਵੈਂਕਟ ਰਾਮਨ ਹਾਉਸ 895 ਅੰਕ ਦੂਸਰਾ ਸਥਾਨ ਲਾਲ ਬਹਾਦੁਰ ਸ਼ਾਸਤਰੀ ਹਾਉਸ 730 ਅੰਕ

ਤੀਸਰਾ ਸਥਾਨ ਸ਼ਹੀਦ ਭਗਤ ਸਿੰਘ ਹਾਉਸ -725 ਅੰਕ

ਚੌਥਾ ਸਥਾਨ - ਰਵਿੰਦਰ ਨਾਥ ਟੈਗੋਰ ਹਾਉਸ 720 ਅੰਕ

ਸਕੂਲ ਦੇ ਚੇਅਰਮੈਨ ਸ ਸਤਨਾਮ ਸਿੰਘ ਬੁੱਟਰ, ਪ੍ਰਿੰਸੀਪਲ ਸ਼੍ਰੀ ਤੇਜ ਸਿੰਘ ਠਾਕੁਰ, ਕੋਆਰਡੀਨੇਟਰਜ਼ ਮੈਡਮ ਰੀਨਾ ਠਾਕੁਰ, ਅਨੁਪਮਾ ਠਾਕੁਰ, ਮਿਸਟਰ ਦੀਪਕ ਸੇਖਰੀ, ਸੁਰਿੰਦਰ ਕਟੋਚ ਅਤੇ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਜੇਤੂਆਂ ਨੂੰ ਮੈਡਲ ਤੇ ਸਰਟੀਫਿਕੇਟ ਵੀ ਵੰਡੇ।ਉਨ੍ਹਾਂ ਨੇ ਸਾਰੇ ਸਰੀਰਕ ਸਿੱਖਿਆ ਅਧਿਆਪਕਾਂ ਅਤੇ ਸਕੂਲ ਸਟਾਫ ਦੀ ਸਾਂਝ ਅਤੇ ਯੋਗਦਾਨ ਲਈ ਵੀ ਧੰਨਵਾਦ ਕੀਤਾ। ਪ੍ਰਿੰਸੀਪਲ ਸ਼੍ਰੀ ਤੇਜ ਸਿੰਘ ਠਾਕੁਰ ਨੇ ਅੰਤ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੀਆਂ ਖੇਡ ਗਤੀਵਿਧੀਆਂ ਬੱਚਿਆਂ ਦੇ ਗੁਣਾਂ ਨੂੰ ਸਕੂਲੀ ਪੱਧਰ ਤੋਂ ਲੈ ਕੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੱਕ ਨਿਖਾਰਨ ਦਾ ਮੌਕਾ ਦਿੰਦੀਆਂ ਹਨ।

# ਹੁਸ਼ਿਆਰਪੁਰ ਦੇ ਕਿੱਕਬਾਕਸਿੰਗ ਖਿਡਾਰੀਆਂ ਦੀ ਵੱਡੀ ਪ੍ਰਾਪਤੀ, ਰਾਜ ਪੱਧਰੀ ਮੁਕਾਬਲੇ 'ਚ ਪਹਿਲਾ ਸਥਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਮਈ
INTERNATIONAL PAPER, 9463601616
hardipchumber57@gmail.com



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਕਿੱਕਬਾਕਸਿੰਗ ਐਸੋਸੀਏਸ਼ਨ ਵੱਲੋਂ 26 ਤੋਂ 28 ਅਪ੍ਰੈਲ 2025 ਤੱਕ ਬਠਿੰਡਾ ਵਿਖੇ ਕਰਵਾਏ ਗਏ ਰਾਜ ਪੱਧਰੀ ਕਿੱਕਬਾਕਸਿੰਗ ਮੁਕਾਬਲੇ ਵਿੱਚ ਹੁਸ਼ਿਆਰਪੁਰ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਇਸ ਮੁਕਾਬਲੇ ਵਿੱਚ ਹੁਸ਼ਿਆਰਪੁਰ ਤੋਂ 36 ਖਿਡਾਰੀਆਂ ਨੇ ਭਾਗ ਲਿਆ। ਖਿਡਾਰੀਆਂ ਨੇ ਆਪਣੀ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ 18 ਗੋਲਡ, 6 ਸਿਲਵਰ ਅਤੇ 9 ਬ੍ਰੌਂਜ਼ ਮੈਡਲ ਜਿੱਤਣ ਵਿੱਚ ਕਾਮਯਾਬੀ ਹਾਸਲ ਕੀਤੀ। ਇਨ੍ਹਾਂ ਜ਼ਿਕਰਯੋਗ ਪ੍ਰਦਰਸ਼ਨਾਂ ਦੇ ਆਧਾਰ 'ਤੇ ਹੁਸ਼ਿਆਰਪੁਰ ਨੇ ਓਵਰਆਲ ਟ੍ਰੌਫੀ ਵਿਚ ਪਹਿਲਾ ਸਥਾਨ ਹਾਸਲ ਕਰਕੇ ਸੂਬੇ ਪੱਧਰ 'ਤੇ ਆਪਣੀ ਵਿਲੱਖਣ ਪਹਿਚਾਣ ਬਣਾਈ। ਮੁਕਾਬਲੇ ਤੋਂ ਵਾਪਸੀ 'ਤੇ ਜਦੋਂ ਖਿਡਾਰੀ ਜ਼ਿਲ੍ਹੇ ਵਿੱਚ ਪਰਤੇ ਤਾਂ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਬਾਜਵਾ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਉਨ੍ਹਾਂ ਨੇ ਬੱਚਿਆਂ ਦੀ ਲਗਨ, ਸਮਰਪਣ ਅਤੇ ਉਨ੍ਹਾਂ ਦੇ ਮਾਪਿਆਂ ਦੀ ਭੂਮਿਕਾ ਦੀ ਵੀ ਸਿਰਾਹਨਾ ਕੀਤੀ। ਸ. ਬਾਜਵਾ ਨੇ ਟੀਮ ਦੇ ਕੋਚ ਜੋਗੀ ਦੀ ਵੀ ਖੁਲ੍ਹ ਕੇ ਹੌਂਸਲਾ ਅਫ਼ਜਾਈ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕੋਚ ਹੀ ਬੱਚਿਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੈ ਜਾਣ ਦੀ ਸਮਰਥਾ ਰਖਦੇ ਹਨ। ਉਨ੍ਹਾਂ ਨੇ ਆਗਾਮੀ ਸਮੇਂ ਵਿੱਚ ਹੋਰ ਵਧੀਆ ਪ੍ਰਦਰਸ਼ਨ ਦੀ ਉਮੀਦ ਜਤਾਈ ਅਤੇ ਖਿਡਾਰੀਆਂ ਨੂੰ ਉੱਚ ਮਨੋਬਲ ਅਤੇ ਅਨੁਸ਼ਾਸਨ ਨਾਲ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

# ਵਾਹ ਰੇ ਪੈਸਾ, ਸਭ ਤੈਨੂੰ ਹੀ ਸਲਾਮਾਂ ਕਰਦੇ ਹਨ, ਬੰਦੇ ਨੂੰ ਨਹੀਂ

ਦਲਬੀਰ ਸਿੰਘ ਧਾਲੀਵਾਲ, ਪਟਿਆਲਾ
86993—22704



ਵਾਹ ਓ ਪੈਸਾ ਤੇਰੇ ਕਿੰਨੇ ਰੂਪ ਹਨ । ਧਾਰਮਿਕ ਸਥਾਨ ਵਿੱਚ ਦਿੱਤਾ ਜਾਵੇ ਤਾਂ ਚੜ੍ਹਾਵਾ, ਸਕੂਲ ਵਿੱਚ ਫੀਸ, ਸ਼ਾਦੀ ਵਿੱਚ ਦਿੱਤਾ ਜਾਵੇਂ ਤਾਂ ਦਾਜ, ਤਲਾਕ ਦੇਣ ਉਪਰੰਤ ਦਿੱਤਾ ਗੁਜਾਰਾ ਭੱਤਾ, ਤੁਸੀਂ ਕਿਸੇ ਨੂੰ ਉਧਾਰਾ ਦਿਓ ਤਾਂ ਕਰਜ਼, ਅਦਾਲਤ ਵਿੱਚ ਜੁਰਮਾਨਾ, ਸਰਕਾਰ ਲੈਂਦੀ ਹੈ ਤਾਂ ਟੈਕਸ, ਸੇਵਾ ਮੁਕਤੀ ਹੋਣ ਤੇ ਮਿਲਦਾ ਪੈਨਸ਼ਨ, ਅਪਹਰਣ ਕਰਤਾਵਾਂ ਲਈ ਫਿਰੌਤੀ, ਹੋਟਲ ਵਿੱਚ ਸੇਵਾ ਲਈ ਖੁਸ਼ੀ ਨਾਲ ਦਿੱਤਾ ਟਿੱਪ, ਬੈਂਕ ਤੋਂ ਉਧਾਰ ਲਓ ਤਾਂ ਕਰਜ਼ਾ, ਕਰਮਚਾਰੀਆਂ ਲਈ ਵੇਤਨ, ਮਿਹਨਤਕਸ਼ ਕਿਰਤੀਆਂ ਲਈ ਮਜ਼ਦੂਰੀ, ਅਵੈਧ ਰੂਪ ਵਿੱਚ ਕੰਮ ਲਈ ਦਿੱਤਾ ਰਿਸ਼ਵਤ ਅਤੇ ਅਗਰ ਖੁਸ਼ੀ ਮੌਕੇ ਦਿੰਦੇ ਹੋ ਤਾਂ ਗਿਫਟ । ਪਰ ਪੈਸਾ ਕਹੇ ਕਿ ਮਰਨ ਤੋਂ ਬਾਅਦ ਮੈਨੂੰ ਤੁਸੀਂ ਉਪਰ/ਨਾਲ ਨਹੀਂ ਲਿਜਾ ਸਕਦੇ ਮਗਰ ਜਿਉਂਦੇ ਜੀ ਮੈਂ ਤੁਹਾਨੂੰ ਉਚਾਈ ਉਤੇ ਜ਼ਰੂਰ ਲੈ ਜਾ ਸਕਦਾ ਹਾਂ । ਮੈਨੂੰ ਪਸੰਦ ਕਰੋ ਸਿਰਫ ਇਸ ਹੱਦ ਤੱਕ ਕਿ ਲੋਕ ਤੁਹਾਨੂੰ ਨਾ ਪਸੰਦ ਨਾ ਕਰਨ ਲੱਗਣ। ਲੋਕ ਮੈਨੂੰ ਭਗਵਾਨ ਤੋਂ ਘੱਟ ਨਹੀਂ ਮੰਨਦੇ । ਮੈਂ ਨਮਕ ਦੀ ਤਰ੍ਹਾਂ ਹਾਂ ਜੋ ਜ਼ਰੂਰੀ ਤਾਂ ਹਾਂ ਪਰ ਜ਼ਰੂਰਤ ਤੋਂ ਜਿਆਦਾ ਹੋ ਜਾਵਾਂ ਤਾਂ ਜ਼ਿੰਦਗੀ ਦਾ ਸੁਆਦ ਵਿਗਾੜ ਦਿੰਦਾ ਹਾਂ । ਸਾਡੇ ਇਤਿਹਾਸ ਵਿੱਚ ਕਈ ਐਸੇ ਉਦਾਹਰਣ ਮਿਲਦੇ ਹਨ ਕਿ ਜਿੰਨ੍ਹਾਂ ਦੇ ਕੋਲ ਮੈਂ ਬੇਸ਼ੁਮਾਰ ਤਾਂ ਸੀ ਪਰ ਫਿਰ ਵੀ ਮੇਰੇ ਔਰ ਉਨ੍ਹਾਂ ਲਈ ਕੋਈ ਵੀ ਨਹੀਂ ਸੀ । ਮੈਂ ਕੁੱਛ ਵੀ ਨਹੀਂ ਹਾਂ ਮਗਰ ਮੈਂ ਹੀ ਨਿਰਧਾਰਤ ਕਰਦਾ ਹਾਂ ਕਿ ਲੋਕ ਤੁਹਾਨੂੰ ਕਿੰਨੀ ਇੱਜ਼ਤ ਦਿੰਦੇ ਹਨ । ਮੈਂ ਤੁਹਾਡੇ ਕੋਲ ਹਾਂ ਤਾਂ ਸਭ ਤੁਹਾਡਾ ਹੈ ਅਤੇ ਸਭ ਤੁਹਾਡੇ ਹਨ । ਮੈਂ ਨਵੀਆਂ ਨਵੀਆਂ ਰਿਸ਼ਤੇਦਾਰੀਆਂ ਬਣਾਉਂਦਾ ਹਾਂ ਔਰ ਪੁਰਾਣੀ ਰਿਸ਼ਤੇਦਾਰੀਆਂ ਨੂੰ ਵਿਗਾੜ ਦਿੰਦਾ ਹਾਂ ਕਿਉਂਕਿ ਜੇ ਕੋਈ ਪੈਸਾ ਉਧਾਰ ਲੈ ਕੇ ਵਾਪਸ ਨਾ ਮੋੜੇ ਤਾਂ ਰਿਸ਼ਤੇਦਾਰੀ ਜਾਂ ਲਿਹਾਜ ਵਿਗੜ ਵੀ ਜਾਂਦੀ ਹੈ । ਮੈਂ ਹੀ ਸਾਰੇ ਫਸਾਦ ਦੀ ਜੜ੍ਹ ਹਾਂ ਪਰ ਫਿਰ ਵੀ ਨਾ ਜਾਣੇ ਸਭ ਮੇਰੇ ਪਿਛੇ ਇੰਨੇ ਪਾਗਲ ਕਿਉਂ ਹਨ । ਮੇਰੇ ਨਾਲ ਖਿਲਵਾੜ ਨਾ ਕਰੋ ਨਹੀਂ ਤਾਂ ਡੁੱਬ ਸਕਦੇ ਹੋ ਲਾਲਚ ਵਿੱਚ ਆ ਕੇ, ਸ਼ੇਅਰ ਮਾਰਕੀਟ ਕਰਨੀ ਹੀ ਹੈ ਤਾਂ ਸੀਮਾ ਤੱਕ ਕਰ ਲਓ, ਕਿਉਂਕਿ ਮੇਰਾ ਨੁਕਸਾਨ ਨੀਂਦ ਖਰਾਬ ਕਰ ਸਕਦਾ ਹੈ । ਦਾਨ, ਪੁੰਨ ਅਤੇ ਜ਼ਰੂਰਤ ਮੰਦਾਂ ਦੇ ਲਈ ਮੇਰਾ ਇਸਤੇਮਾਲ ਅਤਿ ਉਤਮ ਹੈ । ਮੈਂ ਭੁੱਖੇ ਦੇ ਲਈ ਸਵਾਦਿਸ਼ਟ ਭੋਜਨ ਅਤੇ ਪਿਆਸੇ ਦੇ ਲਈ ਸ਼ੀਤਲ ਜਲ ਹਾਂ, ਬਿਮਾਰ ਦੇ ਲਈ ਦਵਾਈ ਹਾਂ ਅਤੇ ਬੱਚਿਆਂ ਦੀ ਹੱਥੇਲੀ ਤੇ ਜਾਣਾ ਮੈਨੂੰ ਸਭ ਤੋਂ ਚੰਗਾ ਲਗਦਾ ਹੈ ।



ਪੈਸੇ ਦੀ ਇਹ ਆਤਮਗਾਥਾ ਸੁਣ ਕੇ ਮੈਨੂੰ ਇੱਕ ਪੁਰਾਣੀ ਸੱਚੀ ਹੱਡਬੀਤੀ ਘਟਨਾ ਯਾਦ ਆ ਗਈ ਜੋ ਦੱਸਦੀ ਹੈ ਕਿ ਸਭ ਲੋਕ ਪੈਸੇ ਨੂੰ ਹੀ ਸਲਾਮਾਂ ਕਰਦੇ ਹਨ ਬੰਦੇ ਨੂੰ ਨਹੀਂ । ਗੱਲ ਇੰਜ ਹੈ ਕਿ ਸੰਨ 1980—1981 ਤੋਂ ਲੈ ਕੇ 2015 ਤੱਕ ਮੈਂ ਅਬੋਹਰ ਸ਼ਹਿਰ ਵਿੱਚ ਹੀ ਰਿਹਾ ਹਾਂ ਕਿਉਂਕਿ ਮੇਰੀ ਜਨਮ ਭੂਮੀ ਭਾਵ ਕਿ ਮੇਰਾ ਪਿੰਡ ਇੱਥੋਂ ਨੇੜੇ ਹੀ ਹੈ ਅਤੇ ਇਸ ਸ਼ਹਿਰ ਤੋਂ ਹੀ ਮੈਂ ਆਪਣੀ ਸਰਕਾਰੀ ਨੌਕਰੀ ਤੋਂ 2005 ਵਿੱਚ ਸੇਵਾ ਮੁਕਤ ਹੋਇਆ ਸੀ । ਅਬੋਹਰ ਰਹਿੰਦੇ ਹੋਏ ਮੈਂ ਵੇਖਿਆ ਕਿ ਉਥੇ ਬੱਸਾਂ ਦੀ ਇੱਕ ਵੱਡੀ ਟਰਾਂਸਪੋਰਟ ਕੰਪਨੀ ਹੈ ਜਿਸ ਦਾ ਮਾਲਕ ਇੱਕ ਵੱਡਾ ਸੇਠ ਦੌਲਤ ਰਾਮ ਹੈ ਲੋਕ ਦੱਸਦੇ ਸਨ ਕਿ ਉਸ ਨੂੰ ਜਦੋਂ ਕੋਈ ਰਾਮ ਰਾਮ ਕਹਿੰਦਾ ਤਾਂ ਸੇਠ ਅੱਗੋਂ ਕਹਿ ਦਿੰਦਾ ਕਿ ਅੱਛਾ ਬਈ ਕਹਿ ਦਿਆਂਗਾ ਜਿਸ ਨਾਲ ਲੋਕ ਬੜੇ ਹੈਰਾਨ ਜਿਹੇ ਹੁੰਦੇ ਹਨ । ਇੱਕ ਦਿਨ ਉਸ ਦੇ ਇਕ ਰੋਜ਼ਾਨਾ ਮਿਲਣ ਵਾਲੇ ਨਜਦੀਕੀ ਨੇ ਸੇਠ ਨੂੰ ਰੋਕ ਕੇ ਪੁੱਛਿਆ ਕਿ ਸੇਠ ਜੀ ਇੱਕ ਗੱਲ ਦਸੋ ਕਿ ਸਭ ਲੋਕ ਤੁਹਾਨੂੰ ਰਾਮ ਰਾਮ ਕਹਿੰਦੇ ਹਨ ਤਾਂ ਤੁਸੀਂ ਅੱਗੋਂ ਰਾਮ ਰਾਮ ਕਹਿਣ ਦੀ ਬਜਾਏ ਇਹ ਕਹਿ ਦਿੰਦੇ ਹੋ ਅੱਛਾ ਬਈ ਕਹਿ ਦਿਆਂਗਾ ਇਸ ਵਿੱਚ ਕੀ ਰਾਜ ਹੈ । ਇਸ ਦੇ ਜਵਾਬ ਵਿੱਚ ਸੇਠ ਨੇ ਕਿਹਾ ਕਿ ਇੱਕ ਦਿਨ ਸ਼ਾਮ ਨੂੰ ਮੇਰੇ ਘਰ ਆ ਜਾਵੀਂ, ਤੈਨੂੰ ਇਸ ਦਾ ਜਵਾਬ ਮਿਲ ਜਾਵੇਗਾ । ਇੱਕ ਦੋ ਦਿਨਾਂ ਬਾਅਦ ਉਹ ਸੱਜਣ ਸੇਠ ਦੇ ਘਰ ਗਿਆ ਤਾਂ ਸੇਠ ਉਸ ਨੂੰ ਅੰਦਰ ਲੈ ਗਿਆ ਜਿੱਥੇ ਪੈਸਿਆਂ ਵਾਲੀ ਤਿਜੋਰੀ ਪਈ ਸੀ ਤੇ ਉਸ ਨਜਦੀਕੀ ਨੂੰ ਕਹਿਣ ਲੱਗਾ ਕਿ ਜਦੋਂ ਸ਼ਾਮ ਨੂੰ ਮੈਂ ਘਰ ਆਉਂਦਾ ਹਾਂ ਤਾਂ ਇਸ ਤਿਜੋਰੀ ਨੂੰ ਖੋਲ੍ਹ ਕੇ ਕਹਿ ਦਿੰਦਾ ਹਾਂ ਕਿ ਸਭ ਤੈਨੂੰ ਰਾਮ ਰਾਮ ਕਰਦੇ ਸਨ । ਉਸ ਸੱਜਣ ਨੇ ਇਸ ਦਾ ਰਾਜ ਪੁੱਛਿਆ ਤਾਂ ਸੇਠ ਬੋਲਿਆ ਕਿ ਅਸਲ ਵਿੱਚ ਸੱਚਾਈ ਇਹ ਹੈ ਕਿ ਜਦੋਂ ਮੈਂ ਗਰੀਬ ਹੁੰਦਾ ਸੀ ਉਦੋਂ ਵੀ ਇੱਥੇ ਹੀ ਰਹਿੰਦਾ ਸੀ, ਉਦੋਂ ਤਾਂ ਮੈਨੂੰ ਸਾਰੇ ਦੌਲੀ ਕਹਿੰਦੇ ਸਨ ਅਤੇ ਮੈਨੂੰ ਕੋਈ ਨਮਸਕਾਰ ਵੀ ਨਹੀਂ ਸੀ ਕਰਦਾ ਪਰ ਜਦੋਂ ਦੀ ਇਹ ਮਾਇਆ ਮੇਰੇ ਘਰ ਵਿੱਚ ਆਈ ਹੈ ਭਾਵ ਕਿ ਮੈਂ ਅਮੀਰ ਬਣਿਆ ਹਾਂ ਤਾਂ ਹੁਣ ਸਭ ਲੋਕ ਮੈਨੂੰ ਰਾਮ ਰਾਮ ਕਹਿੰਦੇ ਨੇ ਅਤੇ ਦੌਲੀ ਦੀ ਬਜਾਏ ਹੁਣ ਸੇਠ ਦੌਲਤ ਰਾਮ ਕਹਿੰਦੇ ਨੇ, ਇਸੇ ਕਰਕੇ ਮੈਂ ਸ਼ਾਮ ਨੂੰ ਘਰ ਆ ਕੇ ਤਿਜੋਰੀ ਖੋਲ੍ਹ ਕੇ ਇਸ ਧੰਨ ਨੂੰ ਕਹਿ ਦਿੰਦਾ ਹਾਂ ਕਿ ਸਭ ਨੇ ਤੈਨੂੰ ਰਾਮ ਰਾਮ ਕਿਹਾ ਹੈ ਅੱਜ ।

ਦਰਅਸਲ ਇਹ ਗੱਲ ਬਿਲਕੁੱਲ ਸੱਚਾਈ ਭਰੀ ਹੈ ਕਿ ਇਹ ਸੇਠ ਦੌਲਤ ਰਾਮ ਪਹਿਲਾਂ ਇੱਕ ਦੂਜੀ ਵੱਡੀ ਟਰਾਂਸਪੋਰਟ ਕੰਪਨੀ ਦੇ ਮਾਲਕ ਦਾ ਨੌਕਰ ਹੁੰਦਾ ਸੀ ਅਤੇ ਉਸਦਾ ਹੁੱਕਾ ਭਰਦਾ ਹੁੰਦਾ ਸੀ ਪਰ ਸੀ ਬੜਾ ਇਮਾਨਦਾਰ ਸੇਵਾਦਾਰ ਅਤੇ ਮਿਹਨਤੀ ਜਿਸ ਤੋਂ ਦੂਜੀ ਕੰਪਨੀ ਦਾ ਸੇਠ ਬਹੁਤ ਖੁਸ਼ ਸੀ । ਕਾਫੀ ਸਾਲਾਂ ਬਾਅਦ ਉਸ ਵੱਡੇ ਸੇਠ ਨੇ ਉਸ ਦੀ ਸੇਵਾ ਤੋਂ ਖੁਸ਼ ਹੋ ਕੇ ਉਸ ਨੂੰ ਇੱਕ ਪੁਰਾਣਾ ਟੈਂਪੂ ਲੈ ਦਿੱਤਾ ਜੋ ਉਹਨਾਂ ਦਿਨਾਂ ਵਿੱਚ ਸ਼ਹਿਰਾਂ ਅਤੇ ਪਿੰਡਾਂ ਦਰਮਿਆਨ ਸੜਕਾਂ ਕੱਚੀਆਂ ਹੋਣ ਕਾਰਨ ਸਵਾਰੀਆਂ ਢੋਂਦੇ ਸਨ । ਉਸ ਨੇ ਇੰਨੀ ਮਿਹਨਤ ਕੀਤੀ ਕਿ ਉਸ ਨੂੰ ਚੰਗੀ ਆਮਦਨ ਹੋਣ ਲੱਗੀ ਅਤੇ ਫਿਰ ਹੌਲੀ ਹੌਲੀ ਇੱਕ ਹੋਰ ਟੈਂਪੂ ਬਣਾ ਲਿਆ । ਇੰਜ ਉਸ ਦੀ ਮਿਹਨਤ ਨੂੰ ਹੋਰ ਫਲ ਲੱਗਿਆ ਤਾਂ ਵੱਡੇ ਸੇਠ ਦੀ ਮਦਦ ਨਾਲ ਉਸ ਨੇ ਇੱਕ ਪੁਰਾਣੀ ਬੱਸ ਲੈ ਲਈ ਅਤੇ ਇਸ ਤਰ੍ਹਾਂ ਉਸ ਦੀ ਸਖਤ ਮਿਹਨਤ ਅਤੇ ਚੰਗੀ ਬੋਲ ਬਾਣੀ ਸਦਕਾ ਸੋਹਣੀ ਕਮਾਈ ਹੋਣ ਲੱਗ ਪਈ ਫਿਰ ਉਸ ਨੇ ਵੱਡੇ ਸੇਠ ਅੱਗੇ ਬੇਨਤੀ ਕਰਕੇ ਸਾਰਾ ਸਮਾਂ ਆਪਣੇ ਇਸ ਕੰਮ ਵਾਲੇ ਪਾਸੇ ਲਾ ਦਿੱਤਾ ਅਤੇ ਲੋਨ ਲੈ ਕੇ ਇੱਕ ਨਵੀਂ ਬੱਸ ਪਾ ਲਈ ਅਤੇ ਫਿਰ ਇੱਕ ਟਰਾਂਸਪੋਰਟ ਕੰਪਨੀ ਵੀ ਮੰਨਜ਼ੂਰ ਕਰਵਾ ਲਈ ਜਿਸ ਦਾ ਨਾਮ ਅੱਜ ਕੱਲ ਸ਼ਰਨਾਰਥੀ ਟਰਾਂਸਪੋਰਟ ਕੰਪਨੀ ਹੈ । ਸੋ ਇਸ ਸੱਚੀ ਘਟਨਾ ਤੋਂ ਸਾਨੂੰ ਇਹ ਗਿਆਨ ਜ਼ਰੂਰ ਮਿਲਦਾ ਹੈ ਕਿ ਧੰਨ ਦੌਲਤ ਨੂੰ ਹੀ ਲੋਕ ਸਲਾਮਾਂ ਕਰਦੇ ਹਨ ਅਤੇ ਜਿਸ ਆਦਮੀ ਨੂੰ ਪਹਿਲਾਂ ਲੋਕ ਦੌਲੀ ਕਹਿੰਦੇ ਸਨ ਅੱਜ ਉਸ ਨੂੰ ਸੇਠ ਦੌਲਤ ਰਾਮ ਕਹਿ ਕੇ ਸਲਾਮਾਂ ਕਰਦੇ ਹਨ । ਇਹ ਸਾਡੇ ਸਭਨਾਂ ਲਈ ਇੱਕ ਸੰਕੇਤ ਹੈ ਜ਼ਿੰਦਗੀ ਦੀ ਇਸ ਅਸਲੀਅਤ ਦਾ ਕਿ ਸਖਤ ਮਿਹਨਤ, ਵਫਾਦਾਰੀ, ਇਮਾਨਦਾਰੀ ਅਤੇ ਚੰਗੀ ਬੋਲ ਬਾਣੀ ਨੂੰ ਜ਼ਰੂਰ ਇੱਕ ਦਿਨ ਮਿੱਠੇ ਫਲ ਲਗਦੇ ਹਨ । ਸਾਨੂੰ ਮਾਇਆ ਦਾ ਹੰਕਾਰ ਵੀ ਨਹੀਂ ਕਰਨਾ ਚਾਹੀਦਾ, ਪਿਛਲਾ ਵੇਲਾ ਵੀ ਯਾਦ ਰਖਣਾ ਚਾਹੀਦਾ ਹੈ ਭੁੱਲਣਾ ਨਹੀਂ ਚਾਹੀਦਾ ਜਿਵੇਂ ਸੇਠ ਦੌਲਤ ਰਾਮ ਨੇ ਯਾਦ ਰੱਖਿਆ । ਮਾਇਆ ਤਾਂ ਆਉਣੀ ਜਾਣੀ ਹੈ ਕੋਈ ਪਤਾ ਨਹੀਂ ਕਿ ਕਦੋਂ ਕਿਸੇ ਨੂੰ ਫਰਸ਼ ਤੋਂ ਅਰਸ਼ ਤੇ ਲੈ ਜਾਵੇ ਅਤੇ ਕਦੋਂ ਅਰਸ਼ ਤੋਂ ਫਰਸ਼ ਲੈ ਆਵੇ । ਜਿਸ ਬਾਰੇ ਇੱਕ ਕਵੀ ਦੀਆਂ ਸਤਰਾਂ ਹਨ :

" ਕਭੀ ਅਰਸ਼ ਪਰ, ਕਭੀ ਫਰਸ਼ ਪਰ, ਕਭੀ ਉਸਕੇ ਦਰ ਤੇ ਕਭੀ ਦਰ ਬੇਦਰ "
ਅਤੇ
" ਜ਼ਿੰਦਗੀ ਦਾ ਕਾਰਵਾਂ ਇਕਸਾਰ ਕਦੋਂ ਚਲਦਾ ਹੈ, ਹਨੇਰਿਆਂ ਦੀ ਹਿੱਕ ਚੀਰ ਆਖਰ ਸੂਰਜ ਨਿਕਲਦਾ ਹੈ "

# ਭਾਰਤ ਵੱਲੋਂ ਪਾਕਿਸਤਾਨ 'ਤੇ ਮਿਜ਼ਾਈਲ ਹਮਲੇ ਤੋਂ ਬਾਅਦ ਆਸਟ੍ਰੇਲੀਆਈ ਲੋਕਾਂ ਨੂੰ ਯਾਤਰਾ ਯੋਜਨਾਵਾਂ 'ਤੇ 'ਮੁੜ ਵਿਚਾਰ' ਕਰਨ ਦੀ ਚੇਤਾਵਨੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਸਿਡਨੀ-(ਚੁੰਬਰ) ਅੱਜ ਸਵੇਰੇ ਭਾਰਤ ਵੱਲੋਂ ਸਰਹੱਦ ਪਾਰੋਂ ਪਾਕਿਸਤਾਨੀ ਕੰਟਰੋਲ ਵਾਲੇ ਖੇਤਰ ਵਿੱਚ ਮਿਜ਼ਾਈਲਾਂ ਦਾਗੀਆਂ ਗਈਆਂ, ਜਿਸ ਤੋਂ ਬਾਅਦ ਆਸਟ੍ਰੇਲੀਆਈ ਲੋਕਾਂ ਨੂੰ ਪਾਕਿਸਤਾਨ ਦੀ ਯਾਤਰਾ 'ਤੇ "ਮੁੜ ਵਿਚਾਰ" ਕਰਨ ਦੀ ਚੇਤਾਵਨੀ ਦਿੱਤੀ ਜਾ ਰਹੀ ਹੈ।

ਭਾਰਤੀ ਏਅਰਲਾਈਨਾਂ ਨੇ ਉਦੋਂ ਤੋਂ ਐਲਾਨ ਕੀਤਾ ਹੈ ਕਿ ਉਹ ਭਾਰਤ-ਨਿਯੰਤਰਿਤ ਕਸ਼ਮੀਰ ਦੇ ਮੁੱਖ ਸ਼ਹਿਰ ਸ਼੍ਰੀਨਗਰ ਲਈ ਉਡਾਣਾਂ ਰੱਦ ਕਰ ਰਹੀਆਂ ਹਨ।

ਉੱਤਰੀ ਭਾਰਤ ਵਿੱਚ ਧਰਮਸ਼ਾਲਾ, ਲੇਹ, ਜੰਮੂ ਅਤੇ ਅੰਮ੍ਰਿਤਸਰ ਲਈ ਉਡਾਣਾਂ ਵੀ ਰੱਦ ਕਰ ਦਿੱਤੀਆਂ ਗਈਆਂ ਹਨ, ਕਿਉਂਕਿ ਉਨ੍ਹਾਂ ਦੇ ਹਵਾਈ ਅੱਡੇ "ਅਗਲੇ ਨੋਟਿਸ ਤੱਕ ਬੰਦ" ਹਨ।

ਸਮਾਰਟਰੇਵਲਰ ਵੈੱਬਸਾਈਟ, ਜੋ ਕਿ ਵਿਦੇਸ਼ ਮਾਮਲਿਆਂ ਅਤੇ ਵਪਾਰ ਵਿਭਾਗ (DFAT) ਦੁਆਰਾ ਬਣਾਈ ਰੱਖੀ ਜਾਂਦੀ ਹੈ, ਯਾਤਰੀਆਂ ਨੂੰ ਭਾਰਤ ਵਿੱਚ "ਉੱਚ ਪੱਧਰੀ ਸਾਵਧਾਨੀ ਵਰਤਣ" ਦੀ ਅਪੀਲ ਵੀ ਕਰ ਰਹੀ ਹੈ।

ਪਾਕਿਸਤਾਨੀ ਫੌਜੀ ਸੂਤਰਾਂ ਨੇ ਸੀਐਨਐਨ ਨੂੰ ਦੱਸਿਆ ਕਿ ਭਾਰਤੀ ਮਿਜ਼ਾਈਲਾਂ ਨੇ ਪਾਕਿਸਤਾਨ ਅਤੇ ਪਾਕਿਸਤਾਨ ਪ੍ਰਸ਼ਾਸਿਤ ਕਸ਼ਮੀਰ ਦੇ ਅੰਦਰ ਪੰਜ ਥਾਵਾਂ 'ਤੇ ਹਮਲਾ ਕੀਤਾ।

ਉਹ ਸਥਾਨ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਅਹਿਮਦਪੁਰ ਪੂਰਬੀ ਅਤੇ ਮੁਰੀਦਕੇ ਹਨ - ਦੇਸ਼ ਦੀਆਂ ਨਿਰਵਿਵਾਦ ਸਰਹੱਦਾਂ ਦੇ ਅੰਦਰ - ਅਤੇ ਪਾਕਿਸਤਾਨ-ਪ੍ਰਸ਼ਾਸਿਤ ਕਸ਼ਮੀਰ ਵਿੱਚ ਮੁਜ਼ੱਫਰਾਬਾਦ, ਬਾਗ ਅਤੇ ਕੋਟਲੀ।





ਭਾਰਤੀ ਮਿਜਾਈਲਾਂ ਨਾਲ ਪਾਕਿਸਤਾਨੀ ਅਤਿਵਾਦੀਆਂ ਦੇ ਟਿਕਾਣਿਆਂ ਤੇ ਕੀਤੇ ਗਿਆ ਮਿਜਾਈਲ ਹਮਲਾ ਅਤੇ ਤਬਾਹ ਕੀਤੇ ਟਿਕਾਣੇ ਦਾ ਦ੍ਰਿਸ਼

ਪਾਕਿਸਤਾਨੀ ਸੁਰੱਖਿਆ ਅਧਿਕਾਰੀਆਂ ਨੇ ਸ਼ੁਰੂ ਵਿੱਚ ਦੱਸਿਆ ਸੀ ਕਿ ਹਮਲਿਆਂ ਵਿੱਚ ਇੱਕ ਬੱਚਾ ਮਾਰਿਆ ਗਿਆ ਅਤੇ ਦੋ ਹੋਰ ਲੋਕ ਜ਼ਖਮੀ ਹੋ ਗਏ।

ਇਸ ਤੋਂ ਬਾਅਦ ਮਰਨ ਵਾਲਿਆਂ ਦੀ ਗਿਣਤੀ ਅੱਠ ਹੋ ਗਈ ਹੈ।

ਸਮਾਰਟਰੇਵਲਰ ਹੁਣ ਆਸਟ੍ਰੇਲੀਆਈ ਲੋਕਾਂ ਨੂੰ "ਅਸਥਿਰ ਸੁਰੱਖਿਆ ਸਥਿਤੀ ਦੇ ਕਾਰਨ" ਪਾਕਿਸਤਾਨ ਦੀ ਯਾਤਰਾ ਕਰਨ ਦੀ ਆਪਣੀ ਜ਼ਰੂਰਤ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕਰ ਰਿਹਾ ਹੈ, ਕਈ ਥਾਵਾਂ 'ਤੇ "ਯਾਤਰਾ ਨਾ ਕਰੋ" ਚੇਤਾਵਨੀਆਂ ਦਿੱਤੀਆਂ ਗਈਆਂ ਹਨ।

ਇਨ੍ਹਾਂ ਥਾਵਾਂ ਵਿੱਚ ਬਲੋਚਿਸਤਾਨ, ਖੈਬਰ-ਪਖਤੂਨਖਵਾ ਦੇ ਕੁਝ ਹਿੱਸੇ ਅਤੇ ਅਫਗਾਨਿਸਤਾਨ ਅਤੇ ਭਾਰਤ ਨਾਲ ਲੱਗਦੇ ਸਰਹੱਦੀ ਖੇਤਰ ਸ਼ਾਮਲ ਹਨ।

ਵੈੱਬਸਾਈਟ 'ਤੇ ਲਿਖਿਆ ਹੈ, "ਪਾਕਿਸਤਾਨ ਨੇ ਐਲਾਨ ਕੀਤਾ ਹੈ ਕਿ ਵਾਹਗਾ ਸਰਹੱਦ ਪਾਰ ਅਗਲੇ ਨੋਟਿਸ ਤੱਕ ਬੰਦ ਹੈ, ਅਤੇ ਸਰਹੱਦ ਪਾਰ ਯਾਤਰਾ ਮੁਅੱਤਲ ਕਰ ਦਿੱਤੀ ਗਈ ਹੈ।"

"ਜੇਕਰ ਤੁਹਾਡੀ ਪਾਕਿਸਤਾਨ ਤੋਂ ਭਾਰਤ ਯਾਤਰਾ ਕਰਨ ਦੀ ਯੋਜਨਾ ਹੈ, ਤਾਂ ਆਪਣੇ ਰਸਤੇ 'ਤੇ ਮੁੜ ਵਿਚਾਰ ਕਰੋ ਅਤੇ ਸਥਾਨਕ ਅਧਿਕਾਰੀਆਂ ਦੀ ਸਲਾਹ ਦੀ ਪਾਲਣਾ ਕਰੋ।"

ਆਸਟ੍ਰੇਲੀਆਈ ਲੋਕਾਂ ਨੂੰ ਵੀ ਭਾਰਤ ਵਿੱਚ ਸਮੁੱਚੇ ਤੌਰ 'ਤੇ ਉੱਚ ਪੱਧਰੀ ਸਾਵਧਾਨੀ ਵਰਤਣ ਦੀ ਚੇਤਾਵਨੀ ਦਿੱਤੀ ਗਈ ਹੈ।

ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ, ਭਾਰਤ-ਪਾਕਿਸਤਾਨ ਸਰਹੱਦ ਅਤੇ ਮਨੀਪੁਰ ਲਈ ਸਖ਼ਤ "ਯਾਤਰਾ ਨਾ ਕਰੋ" ਚੇਤਾਵਨੀਆਂ ਲਾਗੂ ਹਨ।

ਸਮਾਰਟਰੇਵਲਰ ਵੈੱਬਸਾਈਟ ਯਾਤਰੀਆਂ ਨੂੰ ਛੱਤੀਸਗੜ੍ਹ ਦੇ ਅਟਾਰੀ-ਵਾਹਗਾ ਸਰਹੱਦੀ ਕ੍ਰਾਸਿੰਗ ਅਤੇ ਗੁਆਂਢੀ ਰਾਜਾਂ ਦੇ ਸਰਹੱਦੀ ਖੇਤਰਾਂ ਦੀ ਯਾਤਰਾ ਕਰਨ ਦੀ ਜ਼ਰੂਰਤ 'ਤੇ "ਮੁੜ ਵਿਚਾਰ" ਕਰਨ ਦਾ ਸੁਝਾਅ ਵੀ ਦਿੰਦੀ ਹੈ।

ਸਮਾਰਟਰੇਵਲਰ ਸਲਾਹ ਅੱਜ ਅੱਪਡੇਟ ਕੀਤੀ ਗਈ ਹੈ ਜਿਸ ਵਿੱਚ ਭਾਰਤ ਵਿੱਚ ਆਸਟ੍ਰੇਲੀਆਈ ਲੋਕਾਂ ਨੂੰ ਸਥਾਨਕ ਮੀਡੀਆ ਦੀ ਨਿਗਰਾਨੀ ਕਰਨ, ਅਧਿਕਾਰਤ ਚੇਤਾਵਨੀਆਂ ਨੂੰ ਗੰਭੀਰਤਾ ਨਾਲ ਲੈਣ ਅਤੇ ਸਥਾਨਕ ਅਧਿਕਾਰੀਆਂ ਦੀ ਸਲਾਹ ਦੀ ਪਾਲਣਾ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

ਇਸ ਨੇ ਚੇਤਾਵਨੀ ਦਿੱਤੀ ਹੈ ਕਿ ਉਡਾਣਾਂ ਵਿੱਚ ਵਿਘਨ ਪੈ ਸਕਦਾ ਹੈ ਅਤੇ ਕਿਸੇ ਵੀ ਹਵਾਈ ਅੱਡੇ 'ਤੇ ਜਾਣ ਤੋਂ ਪਹਿਲਾਂ ਏਅਰਲਾਈਨਾਂ ਨਾਲ ਜਾਂਚ ਕਰੋ, ਕਿਉਂਕਿ ਉਹ ਥੋੜ੍ਹੇ ਸਮੇਂ ਦੇ ਨੋਟਿਸ 'ਤੇ ਬੰਦ ਹੋ ਸਕਦੇ ਹਨ।

# ਭਾਰਤ ਨੇ ਪਾਕਿਸਤਾਨ 'ਤੇ ਹਮਲਾ ਕੀਤਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਪਾਕਿਸਤਾਨੀ ਫੌਜ ਦਾ ਕਹਿਣਾ ਹੈ ਕਿ ਭਾਰਤੀ ਮਿਜ਼ਾਈਲ ਹਮਲੇ 7 ਮਈ ਨੂੰ ਸਵੇਰੇ ਪਾਕਿਸਤਾਨ ਅਤੇ ਪਾਕਿਸਤਾਨ ਪ੍ਰਸ਼ਾਸਿਤ ਕਸ਼ਮੀਰ ਵਿੱਚ ਸੱਤ ਥਾਵਾਂ 'ਤੇ ਹੋਏ। ਭਾਰਤ ਨੇ ਕਿਹਾ ਕਿ ਉਸਨੇ ਨੌਂ ਥਾਵਾਂ 'ਤੇ ਹਮਲਾ ਕੀਤਾ।

ਪਾਕਿਸਤਾਨ ਦੇ ਅਨੁਸਾਰ, ਹਮਲਿਆਂ ਵਿੱਚ ਘੱਟੋ-ਘੱਟ 26 ਲੋਕ ਮਾਰੇ ਗਏ ਅਤੇ ਦਰਜਨਾਂ ਜ਼ਖਮੀ ਹੋ ਗਏ।






# ਨਗਰ ਕੌਂਸਲ ਦਫਤਰ ਅੱਗੇ ਅੱਜ ਲੱਗਣ ਵਾਲਾ ਰੋਸ ਧਰਨਾ ਰੱਦ ਕੀਤਾ ਜਾਂਦਾ ਹੈ - ਪਰਮਜੀਤ ਸਿੰਘ ਸਹੋਲੀ

## ਅਕਾਲੀ ਦਲ ਸੁਤੰਤਰ ਦੀਆਂ ਮੰਗਾਂ ਨੂੰ ਬਹੁਤ ਜਲਦੀ ਹੱਲ ਕਰਵਾਇਆ ਜਾਵੇਗਾ ਪੂਰਾ - ਐਸਡੀਐਮ ਇਸਮਤ ਵਿਜੇ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ INTERNATIONAL PAPER, 94636 01616 hardipchumber57@gmail.com

ਨਾਭਾ 07 ਮਈ (ਬਾਂਗਾਂ/ ਬੇਅੰਤ ਸਿੰਘ ਰੋਹਟੀ ਖਾਸ) ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਵੱਲੋਂ 8 ਮਈ, ਦਿਨ ਵੀਰਵਾਰ ਨੂੰ ਨਗਰ ਕੌਂਸਲ ਨਾਭਾ ਦੇ ਖਿਲਾਫ ਰੋਸ ਧਰਨਾ ਲਗਾਇਆ ਜਾਣਾ ਸੀ। ਇਸ ਧਰਨੇ ਨੂੰ ਲੈ ਕੇ ਅੱਜ ਐਸਡੀਐਮ ਨਾਭਾ ਵਿਜੇ ਇਸਮਤ ਸਿੰਘ ਵੱਲੋਂ ਪਰਮਜੀਤ ਸਿੰਘ ਸਹੋਲੀ ਕੌਮੀ ਪ੍ਰਧਾਨ ਨੂੰ ਸੱਦਾ ਭੇਜ ਕੇ ਗੱਲਬਾਤ ਕਰਨ ਲਈ ਬੁਲਾਇਆ ਗਿਆ। ਇਸ ਮੌਕੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡੀਆਂ



ਮੰਗਾਂ ਨੂੰ ਲੈ ਕੇ ਐਸਡੀਐਮ ਨਾਭਾ ਨੇ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ ਅਤੇ ਸੁਣਿਆ ਹਨ। ਸਹੋਲੀ ਨੇ ਕਿਹਾ ਕਿ ਪੱਥਰਾਂ ਵਾਲੀ ਰੋਡ ਤੇ ਬਣਨ ਵਾਲੀ ਸੜਕ ਅਧੂਰੀ ਹੈ। ਨਾ ਹੀ ਉੱਥੇ ਸੜਕ ਤੇ ਲਾਈਟਾਂ ਦਾ ਕੋਈ ਪ੍ਰਬੰਧ ਹੈ। ਇੱਥੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਸੜਕ ਦੇ ਆਲੇ ਦੁਆਲੇ ਗੰਦਗੀ ਹੈ। ਇਸ ਰੋਡ ਤੇ ਗੁਰੂ ਘਰ ਹੈ ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਰੋਜਾਨਾ ਸੰਗਤਾਂ ਮੱਥਾ ਟੇਕਣ ਆਉਂਦੀਆਂ ਹਨ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਨਾਲ ਸੰਬੰਧਿਤ ਹੋਰ ਵੀ ਮੰਗਾਂ ਹਨ, ਸਹੌਲੀ ਨੇ ਕਿਹਾ ਕਿ ਨਗਰ ਕੌਂਸਲ ਦਾ ਇਸ ਵੱਲ ਕੋਈ ਧਿਆਨ ਨਹੀਂ ਹੈ। ਉਹਨਾਂ ਕਿਹਾ ਕਿ ਐਸਡੀਐਮ ਨਾਭਾ ਨੇ ਵਿਸ਼ਵਾਸ ਦਿਵਾਇਆ ਹੈ ਕਿ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨੂੰ ਬੁਲਾ ਕੇ ਜਲਦੀ ਹੀ ਮੀਟਿੰਗ ਕੀਤੀ ਜਾਵੇਗੀ ਤਾਂ ਕਿ ਇਹਨਾਂ ਸਮੱਸਿਆਵਾਂ ਦਾ ਹੱਲ ਕਰਾਇਆ ਜਾ ਸਕੇ। ਪਰਮਜੀਤ ਸਿੰਘ ਸਹੋਲੀ ਨੇ ਕਿਹਾ ਕਿ ਐਸਡੀਐਮ ਨਾਭਾ ਦੇ ਵਿਸ਼ਵਾਸ ਦਿਵਾਉਣ ਤੇ ਧਰਨੇ ਨੂੰ ਰੱਦ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਜੀ ਘੋੜਿਆਂ ਵਾਲਾ ਦੀ ਪੱਥਰਾਂ ਵਾਲੀ ਸੜਕ ਦਾ ਅਤੇ ਲਾਈਟਾਂ ਦਾ ਜਲਦੀ ਪ੍ਰਬੰਧ ਨਾ ਕੀਤਾ ਗਿਆ ਤਾਂ ਅਕਾਲੀ ਸੁਤੰਤਰ ਵੱਲੋਂ ਰੋਜ਼ਾਨਾ ਹੀ ਨਗਰ ਕੌਂਸਲ ਦਫਤਰ ਅੱਗੇ ਰੋਸ ਧਰਨਾ ਲਗਾਇਆ ਜਾਵੇਗਾ। ਜਿਸ ਦੀ ਜਿੰਮੇਵਾਰੀ ਪ੍ਰਸ਼ਾਸਨ ਅਤੇ ਸਰਕਾਰ ਦੀ ਹੋਵੇਗੀ। ਇਸ ਮੌਕੇ ਸੁਰਜੀਤ ਸਿੰਘ ਬਾਬਰਪੁਰ, ਐਡਵੋਕੇਟ ਗੁਰਵਿੰਦਰ ਸਿੰਘ, ਨਵਦੀਪ ਸਿੰਘ ਆਦਿ ਹਾਜਰ ਸਨ।

# ਸੇਵਾ ਭਾਰਤੀ ਬਾਲ ਸੰਸਕਾਰ ਕੇਂਦਰ ਨਾਭਾ ਵਿਖੇ ਲੋੜਵੰਦ ਬੱਚਿਆਂ ਨੂੰ ਦਿੱਤੇ ਗਏ ਸਕੂਲੀ ਬੈਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ INTERNATIONAL PAPER, 94636 01616 hardipchumber57@gmail.com

ਨਾਭਾ, 7 ਮਈ (ਬਾਂਗਾਂ/ ਬੇਅੰਤ ਸਿੰਘ ਰੋਹਟੀ ਖਾਸ) ਭਾਰਤ ਵਿਕਾਸ ਪਰਿਸ਼ਦ ਇਕਾਈ ਨਾਭਾ ਵੱਲੋਂ ਮਾਨਵ ਸੇਵਾ ਉੱਤਮ ਸੇਵਾ ਸਟੇਟ ਐਵਾਰਡੀ ਸੰਸਥਾ ਦੇ ਯੋਗਦਾਨ ਨਾਲ ਸੇਵਾ ਭਾਰਤੀ ਬਾਲ ਸੰਸਕਾਰ ਕੇਂਦਰ ਵਿਖੇ ਲੋੜਵੰਦ ਬੱਚਿਆਂ ਨੂੰ ਸਕੂਲ ਬੈਗ ਦਿੱਤੇ ਗਏ। ਇਸ ਮੌਕੇ ਸੰਸਥਾ ਦੇ ਪ੍ਰਧਾਨ ਨਰਿੰਦਰ ਵਰਮਾ, ਜਨਰਲ ਸਕੱਤਰ ਵਿਕਾਸ ਮਿੱਤਲ ਅਤੇ ਕੈਸ਼ੀਅਰ ਅਸ਼ਵਨੀ ਮਦਾਨ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ



ਕਰਦਿਆਂ ਕਿਹਾ ਕਿ ਭਾਰਤ ਵਿਕਾਸ ਪਰਿਸ਼ਦ ਇਕਾਈ ਨਾਭਾ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਮੈਂਬਰਾਂ ਦੇ ਯੋਗਦਾਨ ਨਾਲ ਕੀਤੇ ਜਾਂਦੇ ਹਨ। ਅਸੀ ਇੰਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ। ਉਨ੍ਹਾਂ ਕਿਹਾ ਕਿ ਇਹ ਯੋਗਦਾਨ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਵੱਲੋਂ ਕੀਤਾ ਗਿਆ ਹੈ। ਜਿਸ ਵਿੱਚ ਏਕਤਾ ਕਲੋਨੀ ਥੂਹੀ ਰੋਡ ਵਿੱਚ ਬੱਚਿਆਂ ਨੂੰ 35 ਸਕੂਲੀ ਬੈਗ, ਪਿੰਡ ਥੂਹੀ ਵਿਖੇ 17 ਬੱਚਿਆਂ ਨੂੰ ਸਕੂਲੀ ਬੈਗ ਅਤੇ ਪਿੰਡ ਖੇੜੀ ਗਿੱਲਾ ਵਿਖੇ 27 ਬੱਚਿਆਂ ਨੂੰ ਸਕੂਲੀ ਬੈਗ ਦਿੱਤੇ ਗਏ। ਬੈਗ ਵੰਡਣ ਉਪਰੰਤ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਕਿਹਾ ਕਿ ਸੰਸਥਾ ਵੱਲੋਂ ਸਕੂਲਾਂ ਵਿੱਚ ਲੋੜਵੰਦ ਬੱਚਿਆਂ ਨੂੰ ਵਰਦੀਆਂ, ਬੂਟ, ਜਰਾਬਾ ਅਤੇ ਸਟੇਸ਼ਨਰੀ ਦਿੱਤੀ ਜਾਂਦੀ ਹੈ ਤਾਂ ਕਿ ਲੋੜਵੰਦ ਬੱਚਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਕਿਸੇ ਪ੍ਰਕਾਰ ਦੀ ਮਰੀਜ਼ਾਂ ਨੂੰ ਮੁਸ਼ਕਿਲ ਦਾ ਸਾਹਮਣਾ ਨਾ ਕਰ ਸਕੇ। ਇਸ ਮੌਕੇ ਸੁਨੀਲ ਗੁਪਤਾ, ਡਾਕਟਰ ਗਗਨਦੀਪ ਸ਼ਰਮਾ, ਦੀਪਕ ਕੁਮਾਰ ਜੌਲੀ, ਸਾਹਿਲ ਗੁਪਤਾ, ਬਲਦੇਵ ਕੁਮਾਰ, ਮੈਡਮ ਰਜਨੀ ਮਿੱਤਲ, ਸੇਵਾ ਭਾਰਤੀ ਪ੍ਰਧਾਨ ਚੰਦਰ ਪ੍ਰਕਾਸ਼ ਸ਼ਰਮਾ, ਏਕੇ ਸ੍ਰੀਵਾਸਤਵ ਆਦਿ ਹਾਜਰ ਸਨ।

# ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕੀਤੀ 'ਆਪ' ਸੂਬਾ ਪ੍ਰਧਾਨ ਅਮਨ ਅਰੋੜਾ ਨਾਲ ਮੁਲਾਕਾਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ INTERNATIONAL PAPER, 94636 01616 hardipchumber57@gmail.com

ਨਾਭਾ, 7 ਮਈ ਬਾਂਗਾਂ/ ਬੇਅੰਤ ਸਿੰਘ ਰੋਹਟੀ ਖਾਸ)- ਕੈਬਨਿਟ ਮੰਤਰੀ ਤੇ 'ਆਪ' ਸੂਬਾ ਪ੍ਰਧਾਨ ਅਮਨ ਅਰੋੜਾ ਨਾਲ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਉਨ੍ਹਾਂ ਦੀ ਟੀਮ ਦੇ ਮੈਂਬਰ ਚੇਅਰਮੈਨ ਧਰਮਿੰਦਰ ਸਿੰਘ ਸੁੱਖੇਵਾਲ ਨੇ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ। ਕੈਬਨਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਦੀ ਸਿੱਖਿਆ ਕ੍ਰਾਂਤੀ ਨੀਤੀ ਸਦਕਾ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਮਿਆਰ ਦਿਨ ਬ ਦਿਨ ਵਧਾ ਹੀ ਜਾ ਰਿਹਾ ਹੈ ਚੰਗੀ ਸਿੱਖਿਆ



ਨਾਭਾ ਕੈਬਨਿਟ ਮੰਤਰੀ ਤੇ 'ਆਪ' ਸੂਬਾ ਪ੍ਰਧਾਨ ਅਮਨ ਅਰੋੜਾ ਨਾਲ ਮੁਲਾਕਾਤ ਕਰਦੇ ਹੋਏ ਵਿਧਾਇਕ ਦੇਵ ਮਾਨ ਤੇ ਧਰਮਿੰਦਰ ਸਿੰਘ ਸੁੱਖੇਵਾਲ।

ਆਧੁਨਿਕ ਸਹੂਲਤਾਂ ਪ੍ਰਦਾਨ ਕਰਕੇ ਵਿਦਿਆਰਥੀਆਂ ਲਈ ਤਰੱਕੀ ਦੇ ਰਾਹ ਖੋਲੇ ਜਾ ਰਹੇ ਹਨ। ਚੇਅਰਮੈਨ ਧਰਮਿੰਦਰ ਸਿੰਘ ਸੁੱਖੇਵਾਲ ਨੇ ਕਿਹਾ ਕਿ ਜਿੱਥੇ ਕੈਬਨਟ ਮੰਤਰੀ ਅਮਨ ਅਰੋੜਾ ਦੀ ਅਗਵਾਈ 'ਚ ਪੰਜਾਬ 'ਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਹੋ ਰਹੇ ਹਨ ਉੱਥੇ ਹੀ ਨਾਭਾ ਹਲਕੇ 'ਚ ਵੀ ਵਿਕਾਸ ਕਾਰਜਾਂ 'ਚ ਵਿਧਾਇਕ ਦੇਵ ਮਾਨ ਦੀ ਮਿਹਨਤ ਸਦਕਾ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾ ਰਹੀ। ਚੇਅਰਮੈਨ ਧਰਮਿੰਦਰ ਸੁੱਖੇਵਾਲ ਨੇ ਕਿਹਾ ਕਿ ਵਿਧਾਇਕ ਦੇਵ ਮਾਨ ਵੱਲੋਂ ਪਾਰਟੀ ਦੀ ਮਜਬੂਤੀ ਲਈ ਹਲਕੇ 'ਚ ਕੀਤੀ ਜਾ ਰਹੀ ਅਣਥੱਕ ਮਿਹਨਤ ਨਾਲ ਪਾਰਟੀ ਹੋਰ ਮਜਬੂਤ ਹੋਈ ਹੈ।ਸੁੱਖੇਵਾਲ ਨੇ ਕਿਹਾ ਕਿ ਵਿਧਾਇਕ ਦੇਵ ਮਾਨ ਦੀ ਵਿਕਾਸ ਪੱਖੀ ਸੋਚ ਸਦਕਾ ਪਾਰਟੀ ਦਾ ਕੇਡਰ ਮਜਬੂਤ ਹੋਇਆ ਹੈ। ਓਹਨਾਂ ਕਿਹਾ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਜੋ ਵੀ ਪੰਜਾਬ ਵਾਸੀਆਂ ਨਾਲ ਵਾਅਦੇ ਕੀਤੇ ਸੀ ਉਹ ਇੱਕ ਇੱਕ ਕਰਕੇ ਸਾਰੇ ਪੂਰੇ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬਿਨਾਂ ਕਿਸੇ ਭੇਦਭਾਵ ਦੇ ਪੂਰੇ ਪੰਜਾਬ ਦੇ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

# ਮਾਮਲਾ ਟਾਉਨਸ਼ਿਪ ਚ ਸੀਵਰ ਸਫਾਈ ਸਮੇਂ 3 ਮਜ਼ਦੂਰਾਂ ਦੀ ਹੋਈ ਮੌਤ ਦਾ

## ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਨੇ ਕੀਤਾ ਦੁੱਖ ਦਾ ਪ੍ਰਗਟਾਵਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ INTERNATIONAL PAPER, 94636 01616 hardipchumber57@gmail.com

ਸੰਗਰੂਰ,7 ਮਈ (ਜਗਸੀਰ ਸਿੰਘ) : ਬੀਤੇ ਦਿਨੀਂ ਜ਼ਿਲ੍ਹਾ ਬਠਿੰਡਾ ਦੇ ਰਾਮਾਂ ਮੰਡੀ ਰਿਫਾਇਨਰੀ ਅਧੀਨ ਟਾਉਨਸ਼ਿਪ ਚ ਸੀਵਰੇਜ ਦੀ ਸਫਾਈ ਕਰਨ ਸਮੇਂ ਗੈਸ ਚੜ੍ਹਨ ਨਾਲ 3 ਮਜ਼ਦੂਰਾਂ ਦੀ ਹੋਈ ਮੌਤ ਤੇ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਨੇ ਕਿਹਾ ਕਿ ਰਿਫਾਇਨਰੀ ਟਾਉਨਸ਼ਿਪ ਚ ਬਹੁਤ ਹੀ ਦੁੱਖਦਾਈ ਘਟਨਾ ਵਾਪਰੀ ਹੈ। ਜਿਸ ਨੇ 3 ਮਜ਼ਦੂਰਾਂ ਨੂੰ ਨਿਗਲ ਲਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀਆਂ ਨਜ਼ਰਾਂ ਵਿੱਚ ਗਰੀਬਾਂ ਦੀ ਜਾਨ ਦੀ ਕੋਈ ਕੀਮਤ ਨਹੀਂ ਜਿਨ੍ਹਾਂ ਵੱਲੋਂ ਸ਼ੁਰੂ ਤੋਂ ਹੀ ਗਰੀਬਾਂ ਨੂੰ ਕੀੜੇ ਮਕੌੜੇ ਹੀ ਸਮਝਿਆ ਜਾਂਦਾ ਹੈ। ਸ਼੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਰਿਫਾਇਨਰੀ ਵਿਖੇ ਸੀਵਰ ਮੈਨਾਂ ਤੋਂ ਕਥਿਤ ਤੌਰ ਤੇ ਬਿਨਾਂ ਸੇਫਟੀ ਕਿੱਟਾਂ ਤੋਂ ਹੀ ਸੀਵਰੇਜ ਦੀ ਸਫਾਈ ਕਰਵਾਈ ਜਾ ਰਹੀ ਸੀ ਜਿਸ ਕਾਰਨ ਹੀ ਇਹ ਵੱਡੀ ਘਟਨਾ ਘਟੀ ਹੈ। ਜਿਸ ਸਬੰਧੀ ਉਨ੍ਹਾਂ ਮਿਸ਼ਨ ਦੇ ਜ਼ਿਲ੍ਹਾ ਬਠਿੰਡਾ ਨਾਲ ਸਬੰਧਤ ਸਾਥੀਆਂ ਦੀ ਸਾਰੇ ਮਾਮਲੇ ਦੀ ਜਾਂਚ ਪੜਤਾਲ ਕਰਨ ਲਈ ਡਿਊਟੀ ਲਗਾ ਦਿੱਤੀ ਹੈ। ਮਜ਼ਦੂਰਾਂ ਦੀਆਂ ਕੀਮਤੀ ਜਾਨਾਂ ਨਾਲ ਖਿਲਵਾੜ ਕਰਨ ਵਾਲੇ ਅਤੇ ਇਸ ਵਿੱਚ ਲਾਪਰਵਾਹੀ ਵਰਤਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਉਨ੍ਹਾਂ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਕਰਵਾਈ ਜਾਵੇਗੀ ਕੌਮੀ ਪ੍ਰਧਾਨ ਨੇ ਕਿਹਾ ਕਿ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਪੂਰੀ ਤਰ੍ਹਾਂ ਨਾਲ ਪੀੜਤ



ਪਰਿਵਾਰਾਂ ਨਾਲ ਖੜ੍ਹਾ ਹੈ ਉਹ ਖੁਦ ਵੀ ਜਲਦ ਹੀ ਮ੍ਰਿਤਕ ਪਰਿਵਾਰਾਂ ਦੇ ਘਰ ਜਾਣਗੇ ਅਤੇ ਉਨ੍ਹਾਂ ਨੂੰ ਹਰ ਪੱਖੋਂ ਇੰਨਸਾਫ ਦਿਵਾਇਆ ਜਾਵੇਗਾ ਅਤੇ ਪਰਿਵਾਰਾਂ ਦੀ ਹਰ ਸੰਭਵ ਮਦਦ ਵੀ ਕੀਤੀ ਜਾਵੇਗੀ ਇਸ ਮੌਕੇ ਸ਼੍ਰੀ ਦਰਸ਼ਨ ਕਾਂਗੜਾ ਨਾਲ ਹੋਰ ਵੀ ਮਿਸ਼ਨ ਦੇ ਆਗੂ ਹਾਜ਼ਰ ਸਨ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਪੂੰਨੂ ਮਜਾਰੇ ਵਿੱਚ ਚੁਣੀ ਨਵੀਂ ਕਮੇਟੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ INTERNATIONAL PAPER, 94636 01616 hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ) ਅੱਜ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਇਸ ਮੌਕੇ ਇਲਾਕਾ ਆਗੂ ਸਤਨਾਮ ਸਿੰਘ ਲਾਡੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਪੰਜਾਬ ਦਾ ਹਰ ਵਰਗ ਸਰਕਾਰ ਦੇ ਕੰਮ ਤੋਂ ਨਿਰਾਸ਼ ਹੈ ਤੇ ਆਪਣੀਆਂ ਮੰਗਾਂ ਤੇ ਮਸਲਿਆਂ ਨੂੰ ਪੂਰਾ ਕਰਨ ਲਈ ਲਗਾਤਰ



ਸੰਘਰਸ਼ ਕਰ ਰਿਹਾ ਹੈ। ਆਗੂ ਤੇ ਪਿੰਡ ਵਾਸੀਆਂ ਨੇ ਬੀਤੇ ਕੱਲ ਮੁੱਖ ਮੰਤਰੀ ਦੇ ਬਿਆਨ ਦੇ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਕਿਹਾ ਕਿ ਹਰ ਵਰਗ ਨੂੰ ਧਰਨੇ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ ।ਸਰਕਾਰ ਨੂੰ ਇਹੋ ਜਿਹੇ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਨਹੀਂ ਤਾਂ ਆਉਣ ਵੇਲੇ ਦਿਨਾਂ ਵਿੱਚ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਮੌਕੇ ਆਗੂ ਨੇ ਇਹ ਵੀ ਕਿਹਾ ਕਿ ਹੁਣ ਪੰਜਾਬ ਸਰਕਾਰ ਦਾ ਚਿਹਰਾ ਨੰਗਾ ਹੋ ਗਿਆ ਹੈ ਤੇ ਝੂਠੇ ਤੇ ਨਕਲੀ ਇਨਕਲਾਬ ਵਾਲੀ ਸਰਕਾਰ ਬਿਲਕੁਲ ਫ਼ੇਲ ਹੋ ਚੁੱਕੀ ਹੈ। ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਬਿਨਾ ਸੰਘਰਸ਼ ਤੋਂ ਨਹੀਂ ਹੋਣਾ। ਇਸ ਲਈ ਸਾਨੂੰ ਇਕੱਠੇ ਹੋਕੇ ਸੰਘਰਸ਼ ਕਰਨ ਦੀ ਲੋੜ ਹੈ ਤੇ ਇੱਕ ਵੱਡੀ ਲਾਮਬੰਦੀ ਦੀ ਲੋੜ ਹੈ। ਜਿਸਦੇ ਤਹਿਤ ਪਿੰਡ ਚ ਕਮੇਟੀ ਬਣਾਈ ਗਈ ਤੇ ਕਰਿਸ਼ਨਾ ਦੇਵੀ ਨੂੰ ਪ੍ਰਧਾਨ ਬਣਾਇਆ ਗਿਆ ਤੇ ਮੋਹਣ ਲਾਲ ਨੂੰ ਸੈਕਟਰੀ ਤੇ ਲੱਛਮੀ ਦੇਵੀ ਨੂੰ ਖਜ਼ਾਨਚੀ ਬਣਾਇਆ ਗਿਆ। ਇਸ ਤੋਂ ਇਲਾਵਾ ਅੰਗਰੇਜ਼ ਕੌਰ, ਸੱਤਿਆ ,ਸੀਲਾ ਦੇਵੀ, ਤਰਸੇਮ ਕੌਰ, ਕਮਲਜੀਤ ਕੌਰ, ਹਰਭਜਨ ਕੌਰ ਹਾਜ਼ਿਰ ਸਨ।

# ਅੰਗਹੀਣ ਵਰਗ ਦੇ ਹੱਕ ਨਾ ਮਾਰੇ ਸਰਕਾਰ - ਹਰਜਿੰਦਰ ਭੰਮਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 07 ਮਈ INTERNATIONAL PAPER, 94636 01616 hardipchumber57@gmail.com

7ਮਈ 2025(ਬੇਅੰਤ ਸਿੰਘ ਰੋਹਟੀ ਖਾਸ) ਅੰਗਹੀਣ ਵਰਗ ਪਹਿਲਾਂ ਹੀ ਕੁਦਰਤੀ ਕਰੋਪੀਆਂ ਦਾ ਸ਼ਿਕਾਰ ਹੋਣ ਕਰਕੇ ਸਭ ਤੋਂ ਵੱਧ ਲੋੜਵੰਦ ਐ ਪਰ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਵੱਲੋਂ ਅੰਗਹੀਣ ਵਰਗ ਦੀਆਂ ਜਾਇਜ਼ ਲੋੜਾਂ ਪੂਰੀਆਂ ਨਾ ਕਰਕੇ ਅੰਗਹੀਣ ਵਰਗ ਦੇ ਹੱਕ ਮਾਰ ਰਹੀ ਹੈ।ਇਸ ਸਬੰਧੀ ਤਿੰਨ ਵਾਰ ਦੇ ਸਟੇਟ ਐਵਾਰਡੀ ਸਮਾਜ ਸੇਵੀ ਖੁਦਦਾਨੀ ਹਰਜਿੰਦਰ ਸਿੰਘ ਭੰਮਾ ਨੇ ਪੰਜਾਬ ਸਰਕਾਰ ਤੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਅੰਗਹੀਣ ਵਰਗ ਦੀਆਂ ਜਾਇਜ਼ ਲੋੜਾਂ ਨੂੰ ਪਹਿਲ ਦੇ ਆਧਾਰ ਤੇ ਲਾਗੂ ਕਰਨ ਦੀ ਬਜਾਏ ਅੰਗਹੀਣ ਵਰਗ ਨਾਲ ਕਾਗਜੀ ਮੀਟਿੰਗ ਕਰਕੇ ਖ਼ਾਨਾਪੂਰਤੀ ਕੀਤੀ ਜਾ ਰਹੀ ਹੈ ਅਤੇ ਅੰਗਹੀਣ ਵਰਗ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ ਜਦੋਂ ਕਿ ਅੱਜ ਮਹਿੰਗਾਈ ਦੇ ਯੁੱਗ ਵਿਚ ਅੰਗਹੀਣ ਵਰਗ ਇੱਕ ਟਾਈਮ ਦੀ ਰੋਟੀ ਤੋਂ ਵੀ ਮੁਤਾਜ ਹੈ।ਇਸ ਸਬੰਧੀ ਸ੍ਰੀ ਭੰਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਬਜ਼ਟ ਸੈਸ਼ਨ ਵਿੱਚ ਹਰ ਵਰਗ ਦੇ ਲਈ ਕੁਝ ਨਾ ਕੁਝ ਨਵਾਂ ਰੱਖਿਆ ਗਿਆ ਹੈ ਪਰ ਇੱਕ ਅੰਗਹੀਣ ਵਰਗ ਨੂੰ ਹੀ ਅਣਗੌਲਿਆਂ ਕੀਤਾ ਗਿਆ ਹੈ। ਉਹਨਾਂ ਨੇ ਦੱਸਿਆ ਕਿ ਸਾਡੇ ਗੁਆਂਢੀ ਸੂਬਿਆਂ ਵਿਚ ਘੱਟੋ ਘੱਟ ਅੰਗਹੀਣ ਵਰਗ ਦੀ ਪੈਨਸ਼ਨ ਤਿੰਨ ਤੋਂ ਚਾਰ ਗੁਣਾ ਜ਼ਿਆਦਾ ਹੈ ਪਰ ਪੰਜਾਬ ਸਰਕਾਰ ਵੱਲੋਂ ਤਿੰਨ ਸਾਲ ਬੀਤ ਜਾਣ ਤੇ ਆਪਣੇ ਵਾਅਦੇ ਮੁਤਾਬਕ ਪੰਦਰਾਂ ਸੌ ਰੁਪੈ ਤੋਂ ਵਧਾਕੇ ਪੰਜੀ ਸੌ ਰੁਪੈ ਤੱਕ ਵੀ ਨਹੀਂ ਕੀਤੀ ਗਈ ਪੰਜਾਬ ਸਰਕਾਰ ਦੇ ਇਸ ਵਿਤਕਰੇ ਨੂੰ ਅੰਗਹੀਣ ਵਰਗ ਕਦੇ ਵੀ ਬਰਦਾਸ਼ਤ ਨਹੀਂ



ਕਰੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਅੰਗਹੀਣ ਵਰਗ ਆਪਣੀਆ ਹੱਕੀ ਮੰਗਾ ਮਨਵਾਉਣ ਲਈ ਸੜਕਾਂ ਤੇ ਆਵੇਗਾ ਅਤੇ ਪੰਜਾਬ ਸਰਕਾਰ ਖ਼ਿਲਾਫ਼ ਇੱਕ ਤਿੱਖਾ ਸੰਘਰਸ਼ ਕੀਤਾ ਜਾਵੇਗਾ ਅਤੇ ਆਪਣੀ ਜਾਨ ਦੀ ਕੁਰਬਾਨੀ ਦੇਣ ਤੋਂ ਵੀ ਪਿੱਛੇ ਨਹੀਂ ਹਟਦੇ ਜਿਸ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

# ਬਹੁਜਨ ਸਮਾਜ ਪ੍ਰਤੀ ਕੋਈ ਵੀ ਨੇਤਾ ਬਹੁਜਨ ਸਮਾਜ ਦੇ ਸੰਗਠਨ ਖਿਲਾਫ ਨਾ ਬੋਲੇ.

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਬੰਗਾ( ਚਰਨਜੀਤ ਸੱਲ੍ਹਾ ) ਮਿਤੀ 2 /5 /2025 ਨੂੰ ਚੌਂਧਰੀ ਖੁਸ਼ੀ ਰਾਮ, ਆਈਏਐਸ ਰੀਟਾ ਦੇ ਯਤਨਾ ਸਦਕਾ ਬਹੁਜਨ ਸ਼ੋਸ਼ਿਤ ਸਮਾਜ ਦੀ ਬੇਹਤਰੀ ਅਤੇ ਮਜਬੂਤੀ ਲਈ ਇਕ ਮਹੱਤਵਪੂਰਨ ਮੀਟਿੰਗ ਐਰੋ ਸਿਟੀ ਵਿਖੇ ਸ਼੍ਰੀ ਕੁਲਦੀਪ ਸਿੰਘ ਈਸਾਪੁਰੀ, ਕੌਂਮੀ ਵਾਈਸ ਪ੍ਰਧਾਨ ਬਹੁਜਨ ਮੁਕਤੀ ਪਾਰਟੀ ਨਵੀਂ ਦਿੱਲੀ ( National vice president, BMP New Delhi) ਸਾਬਕਾ ਜਿਲਾ ਵਿਕਾਸ ਅਤੇ ਪੰਚਾਇਤ ਅਫਸਰ ਦੇ ਨਿਵਾਸ ਸਥਾਨ ਤੇ ਕੀਤੀ ਗਈ, ਜਿਸ ਵਿੱਚ ਚੌਂਧਰੀ ਖੁਸ਼ੀ ਰਾਮ ਆਈ ਏ ਐਸ ਤੋਂ ਇਲਾਵਾ, ਕਰਨਲ ਸ੍ਰੀ ਪ੍ਰਿਥਵੀ ਰਾਜ ਕੁਮਾਰ ਆਈ ਪੀ ਓ ਐਸ (ਰੀਟਾ) ਸ੍ਰੀ ਅਮਰੀਕ ਸਿੰਘ ਮਾਗਟ, ਸ੍ਰੀ ਕੁਲਦੀਪ ਸਿੰਘ ਈਸਾਪੁਰੀ ਕੌਂਮੀ ਵਾਈਸ ਪ੍ਰਧਾਨ ਬਹੁਜਨ ਮੁਕਤੀ ਪਾਰਟੀ ਨਵੀਂ ਦਿੱਲੀ (National vice president, India BMP New Delhi) ਕੁਆਡੀਨੇਟਰ ਉੱਤਰੀ ਜੋਨ, ਬਹੁਜਨ ਮੁਕਤੀ ਪਾਰਟੀ ਨਵੀਂ ਦਿੱਲੀ, ਸ੍ਰੀ ਹਰਵੰਤ ਸਿੰਘ ਮਾਗਟ, ਡੈਮੋਕਰੇਟਿਕ ਪੀਪਲਜ਼ ਪਾਰਟੀ, ਐਡਵੋਕੇਟ ਹਾਈ ਕੋਰਟ ਸ੍ਰੀ ਕੁਲਵੰਤ ਸਿੰਘ ਕਾਨੂੰਨੀ ਸਲਾਹਕਾਰ ਬੀ ਐਮ ਪੀ ਪੰਜਾਬ, ਸਾਬਕਾ ਡੀ



ਡੀ ਪੀ ਓ , ਸ੍ਰੀ ਗਗਨਦੀਪ ਅਤੇ ਮਨਜੀਤ ਸਿੰਘ ਸ਼ਾਮਿਲ ਹੋਏ। ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਬੀ ਆਰਮਬੇਡਕਰ ਜੀ ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਵਿਚਾਰਧਾਰਾ ਤੇ ਸਾਡੇ ਬਹੁਤ ਸਾਰੇ ਸਮਾਜਿਕ ਅਤੇ ਰਾਜਨੀਤਿਕ ਸੰਗਠਨ ਪਾਰਟੀਆਂ ਬਣਾਈਆਂ ਹੋਈਆਂ ਹਨ ਅਤੇ ਸਾਰੇ ਹੀ ਕਲੇਮ ਵੀ ਕਰਦੇ ਹਨ ਕਿ ਉਹ ਬਾਬਾ ਸਾਹਿਬ ਦੀ ਵਿਚਾਰਧਾਰਾ ਤੇ ਸਿਧਾਂਤਾਂ ਤੇ ਕੰਮ ਕਰਦੇ ਹਨ, ਜਦ ਕਿ ਉਹ ਆਪਣੀਆਂ ਮੀਟਿੰਗਾਂ ਦੌਰਾਨ ਬਾਬਾ ਸਾਹਿਬ ਜੀ ਦੀ ਵਿਚਾਰਧਾਰਾ ਤੇ ਕੰਮ ਕਰਨ ਰਹੀਆ ਪਾਰਟੀਆਂ ਅਤੇ ਇੱਕ ਦੂਸਰੇ ਸੰਗਠਨਾਂ ਅਤੇ ਆਗੂਆਂ ਦੇ ਖਿਲਾਫ ਬੋਲਦੇ ਹਨ ਅਤੇ ਉਨਾਂ ਦੀ ਨੁਕਤਾ ਚੀਨੀ ਵੀ ਕਰਦੇ ਹਨ, ਜਿਸ ਨਾਲ ਬਹੁਜਨ ਲਹਿਰ ਤੇ ਭੈੜਾ ਪ੍ਰਭਾਵ ਪੈਂਦਾ ਹੈ ਅਤੇ ਇੱਕ ਤਰ੍ਹਾਂ ਨਾਲ ਅਸੀਂ ਅਜਿਹਾ ਕਰਕੇ ਜਿੱਥੇ ਸੰਵਿਧਾਨ ਅਤੇ ਲੋਕਤੰਤਰ ਵਿਰੋਧੀ ਤਾਕਤਾਂ ਦੇ ਹੱਥ ਮਜਬੂਤ ਕਰਦੇ ਹਾਂ ਉੱਥੇ ਆਪਣੀ ਬਹੁਜਨ ਲਹਿਰ ਨੂੰ ਕਮਜ਼ੋਰ ਕਰਨ ਦਾ ਕੰਮ ਵੀ ਕਰਦੇ ਹਾਂ। ਇਹਨਾਂ ਤੱਥਾਂ ਨੂੰ ਮੁੱਖ ਰੱਖਦੇ ਹੋਏ ਕਿ ਬਾਬਾ ਸਾਹਿਬ ਦੀ ਵਿਚਾਰਧਾਰਾ ਤੇ ਬਣੇ ਸਾਰੇ ਸਮਾਜਿਕ ਅਤੇ ਰਾਜਨੀਤਿਕ ਸੰਗਠਨਾਂ ਵਿੱਚ ਦੂਰੀਆਂ ਅਤੇ ਕੜਤਣ ਹੋਰ ਨਾ ਵਧੇ ਅਤੇ ਅਸੀਂ ਵਿਰੋਧਤਾ ਨੂੰ ਘਟਾ ਕੇ, ਨੇੜਤਾ ਵੱਲ ਵਧਦੇ ਹੋਏ ਸੰਵਿਧਾਨ ਅਤੇ ਲੋਕਤੰਤਰ ਵਿਰੋਧੀ ਤਾਕਤਾਂ ਦੇ ਮੰਡਰਾਉਂਦੇ ਕੋਛੇ ਮਨੂਸੀਆ ਦਾ ਏਕਤਾ ਵੱਲ ਵੱਧਦੇ ਹੋਏ ਇੱਕ ਹੋ ਕੇ ਜਿੱਥੇ ਮੂੰਹ ਤੋੜਵਾਂ ਜਵਾਬ ਦੇ ਸਕੀਏ ਉੱਥੇ ਗਰੀਬੀ ਅਤੇ ਲਾਚਾਰ ਲੋਕਾਂ ਤੋਂ ਹੋ ਰਹੇ ਅੱਤਿਆਚਾਰਾਂ ਨੂੰ ਵੀ ਠੱਲ ਪਾ ਸਕੀਏ ਨੂੰ ਮੁੱਖ ਰੱਖਦੇ ਹੋਏ ਸਰਬ ਸੰਪਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਹਾਜ਼ਰ ਸੰਗਠਨਾਂ ਵੱਲੋਂ ਪੰਜਾਬ ਵਿੱਚ ਕਿਸੇ ਵੀ ਬਹੁਜਨ ਸੰਗਠਨ ਅਤੇ ਉਨਾਂ ਦੇ ਨੇਤਾਵਾਂ ਅਤੇ ਅਹੁਦੇਦਾਰਾਂ ਦੇ ਖਿਲਾਫ ਪ੍ਰਾਪੇਗੰਡਾ ਅਤੇ ਨੁਕਤਾ ਚੀਨੀ ਨਹੀਂ ਕੀਤੀ ਜਾਵੇਗੀ ਅਤੇ ਬਾਕੀ ਸਮਾਜਿਕ ਅਤੇ ਰਾਜਨੀਤਿਕ ਸੰਗਠਨਾਂ ਦੇ ਆਗੂਆਂ ਨੂੰ ਵੀ ਅਪੀਲ ਕੀਤੀ ਜਾਂਦੀ ਹੈ ਕਿ ਉਹ ਵੀ ਇਹ ਬਹੁਜਨ ਹਿਤੂ ਫੈਸਲੇ ਦਾ ਸਨਮਾਨ ਅਤੇ ਸਵਆਗਤ ਕਰਦੇ ਹੋਏ ਆਓ ਸਾਰੇ ਵਿਰੋਧਤਾ ਨੂੰ ਘਟਾਉਣ, ਨੇੜਤਾ ਵੱਲ ਵਧਣ ਅਤੇ ਅੰਤ ਵਿੱਚ ਏਕਤਾ ਕਰਕੇ ਆਪਣੇ ਰੈਵਰਾਂ ਦੇ ਮਿਸ਼ਨ ਨੂੰ ਸਮਰਪਿਤ ਹੋਈਏ ਅਤੇ ਉਨਾਂ ਦੇ ਰਾਜਭਾਗ ਦੇ ਸੁਪਨੇ ਨੂੰ ਪੂਰਾ ਕਰਨ ਵੱਲ ਅੱਗੇ ਵਧੀਏ। ਇਹ ਵੀ ਫੈਸਲਾ ਲਿਆ ਗਿਆ ਕਿ ਹੋਰ ਬਹੁਜਨ ਹਮ ਖਿਆਲ ਜਥੇਬੰਦੀਆਂ ਨੂੰ ਨਾਲ ਲੈ ਕੇ ਚੱਲਣ ਲਈ ਉਹਨਾਂ ਜਥੇਬੰਦੀਆਂ ਦੇ ਆਗੂਆਂ ਨਾਲ ਵੀ ਸੰਪਰਕ ਕੀਤਾ ਜਾਵੇਗਾ। ਅਤੇ ਜਲਦੀ ਹੀ ਇੱਕ ਹੋਰ ਵਿਆਪਕ ਮੀਟਿੰਗ ਕੀਤੀ ਜਾਵੇਗੀ। ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਹਮ ਖਿਆਲੀ ਜਥੇਬੰਦੀਆਂ ਵਿਚਕਾਰ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਲਈ ਬਾਬਾ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਵੱਡੀ ਜਿੱਤ ਹਾਸਿਲ ਕਰਨ ਲਈ ਛੋਟੇ ਛੋਟੇ ਨਿੱਜੀ ਹਿੱਤਾਂ ਨੂੰ ਤਿਆਗ ਕੇ ਏਕਤਾ ਦੇ ਸਿਰਫ ਏਕਤਾ ਵੱਲ ਵਧਣਾ ਹੀ ਸਾਡੀਆਂ ਸਾਰੀਆਂ ਸਮੱਸਿਆਵਾਂ ਦੇ ਰਾਜਭਾਗ ਵੱਲੋਂ ਵਧਣ ਦਾ ਇੱਕੋ ਇੱਕ ਤੋੜ ਹੈ।

ਅਪੀਲ - ਆਓ ਵਿਰੋਧਤਾ ਤੋਂ ਗੁਰੇਜ਼ ਕਰੀਏ, ਨੇੜਤਾ ਵੱਲ ਕਦਮ ਵਧਾਈਏ, ਏਕਤਾ ਕਰਕੇ ਰਾਜ ਭਾਗ ਪਾਈਏ। ਇਸ ਦੀ ਜਾਣਕਾਰੀ ਡਾ ਸੋਮ ਨਾਥ ਲੋਧੀਪੁਰ ਨੇ ਦਿੱਤੀ ਹੈ।

# ਸੀਵਰ ਸਫਾਈ ਸਮੇਂ 3 ਮਜ਼ਦੂਰਾਂ ਦੀ ਮੌਤ ਦੇ ਜਿੰਮੇਵਾਰ ਲੋਕਾਂ ਤੇ ਹੋਵੇ ਸਖਤ ਕਾਰਵਾਈ - ਸੀਟੂ ਆਗੂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਸੰਗਰੂਰ,7 ਮਈ (ਜਗਸੀਰ ਸਿੰਘ) - ਬੀਤੇ ਦਿਨੀਂ ਜ਼ਿਲ੍ਹਾ ਬਠਿੰਡਾ ਦੇ ਰਾਮਾਂ ਮੰਡੀ ਰਿਫਾਇਨਰੀ ਅਧੀਨ ਟਾਉਨਸ਼ਿਪ ਚ ਸੀਵਰੇਜ ਦੀ ਸਫਾਈ ਕਰਨ ਸਮੇਂ ਗੈਸ ਚੜ੍ਹਨ ਨਾਲ 3 ਮਜ਼ਦੂਰਾਂ ਦੀ ਹੋਈ ਮੌਤ ਤੇ ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ ਸੀਟੂ ਨਾਲ ਸਬੰਧਤ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਟੂ ਪੰਜਾਬ ਦੇ ਸੂਬਾ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰਨਾਥ





ਕੂੰਮਕਲਾਂ ਸੂਬਾ ਪ੍ਰਧਾਨ ਸਾਥੀ ਸ਼ੇਰ ਸਿੰਘ ਫਰਵਾਹੀ ਵਿੱਤ ਸਕੱਤਰ ਸਾਥੀ ਗੁਰਨਾਮ ਸਿੰਘ ਘਨੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਿਫਾਇਨਰੀ ਟਾਉਨਸ਼ਿਪ ਚ ਬਹੁਤ ਹੀ ਦੁੱਖਦਾਈ ਘਟਨਾ ਵਾਪਰੀ ਹੈ। ਜਿਸ ਨੇ 3 ਮਜ਼ਦੂਰਾਂ ਨੂੰ ਨਿਗਲ ਲਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀਆਂ ਨਜ਼ਰਾਂ ਵਿੱਚ ਗਰੀਬਾਂ ਦੀ ਜਾਂਨ ਦੀ ਕੋਈ ਕੀਮਤ ਨਹੀਂ ਜਿਨ੍ਹਾਂ ਵੱਲੋਂ ਸ਼ੁਰੂ ਤੋਂ ਹੀ ਗਰੀਬਾਂ ਨੂੰ ਕੀੜੇ ਮਕੌੜੇ ਹੀ ਸਮਝਿਆ ਜਾਂਦਾ ਹੈ। ਸੀਟੂ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਰਿਫਾਇਨਰੀ ਵਿਖੇ ਸੀਵਰਮੈਨਾਂ ਤੋਂ ਕਥਿਤ ਤੌਰ ਤੇ ਬਿਨਾਂ ਸੇਫਟੀ ਕਿੱਟਾਂ ਤੋਂ ਹੀ ਸੀਵਰੇਜ ਦੀ ਸਫਾਈ ਕਰਵਾਈ ਜਾ ਰਹੀ ਸੀ ਜਿਸ ਕਾਰਨ ਹੀ ਇਹ ਵੱਡੀ ਘਟਨਾ ਘਟੀ ਹੈ। ਜਿਸ ਕਾਰਨ ਮਜ਼ਦੂਰਾਂ ਦੀਆਂ ਕੀਮਤੀ ਜਾਨਾਂ ਨਾਲ ਖਿਲਵਾੜ ਕਰਨ ਵਾਲੇ ਅਤੇ ਇਸ ਵਿੱਚ ਲਾਪਰਵਾਹੀ ਵਰਤਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ ਉਨ੍ਹਾਂ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਕਰਵਾਈ ਕੀਤੀ ਜਾਵੇ । ਸੀਟੂ ਆਗੂਆਂ ਨੇ ਕਿਹਾ ਕਿ (ਸੀ.ਆਈ.ਟੀ.ਯੂ.) ਪੂਰੀ ਤਰ੍ਹਾਂ ਨਾਲ ਪੀੜਤ ਪਰਿਵਾਰਾਂ ਨਾਲ ਖੜ੍ਹੀ ਹੈ । ਉਹਨਾਂ ਕਿਹਾ ਉਹਨਾਂ ਦੀ ਜੱਥੇਬੰਦੀ ਦੇ ਸੂਬਾਈ ਆਗੂ ਸਾਥੀ ਬਲਕਾਰ ਸਿੰਘ ਸਿੱਧੂ ਅਪਣੀ ਟੀਮ ਨਾਲ ਜਾਕੇ ਜਲਦੀ ਹੀ ਮ੍ਰਿਤਕ ਪਰਿਵਾਰਾਂ ਦੇ ਘਰ ਜਾਣਗੇ ਅਤੇ ਉਨ੍ਹਾਂ ਨੂੰ ਹਰ ਪੱਖੋਂ ਇੰਨਸਾਫ ਦਿਵਾਇਆ ਜਾਵੇਗਾ ਅਤੇ ਪਰਿਵਾਰਾਂ ਦੀ ਹਰ ਸੰਭਵ ਮਦਦ ਵੀ ਕੀਤੀ ਜਾਵੇਗੀ।

# ਬੰਗਾ ਵਿਖੇ ਬਸਪਾ ਦੀ ਲੀਡਰਸ਼ਿਪ ਨੇ ਫੂਲੇ ਫਿਲਮ ਦਿਖਾਈ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾ )ਬੀ ਐਸ ਪੀ ਵਿਧਾਨ ਸਭਾ ਹਲਕਾ ਬੰਗਾ ਦੀ ਲੀਡਰਸ਼ਿਪ ਵਲੋਂ ਬਸਪਾ ਪੰਜਾਬ ਦੇ ਸੂਬਾਈ ਆਗੂ ਪ੍ਰਵੀਨ ਬੰਗਾ ਦੀ ਅਗਵਾਈ ਵਿੱਚ ਬੰਗਾ ਸ਼ਹਿਰ ਦੇ ਸੂਰਯ ਸਿਨੇਮਾ ਦੇ ਦੋਨਾਂ ਥਿਏਟਰਾਂ ਵਿੱਚ ਸਮਾਜਿਕ ਕਰਾਂਤੀ ਦੇ ਪਿਤਾਮਾ ਭਾਰਤ ਵਿੱਚ ਮਹਿਲਾਵਾਂ ਲਈ ਸਿਖਿਆ ਦੇ ਦਰਵਾਜ਼ੇ ਖੋਲਣ ਵਾਲੇ ਜੋਤੀਬਾ ਫੂਲੇ ਜੀ ਭਾਰਤ ਦੀ ਪਹਿਲੀ ਮਹਿਲਾ ਟੀਚਰ ਸਵਿਤਰੀ ਬਾਈ ਫੂਲੇ ਫੂਲੇ ਜੀ ਬੀਬੀ ਫਾਤਿਮਾ ਜੀ ਦੇ ਸੰਘਰਸ਼ ਤੇ ਬਣੀ ਫਿਲਮ ਫੂਲੇ ਦਿਖਾਈ ਗਈ ਫਿਲਮ ਦੇਖਣ ਲਈ ਬਹੁਤ ਜ਼ਿਆਦਾ ਉਤਸਾਹ ਨਾਲ ਬਹੁਤ ਵੱਡੀ







ਗਿਣਤੀ ਵਿੱਚ ਬਹੁਜਨ ਸਮਾਜ ਦੇ ਨੋਜਵਾਨ ਤੇ ਮਹਿਲਾਵਾਂ ਪੁੱਜੀਆਂ ਇਸ ਮੋਕੇ ਪਰਵੀਨ ਬੰਗਾ ਤੇ ਇਲਾਵਾ ਬਸਪਾ ਆਗੂ ਮਨੋਹਰ ਕਮਾਮ ਵਿਜੇ ਕੁਮਾਰ ਗੁਣਾਚੌਰ ਜੈ ਪਾਲ ਸੂੰਡਾ ਜੀ , ਸੋਮ ਨਾਥ ਰਟੈਂਡਾ ਜੀ ਮਾਸਟਰ ਸਤਪਾਲ ਰਟੈਂਡਾ ਜੀ ਐਨ ਆਰ ਆਈ ਬਸਪਾ ਆਗੂ ਗੁਦਿਆਲ ਬੋਧ ਯੂਕੇ ਜਸਵੰਤ ਕਟਾਰੀਆ ਜੀ ਅਸੋਕ ਕੁਮਾਰ ਸਾਬਕਾ ਸਰਪੰਚ ਖੋਥੜਾਂ,ਵਿਜੇ ਕੁਮਾਰ ਮਜਾਰੀ ਜਿਲਾ ਮਹਿਲਾ ਆਗੂ ਰਵਿੰਦਰ ਮਹਿਮੀ, ਧਰਮ ਪਾਲ ਤਲਵੰਡੀ,ਹਰਜਿੰਦਰ ਲੱਦੜ ਸੋਨੂੰ, ਮੈਡਮ ਪਰਵਿੰਦਰ ਕੋਰ ਕੰਗਰੋੜ, ਜਿਲਾ ਯੂਥ ਇੰਚਾਰਜ ਕੁਲਦੀਪ ਬਹਿਰਾਮ, ਪਰਕਾਸ਼ ਫਰਾਲਾ, ਸਾਬਕਾ ਸਰਪੰਚ ਪਰਮਜੀਤ ਕੋਰ ਬਹਿਰਾਮ ਸਾਬਕਾ ਸਰਪੰਚ ਜਸਵਿੰਦਰ ਕੋਰ ਖੋਥੜਾਂ, ਸੋਹਣ ਲਾਲ ਰਟੈਂਡਾ, ਚਰਨਜੀਤ ਸਲਾਂ ਦੀਪਕ ਗਈ, ਜਸਪਾਲ ਉਚਾ ਤੀਰਥ ਕਲਸੀ, ਮਨਜੀਤ ਸੋਨੂੰ, ਤੇ ਇਲਾਵਾ ਵਿਸ਼ੇਸ਼ ਤੋਰ ਤੇ ਮਿਸ਼ਨਰੀ ਗਾਇਕ ਰਾਜ ਦਦਰਾਲ ਜੀ ਰਜਨੀ ਠੱਕਰਵਾਲ ਜੀ ਲੇਖਕ ਤੇ ਬੁਧੀਜੀਵੀ ਮਾਸਟਰ ਸਤਪਾਲ ਸਾਹਲੋ ਉਘੇ ਸਮਾਜਿਕ ਸੰਸਥਾਵਾਂ ਡਾ ਅੰਬੇਡਕਰ ਮਿਸ਼ਨ ਸੋਸਾਇਟੀ ਬੰਗਾ ਸਵਿਤਰੀ ਬਾਈ ਫੂਲੇ ਲਾਇਬ੍ਰੇਰੀ ਕਮੇਟੀ ਕੰਗਰੋੜ ਤੇ ਵੱਡੀ ਗਿਣਤੀ ਵਿੱਚ ਸਕੂਲ ਬਚੇ ਵੀ ਫਿਲਮ ਦੇਖਣ ਲਈ ਪੁੱਜੇ ਬਸਪਾ ਆਗੂ ਪ੍ਰਵੀਨ ਬੰਗਾ ਨੇ ਫੂਲੇ ਫਿਲਮ ਦੇਖਣ ਆਏ ਬੰਗਾ ਹਲਕੇ ਤੇ ਹੋਰ ਸਤਿਕਾਰਯੋਗ ਸਾਥੀਆਂ ਦਾ ਧੰਨਵਾਦ ਕੀਤਾ ਤੇ ਆਉਣ ਵਾਲੇ ਸਮੇਂ ਵਿੱਚ ਵੀ ਫਿਲਮ ਦਿਖਾਈ ਜਾਵੇਗੀ

# ਹਸਪਤਾਲ ਬੰਗਾ ਵਿਖੇ ਮਮਤਾ ਦਿਵਸ ਮਨਾਇਆ ਗਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾ )ਡਾ ਗੁਰਿੰਦਰਜੀਤ ਸਿੰਘ ਸਿਵਲ ਸਰਜਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ ਜਸਵਿੰਦਰ ਸਿੰਘ ਐਸ ਐਮ ਓ ਸਿਵਲ ਹਸਪਤਾਲ ਬੰਗਾ ਦੀ ਅਗਵਾਈ ਹੇਠ ਅੱਜ



ਸਿਵਲ ਹਸਪਤਾਲ ਬੰਗਾ ਵਿਖੇ ਮਮਤਾ ਦਿਵਸ ਮਨਾਇਆ ਗਿਆ। ਇਸ ਵਿੱਚ ਜਨਮ ਤੋਂ ਲੈਕੇ 16 ਸਾਲ ਦੀ ਉਮਰ ਤੱਕ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਦੇ ਟੀਕੇ ਲਗਾਏ ਗਏ। ਉਹਨਾਂ ਨੂੰ ਆਇਰਨ ਫੋਲਿਕ ਐਸਿਡ ਅਤੇ ਕੈਲਸ਼ੀਅਮ ਦੀਆਂ ਗੋਲੀਆਂ ਵੰਡੀਆਂ ਗਈਆਂ, ਪੌਸ਼ਟਿਕ ਖੁਰਾਕ ਖਾਣ ਬਾਰੇ ਜਾਣਕਾਰੀ ਦਿੱਤੀ ਗਈ।ਡਰਿੱਵਰੀ ਸਰਕਾਰੀ ਹਸਪਤਾਲ ਵਿੱਚ ਕਰਵਾਉਣ ਲਈ ਵੀ ਕਿਹਾ ਗਿਆ। ਇਸ ਮੌਕੇ ਤੇ ਮੈਡਮ ਮਨਜੀਤ ਕੌਰ ਹੈਲਥ ਸੁਪਰਵਾਈਜਰ ਫੀਮੇਲ, ਬਲਵੀਰ ਕੌਰ ਅਤੇ ਸੁਖਦੇਵ ਕੌਰ ਏ ਐਨ ਐਮ, ਜਗਜੀਤ ਕੌਰ , ਸੀਮਾ, ਜਸਪ੍ਰੀਤ , ਪੂਜਾ, ਪਰਮਜੀਤ, ਸੁਨੀਤਾ, ਗੁਰਬਖਸ਼ ਕੌਰ ਅਤੇ ਸੰਦੀਪ ਕੌਰ ਆਸ਼ਾ ਵਰਕਰ ਹਾਜ਼ਰ ਸਨ।

# ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਨੇ ਪਿੰਡ ਘਨੌਰ ਕਲਾਂ ਵਿਖੇ ਲਗਾਇਆ ਜਾਗਰੂਕਤਾ ਕੈਂਪ

## - ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਅਤੇ ਮਿੱਟੀ ਪਾਣੀ ਪਰਖ ਸੰਬੰਧੀ ਦਿੱਤੀ ਜਾਣਕਾਰੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਸੰਗਰੂਰ, 7 ਮਈ, 2025: ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਡਾਇਰੈਕਟਰ ਪਸਾਰ ਸਿੱਖਿਆ ਦੇ ਦਿਸ਼ਾ ਨਿਰਦੇਸ਼ਾਂ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਵਲੋਂ ਪਿੰਡ ਘਨੌਰ ਕਲਾਂ ਵਿਖੇ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਅਤੇ ਮਿੱਟੀ ਪਰਖ ਦੇ ਅਧਾਰ ਤੇ ਰਸਾਇਣਿਕ ਖਾਦਾਂ ਸੰਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ।

ਕੈਂਪ ਦੀ ਪ੍ਰਧਾਨਗੀ ਕਰਦੇ ਹੋਏ ਡਾ. ਅਸ਼ੋਕ ਕੁਮਾਰ, ਜਿਲ੍ਹਾ ਪਸਾਰ ਵਿਗਿਆਨੀ (ਭੂਮੀ ਵਿਗਿਆਨ) ਨੇ ਕਿਸਾਨਾਂ ਨੂੰ




ਝੋਨੇ ਦੀ ਨਵੀਂ ਕਿਸਮ ਪੀ ਆਰ 132 ਜੋ ਕਿ ਕੇਵਲ ਡੇਢ ਥੈਲੇ ਪ੍ਰਤੀ ਏਕੜ ਯੂਰੀਏ ਖਾਦ ਨਾਲ ਉਗਾਈ ਜਾ ਸਕਦੀ ਹੈ, ਬਾਰੇ ਵਿਸਥਾਰਪੂਰਵਕ ਦੱਸਿਆ। ਉਹਨਾਂ ਨੇ ਘੱਟ ਸਮੇਂ ਦੀ ਪ੍ਰਚੱਲਤ ਕਿਸਮ ਪੀ ਆਰ 126 ਬਾਰੇ ਵੀ ਚਾਨਣਾ ਪਾਇਆ ਅਤੇ ਕਿਸਾਨਾਂ ਨੂੰ ਇਸਦੀ ਲੁਆਈ 15 ਜੁਲਾਈ ਤੋਂ ਪਹਿਲਾਂ-ਪਹਿਲਾਂ ਕਰਨ ਦੀ ਸਲਾਹ ਦਿੱਤੀ। ਇਸ ਤੋਂ ਇਲਾਵਾ ਪੀ ਆਰ 131, ਪੀ ਆਰ 128 ਅਤੇ ਪੂਸਾ ਬਾਸਮਤੀ 1509 ਦੀ ਕਾਸ਼ਤ ਦੇ ਢੰਗਾਂ ਬਾਰੇ ਵੀ ਕਿਸਾਨਾਂ ਨੂੰ ਜਾਣੂ ਕਰਵਾਇਆ।

ਡਾ. ਅਸ਼ੋਕ ਨੇ ਕਿਸਾਨਾਂ ਨੂੰ ਮਿੱਟੀ ਪਰਖ ਦੇ ਆਧਾਰ ਤੇ ਹੀ ਆਉਣ ਵਾਲੇ ਸਾਉਣੀ ਦੇ ਸੀਜ਼ਨ ਵਿੱਚ ਖਾਦਾਂ ਪਾਉਣ ਲਈ ਜਾਗਰੂਕ ਕੀਤਾ ਅਤੇ ਮਿੱਟੀ ਅਤੇ ਪਾਣੀ ਪਰਖ ਲਈ ਨਮੂਨੇ ਲੈਣ ਦੇ ਢੰਗਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਉਹਨਾਂ ਝੋਨੇ ਵਿੱਚ ਯੂਰੀਏ ਨੂੰ ਸੰਜਮ ਨਾਲ ਵਰਤਣ, ਕੱਦੂ ਕਰਨ ਤੋਂ ਪਹਿਲਾਂ ਯੂਰੀਆ ਡਰਿਲ ਨਾ ਕਰਨ ਅਤੇ ਤਿੰਨ ਕਿਸ਼ਤਾਂ ਵਿੱਚ ਯੂਰੀਆ ਪਾਉਣ ਲਈ ਕਿਹਾ। ਬਾਸਮਤੀ ਵਿੱਚ ਝੰਡਾ ਰੋਗ ਤੋਂ ਬਚਾਅ ਲਈ ਬੀਜ ਸੋਧ ਦੀ ਮਹੱਤਤਾ ਬਾਰੇ, ਪਸ਼ੂਆਂ ਦੀ ਸਿਹਤ ਸੁਧਾਰ ਬਾਰੇ ਵੀ ਵਿਚਾਰ ਚਰਚਾ ਹੋਈ । ਭੂਮੀ ਦੀ ਜੈਵਿਕ ਸਿਹਤ ਵਧਾਉਣ ਲਈ ਝੋਨੇ ਅਤੇ ਬਾਸਮਤੀ ਦੀ ਪੌਦ ਨੂੰ ਲੱਗਣ ਵਾਲੇ ਜੀਵਾਣੂੰ ਖਾਦ ਦੇ ਟੀਕੇ (ਐਜ਼ੋਸਪਾਇਰਲਮ) ਬਾਰੇ ਡਾ. ਅਸ਼ੋਕ ਕੁਮਾਰ ਨੇ ਦੱਸਿਆ ਕਿ ਇਸ ਟੀਕੇ ਨੂੰ ਝੋਨੇ ਅਤੇ ਬਾਸਮਤੀ ਦੀ ਪੌਦ ਦੀਆਂ ਜੜ੍ਹਾਂ ਨੂੰ ਲਗਾਉਣਾ ਹੈ ਜਿਸ ਨਾਲ ਜ਼ਮੀਨ ਦੀ ਸਿਹਤ ਸੁਧਾਰ ਦੇ ਨਾਲ-ਨਾਲ ਝਾੜ ਵਿੱਚ ਵੀ ਵਾਧਾ ਹੁੰਦਾ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

# ਆਪ੍ਰੇਸ਼ਨ ਸਿੰਦੂਰ - ਪਾਕਿਸਤਾਨ ਵਿੱਚ ਦਾਖਲ ਹੋਇਆ ਅਤੇ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ - ਸਿਵਲ ਡਿਫੈਂਸ ਮੌਕ ਡ੍ਰਿਲ ਤੋਂ ਕੁਝ ਘੰਟੇ ਪਹਿਲਾਂ ਕੀਤੀ ਗਈ ਕਾਰਵਾਈ



**ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਵਿੱਚ ਦਾਖਲ ਹੋ ਕੇ ਆਪ੍ਰੇਸ਼ਨ ਸਿੰਦੂਰ ਨੂੰ ਅੰਜਾਮ ਦਿੱਤਾ ਅਤੇ 9 ਅੱਤਵਾਦੀ ਟਿਕਾਣਿਆਂ 'ਤੇ ਸਫਲ ਨਿਸ਼ਾਨਾ ਬਣਾ ਕੇ ਹਮਲਾ ਕੀਤਾ। ਭਾਰਤ ਨੇ ਅੱਤਵਾਦ ਵਿਰੁੱਧ ਆਪਣੀ ਲੜਾਈ ਨੂੰ ਇੱਕ ਨਵਾਂ ਆਯਾਮ ਦਿੱਤਾ ਹੈ- ਭਾਰਤ ਨੇ ਆਪ੍ਰੇਸ਼ਨ ਸਿੰਦੂਰ ਰਾਹੀਂ ਪਾਕਿਸਤਾਨ ਨੂੰ ਉਸਦੇ ਹੀ ਘਰ ਵਿੱਚ ਦਾਖਲ ਹੋ ਕੇ ਢੁਕਵਾਂ ਜਵਾਬ ਦਿੱਤਾ ਹੈ- ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਗੋਂਡੀਆ- ਵਿਸ਼ਵ ਪੱਧਰ 'ਤੇ, ਪੂਰੀ ਦੁਨੀਆ ਦੀਆਂ ਨਜ਼ਰਾਂ ਭਾਰਤ 'ਤੇ ਟਿਕੀਆਂ ਹੋਈਆਂ ਸਨ ਕਿ ਉਹ ਪਹਿਲਗਾਮ ਵਿੱਚ 26 ਸੈਲਾਨੀਆਂ ਦੀ ਹੱਤਿਆ ਦਾ ਦੋਸ਼ੀਆਂ, ਉਨ੍ਹਾਂ ਦੇ ਮਾਲਕਾਂ, ਯੋਜਨਾਕਾਰਾਂ ਅਤੇ ਸਹਿਯੋਗੀਆਂ ਨੂੰ ਕਿਵੇਂ ਜਵਾਬ ਦੇਵੇਗਾ, ਕਿਉਂਕਿ ਭਾਰਤ ਦੀ ਰਣਨੀਤਕ ਤਿਆਰੀ ਘਟਨਾ ਵਾਲੇ ਦਿਨ ਤੋਂ ਹੀ ਸ਼ੁਰੂ ਹੋ ਗਈ ਸੀ। ਰਣਨੀਤਕ ਮੀਟਿੰਗਾਂ, ਅੰਤਰਰਾਸ਼ਟਰੀ ਦੇਸ਼ਾਂ ਨਾਲ ਸਲਾਹ-ਮਸ਼ਵਰਾ ਅਤੇ ਫਿਰ 7 ਮਈ 2025 ਨੂੰ, ਭਾਰਤ ਭਰ ਦੇ 244 ਜ਼ਿਲ੍ਹਿਆਂ ਵਿੱਚ ਇੱਕ ਸਿਵਲ ਡਿਫੈਂਸ ਮੌਕ ਡ੍ਰਿਲ ਦਾ ਆਯੋਜਨ ਕੀਤਾ ਗਿਆ ਸੀ, ਪਰ ਇਸ ਤੋਂ ਕੁਝ ਘੰਟੇ ਪਹਿਲਾਂ, ਲਗਭਗ 1.44 ਵਜੇ, ਭਾਰਤੀ ਹਵਾਈ ਸੈਨਾ ਨੇ ਆਪ੍ਰੇਸ਼ਨ ਸਿੰਦੂਰ ਦੇ ਤਹਿਤ, ਪਾਕਿਸਤਾਨ 'ਤੇ ਇੱਕ ਸਫਲ ਨਿਸ਼ਾਨਾਬੱਧ ਸਰਜੀਕਲ ਸਟ੍ਰਾਈਕ ਕੀਤੀ, ਜਿਸ ਵਿੱਚ 9 ਅੱਤਵਾਦੀ ਟਿਕਾਣੇ ਤਬਾਹ ਹੋ ਗਏ। ਇਹ ਹਮਲਾ ਬਹਾਵਲਪੁਰ, ਕੋਟਲੀ ਅਤੇ ਮੁਜ਼ੱਫਰਾਬਾਦ ਵਿੱਚ ਕੀਤਾ ਗਿਆ ਸੀ, ਜਿਸ ਵਿੱਚ ਸਾਰੇ ਅੱਤਵਾਦੀ ਕੈਂਪ ਤਬਾਹ ਹੋ ਗਏ ਸਨ। ਇਹ ਕਾਰਵਾਈ ਸਫਲਤਾਪੂਰਵਕ ਕੀਤੀ ਗਈ, ਇਸ ਤੋਂ ਬਾਅਦ ਰਾਤ ਨੂੰ ਹੀ x:post 'ਤੇ ਸਾਰੇ ਸੁਨੇਹੇ ਆਉਣੇ ਸ਼ੁਰੂ ਹੋ ਗਏ। ਮੈਂ ਸਵੇਰੇ 6 ਵਜੇ ਤੱਕ ਮੀਡੀਆ ਚੈਨਲਾਂ 'ਤੇ ਨਜ਼ਰ ਰੱਖਦਾ ਰਿਹਾ ਅਤੇ 2.46 ਵਜੇ ਰਾਜਨਾਥ ਸਿੰਘ ਦਾ ਇੱਕ ਪੋਸਟ x:post 'ਤੇ ਆਇਆ - ਭਾਰਤ ਮਾਤਾ ਕੀ ਜੈ। ਉਸੇ ਸਮੇਂ, ਕਾਂਗਰਸ ਨੇਤਾ ਪ੍ਰਿਯੰਕਾ ਚਤੁਰਵੇਦੀ ਦਾ ਇੱਕ ਪੋਸਟ ਦੁਪਹਿਰ 3 ਵਜੇ ਤੋਂ ਬਾਅਦ ਆਇਆ - ਅਸੀਂ ਉਨ੍ਹਾਂ ਨੂੰ ਜਵਾਬ ਦੇਵਾਂਗੇ ਜੋ ਸਾਡੇ ਮੱਥੇ ਤੋਂ ਸਿੰਦੂਰ ਪੂੰਝਦੇ ਹਨ, ਜੈ ਜਵਾਨ! ਜੈ ਹਿੰਦੁਸਤਾਨ! ਜੈ ਹਿੰਦ! ਇਸੇ ਤਰ੍ਹਾਂ, ਤੇਜਸਵੀ ਯਾਦਵ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਆਦਿਤਿਆ ਠਾਕਰੇ ਆਦਿ ਦੇ ਬਿਆਨ ਸਵੇਰੇ 4 ਵਜੇ ਦੇ ਕਰੀਬ ਆਉਣੇ ਸ਼ੁਰੂ ਹੋ ਗਏ। ਮੇਰਾ ਮੰਨਣਾ ਹੈ ਕਿ ਇਸ ਸਰਜੀਕਲ ਸਟ੍ਰਾਈਕ ਦਾ ਨਾਮ ਆਪ੍ਰੇਸ਼ਨ ਸਿੰਦੂਰ ਇਸ ਲਈ ਰੱਖਿਆ ਗਿਆ ਹੋਵੇਗਾ ਕਿਉਂਕਿ ਬਹੁਤ ਸਾਰੀਆਂ ਭਾਰਤੀ ਧੀਆਂ ਆਪਣਾ ਹਨੀਮੂਨ ਮਨਾਉਣ ਲਈ ਪਹਿਲਗਾਮ ਗਈਆਂ ਸਨ, ਜਿਸ ਬਾਰੇ ਅਸੀਂ ਹੇਠਾਂ ਦਿੱਤੇ ਪੈਰੇ ਵਿੱਚ ਚਰਚਾ ਕਰਾਂਗੇ, ਉਨ੍ਹਾਂ ਦਾ ਸਿੰਦੂਰ ਤਬਾਹ ਕਰ ਦਿੱਤਾ ਗਿਆ ਸੀ, ਉਨ੍ਹਾਂ ਦੇ ਪਤੀਆਂ ਨੂੰ ਉਨ੍ਹਾਂ ਦੀ ਜਾਤ ਅਤੇ ਧਰਮ ਬਾਰੇ ਪੁੱਛਣ ਤੋਂ ਬਾਅਦ ਮਾਰ ਦਿੱਤਾ ਗਿਆ ਸੀ, ਇਸ ਲਈ ਇਸ ਆਪ੍ਰੇਸ਼ਨ ਰਾਹੀਂ ਉਨ੍ਹਾਂ ਧੀਆਂ ਨੂੰ ਇਨਸਾਫ਼ ਦੇਣ ਦਾ ਇੱਕ ਛੋਟਾ ਜਿਹਾ ਯਤਨ ਕੀਤਾ ਗਿਆ ਹੈ, ਯਾਨੀ ਕਿ ਇਹ ਸਿਰਫ ਟ੍ਰੇਲਰ ਹੈ, ਹੁਣ ਖੇਡ ਸ਼ੁਰੂ ਹੋਵੇਗੀ। ਜਦੋਂ ਤੋਂ ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਵਿੱਚ ਦਾਖਲ ਹੋ ਕੇ ਆਪ੍ਰੇਸ਼ਨ ਸਿੰਦੂਰ ਦੇ ਤਹਿਤ ਸਫਲ ਨਿਸ਼ਾਨਾਬੱਧ ਕਾਰਵਾਈ ਕਰਕੇ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਹੈ, ਭਾਰਤ ਨੇ ਅੱਤਵਾਦ ਵਿਰੁੱਧ ਆਪਣੀ ਲੜਾਈ ਨੂੰ ਇੱਕ ਨਵਾਂ ਪਹਿਲੂ ਦਿੱਤਾ ਹੈ, ਕਿਉਂਕਿ ਆਪ੍ਰੇਸ਼ਨ ਸਿੰਦੂਰ ਰਾਹੀਂ ਪਾਕਿਸਤਾਨ ਨੂੰ ਉਸਦੇ ਘਰ ਵਿੱਚ ਦਾਖਲ ਹੋ ਕੇ ਢੁਕਵਾਂ ਜਵਾਬ ਦਿੱਤਾ ਗਿਆ ਹੈ, ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ, ਆਪ੍ਰੇਸ਼ਨ ਸਿੰਦੂਰ - ਭਾਰਤ ਨੇ ਪਾਕਿਸਤਾਨ ਵਿੱਚ ਦਾਖਲ ਹੋ ਕੇ 9 ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਤਬਾਹ ਕਰ ਦਿੱਤਾ, ਇਹ ਕਾਰਵਾਈ ਸਿਵਲ ਡਿਫੈਂਸ ਮੌਕ ਡ੍ਰਿਲ ਤੋਂ ਕੁਝ ਘੰਟੇ ਪਹਿਲਾਂ ਹੋਈ ਸੀ।

ਦੋਸਤੋ, ਜੇਕਰ ਅਸੀਂ 7 ਮਈ 2025 ਨੂੰ ਸਵੇਰੇ ਸਿਵਲ ਡਿਫੈਂਸ ਮੌਕ ਡ੍ਰਿਲ ਤੋਂ ਕੁਝ ਘੰਟੇ ਪਹਿਲਾਂ ਪਾਕਿਸਤਾਨ ਵਿੱਚ ਦਾਖਲ ਹੋ ਕੇ ਕੀਤੇ ਗਏ ਸਰਜੀਕਲ ਏਅਰ ਸਟ੍ਰਾਈਕ ਦੀ ਗੱਲ ਕਰੀਏ, ਤਾਂ ਭਾਰਤ ਨੇ ਪਾਕਿਸਤਾਨ 'ਤੇ ਹਵਾਈ ਹਮਲਾ ਕੀਤਾ, 9 ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕੀਤਾ। ਭਾਰਤ ਨੇ ਅੱਤਵਾਦ ਵਿਰੁੱਧ ਆਪਣੀ ਲੜਾਈ ਨੂੰ ਇੱਕ ਨਵਾਂ ਆਯਾਮ ਦਿੰਦੇ ਹੋਏ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ ਹੈ। ਇਸ ਕਾਰਵਾਈ ਵਿੱਚ, ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿੱਚ ਸਥਿਤ 9 ਅੱਤਵਾਦੀ ਠਿਕਾਣਿਆਂ 'ਤੇ ਨਿਸ਼ਾਨਾ ਸਾਧਿਆ ਹੈ। ਇਹ ਕਾਰਵਾਈ 6 ਮਈ 2025 ਦੀ ਰਾਤ ਨੂੰ ਲਗਭਗ 1.30 ਵਜੇ ਕੀਤੀ ਗਈ ਸੀ। ਭਾਰਤ ਨੇ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ ਹੈ, ਜਿਸ ਨਾਲ ਅੱਤਵਾਦ ਵਿਰੁੱਧ ਆਪਣੀ ਲੜਾਈ ਨੂੰ ਇੱਕ ਨਵਾਂ ਆਯਾਮ ਮਿਲਿਆ ਹੈ। ਸ਼ੁਰੂਆਤੀ ਜਾਣਕਾਰੀ ਅਨੁਸਾਰ, ਭਾਰਤੀ ਹਵਾਈ ਸੈਨਾ ਨੇ ਇਨ੍ਹਾਂ ਥਾਵਾਂ ਨੂੰ ਬਹੁਤ ਹੀ ਸਟੀਕਤਾ ਅਤੇ ਸਾਵਧਾਨੀ ਨਾਲ ਨਿਸ਼ਾਨਾ ਬਣਾਇਆ ਹੈ। ਪੀਆਈਬੀ ਨੇ ਦੱਸਿਆ ਹੈ ਕਿ 'ਆਪ੍ਰੇਸ਼ਨ ਸਿੰਦੂਰ' ਦੀ ਯੋਜਨਾ ਬਹੁਤ ਰਣਨੀਤਕ ਢੰਗ ਨਾਲ ਬਣਾਈ ਗਈ ਸੀ ਤਾਂ ਜੋ ਅੱਤਵਾਦੀਆਂ ਦੀਆਂ ਗਤੀਵਿਧੀਆਂ ਦਾ ਢੁਕਵਾਂ ਜਵਾਬ ਦਿੱਤਾ ਜਾ ਸਕੇ। ਇਸ ਕਾਰਵਾਈ ਦੌਰਾਨ, ਪਾਕਿਸਤਾਨ ਦੀਆਂ ਫੌਜੀ ਸਹੂਲਤਾਂ ਨੂੰ ਨਹੀਂ ਛੂਹਿਆ ਗਿਆ, ਜਿਸ ਨਾਲ ਇਹ ਯਕੀਨੀ ਬਣਾਇਆ ਗਿਆ ਕਿ ਕਾਰਵਾਈ ਦਾ ਅਸਲ ਉਦੇਸ਼ ਅੱਤਵਾਦ ਨੂੰ ਖਤਮ ਕਰਨਾ ਸੀ ਨਾ ਕਿ ਗੁਆਂਢੀ ਦੇਸ਼ ਨਾਲ ਟਕਰਾਅ ਵਧਾਉਣਾ। ਇਹ ਹਮਲਾ ਭਾਰਤ ਵਿੱਚ ਘੱਟ ਜਾਂ ਵੱਧ 300 ਥਾਵਾਂ 'ਤੇ ਹੋਣ ਵਾਲੇ ਮੌਕ ਡ੍ਰਿਲ ਤੋਂ ਕੁਝ ਘੰਟੇ ਪਹਿਲਾਂ ਹਵਾਈ ਸੈਨਾ ਦੁਆਰਾ ਕੀਤਾ ਗਿਆ ਸੀ। ਪੀਆਈਬੀ ਦੇ ਅਨੁਸਾਰ, ਇਹ ਕਦਮ ਪਹਿਲਗਾਮ ਵਿੱਚ ਹੋਏ ਜ਼ਾਲਮ ਅੱਤਵਾਦੀ ਹਮਲੇ ਤੋਂ ਬਾਅਦ ਚੁੱਕੇ ਗਏ ਹਨ,ਜਿਸ ਵਿੱਚ 26 ਭਾਰਤੀ ਅਤੇ ਇੱਕ ਨੇਪਾਲੀ ਨਾਗਰਿਕ ਮਾਰੇ ਗਏ ਸਨ। ਭਾਰਤ ਨੇ ਆਪਣੀ ਵਚਨਬੱਧਤਾ 'ਤੇ ਖਰਾ ਉਤਰਿਆ ਹੈ ਕਿ ਇਸ ਹਮਲੇ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ। ਪੀਆਈਬੀ ਨੇ ਕਿਹਾ ਕਿ 'ਆਪ੍ਰੇਸ਼ਨ ਸਿੰਦੂਰ' ਬਾਰੇ ਹੋਰ ਜਾਣਕਾਰੀ ਜਲਦੀ ਹੀ ਦਿੱਤੀ ਜਾਵੇਗੀ। ਭਾਰਤੀ ਫੌਜ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਬਦਲਾ ਲੈ ਲਿਆ ਹੈ। ਹਥਿਆਰਬੰਦ ਬਲਾਂ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਮੁਜ਼ੱਫਰਾਬਾਦ ਵਿੱਚ ਅੱਤਵਾਦੀ ਟਿਕਾਣਿਆਂ 'ਤੇ ਹਮਲੇ ਕੀਤੇ।



ਦੋਸਤੋ, ਜੇਕਰ ਅਸੀਂ ਰੱਖਿਆ ਮੰਤਰਾਲੇ ਵੱਲੋਂ ਜਾਰੀ ਬਿਆਨ ਦੀ ਗੱਲ ਕਰੀਏ, ਤਾਂ ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਢਾਂਚੇ ਨੂੰ ਨਿਸ਼ਾਨਾ ਬਣਾਉਂਦੇ ਹੋਏ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ, ਜਿੱਥੋਂ ਭਾਰਤ ਵਿਰੁੱਧ ਅੱਤਵਾਦੀ ਹਮਲਿਆਂ ਦੀ ਯੋਜਨਾ ਬਣਾਈ ਗਈ ਸੀ। ਕੁੱਲ ਮਿਲਾ ਕੇ, ਨੌਂ (9) ਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਬਿਆਨ ਵਿੱਚ ਕਿਹਾ ਗਿਆ ਹੈ- ਸਾਡੀ ਕਾਰਵਾਈ ਕੇਂਦ੍ਰਿਤ, ਮਾਪੀ ਗਈ ਅਤੇ ਭੜਕਾਹਟ ਤੋਂ ਬਚੀ ਰਹੀ। ਕਿਸੇ ਵੀ ਪਾਕਿਸਤਾਨੀ ਫੌਜੀ ਟਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ। ਭਾਰਤ ਨੇ ਟੀਚਿਆਂ ਦੀ ਚੋਣ ਅਤੇ ਉਨ੍ਹਾਂ ਨੂੰ ਤਬਾਹ ਕਰਨ ਦੇ ਤਰੀਕੇ ਵਿੱਚ ਬਹੁਤ ਸੰਜਮ ਦਿਖਾਇਆ ਹੈ। ਬਿਆਨ ਅਨੁਸਾਰ, ਇਹ ਕਦਮ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਚੁੱਕੇ ਗਏ ਹਨ, ਜਿਸ ਵਿੱਚ 25 ਭਾਰਤੀ ਅਤੇ 1 ਨੇਪਾਲੀ ਨਾਗਰਿਕ ਮਾਰੇ ਗਏ ਸਨ। ਮੰਤਰਾਲੇ ਨੇ ਕਿਹਾ ਕਿ ਅਸੀਂ ਆਪਣੀ ਵਚਨਬੱਧਤਾ 'ਤੇ ਖਰੇ ਉਤਰ ਰਹੇ ਹਾਂ ਕਿ ਇਸ ਹਮਲੇ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ। ਆਪ੍ਰੇਸ਼ਨ ਸਿੰਦੂਰ ਬਾਰੇ ਵਿਸਤ੍ਰਿਤ ਜਾਣਕਾਰੀ ਬਾਅਦ ਵਿੱਚ ਦਿੱਤੀ ਜਾਵੇਗੀ।

ਦੋਸਤੋ, ਜੇਕਰ ਅਸੀਂ ਸਰਜੀਕਲ ਸਟ੍ਰਾਈਕ ਨੂੰ ਆਪ੍ਰੇਸ਼ਨ ਸਿੰਦੂਰ ਦਾ ਨਾਮ ਦੇਣ ਦੇ ਸੰਭਾਵਿਤ ਕਾਰਨਾਂ ਬਾਰੇ ਗੱਲ ਕਰੀਏ, ਤਾਂ ਇਸ ਪਿੱਛੇ ਸਰਕਾਰ ਦਾ ਕੀ ਇਰਾਦਾ ਹੋ ਸਕਦਾ ਹੈ, ਜੇਕਰ ਰੱਖਿਆ ਮਾਹਿਰਾਂ ਦੀ ਮੰਨੀਏ ਤਾਂ ਪਹਿਲਗਾਮ ਵਿੱਚ ਅੱਤਵਾਦੀਆਂ ਨੇ ਬਹੁਤ ਸਾਰੇ ਲੋਕਾਂ ਨੂੰ ਮਾਰ ਦਿੱਤਾ ਜਿਨ੍ਹਾਂ ਦਾ ਕੁਝ ਦਿਨ ਪਹਿਲਾਂ ਵਿਆਹ ਹੋਇਆ ਸੀ। ਭਾਰਤ ਨੇ ਇਨ੍ਹਾਂ ਔਰਤਾਂ ਦੀਆਂ ਅੱਖਾਂ ਵਿੱਚ ਹੰਝੂ ਦੇਖੇ ਸਨ, ਫਿਰ ਇਸਨੇ ਸਹੁੰ ਖਾਧੀ ਕਿ ਹਰ ਹੰਝੂ ਦਾ ਹਿਸਾਬ ਦਿੱਤਾ ਜਾਵੇਗਾ, ਇਨ੍ਹਾਂ ਵਿੱਚੋਂ ਗੁਰੂਗ੍ਰਾਮ ਦੀ ਹਿਮਾਂਸ਼ੀ ਨਰਵਾਲ ਵੀ ਸੀ, ਜਿਸਦਾ ਵਿਆਹ 16 ਅਪ੍ਰੈਲ ਨੂੰ ਹੋਇਆ ਸੀ, ਉਹ ਆਪਣੇ ਪਤੀ ਲੈਫਟੀਨੈਂਟ ਵਿਨੈ ਨਰਵਾਲ ਨਾਲ ਹਨੀਮੂਨ ਲਈ ਗਈ ਸੀ, ਪਰ ਅੱਤਵਾਦੀਆਂ ਨੇ ਵਿਨੈ ਨੂੰ ਮਾਰ ਦਿੱਤਾ। ਇਸੇ ਤਰ੍ਹਾਂ ਅੱਤਵਾਦੀਆਂ ਨੇ ਜੈਪੁਰ ਦੀ ਪ੍ਰਿਯੰਕਾ ਸ਼ਰਮਾ ਨੂੰ ਦਰਦ ਦਿੱਤਾ, ਪ੍ਰਿਯੰਕਾ ਆਪਣੇ ਪਤੀ ਰੋਹਿਤ ਨਾਲ ਹਨੀਮੂਨ ਲਈ ਪਹਿਲਗਾਮ ਗਈ ਸੀ, ਹਮਲੇ ਦੌਰਾਨ ਰੋਹਿਤ ਨੂੰ ਗੋਲੀ ਲੱਗੀ ਅਤੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ, ਪ੍ਰਿਯੰਕਾ ਜ਼ਖਮੀ ਹੋ ਗਈ ਅਤੇ ਉਸਨੂੰ ਸ਼੍ਰੀਨਗਰ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਸ਼ਿਮਲਾ ਦੀ ਰਹਿਣ ਵਾਲੀ ਅੰਜਲੀ ਠਾਕੁਰ ਆਪਣੇ ਪਤੀ ਵਿਵੇਕ ਠਾਕੁਰ ਨਾਲ ਗਈ ਸੀ, ਉਨ੍ਹਾਂ ਦਾ ਵੀ ਇਸ ਸਾਲ 12 ਅਪ੍ਰੈਲ ਨੂੰ ਵਿਆਹ ਹੋਇਆ ਸੀ, ਵਿਵੇਕ ਅਤੇ ਅੰਜਲੀ ਪਹਿਲਗਾਮ ਵਿੱਚ ਟ੍ਰੈਕਿੰਗ ਲਈ ਗਏ ਸਨ, ਪਰ ਅੱਤਵਾਦੀਆਂ ਨੇ ਉਨ੍ਹਾਂ ਨੂੰ ਵੀ ਨਹੀਂ ਬਖਸ਼ਿਆ, ਅੰਜਲੀ ਕਿਸੇ ਤਰ੍ਹਾਂ ਬਚ ਗਈ, ਅੰਜਲੀ ਨੇ ਬਾਅਦ ਵਿੱਚ ਕਿਹਾ, ਸਾਡੀ ਜ਼ਿੰਦਗੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਤਮ ਹੋ ਗਈ। ਉਸਦੇ ਸ਼ਬਦਾਂ ਨੇ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ। ਪੁਣੇ ਦੀ ਰਹਿਣ ਵਾਲੀ ਸਨੇਹਾ ਪਾਟਿਲ ਆਪਣੇ ਪਤੀ ਅਮਿਤ ਪਾਟਿਲ ਨਾਲ ਹਨੀਮੂਨ 'ਤੇ ਗਈ ਹੋਈ ਸੀ। ਉਨ੍ਹਾਂ ਦਾ ਵਿਆਹ 10 ਅਪ੍ਰੈਲ ਨੂੰ ਹੋਇਆ। ਅਮਿਤ ਅਤੇ ਸਨੇਹਾ ਪਹਿਲਗਾਮ ਵਿੱਚ ਛੁੱਟੀਆਂ ਮਨਾ ਰਹੇ ਸਨ ਜਦੋਂ ਅੱਤਵਾਦੀਆਂ ਨੇ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ। ਸਨੇਹਾ ਨੇ ਹਸਪਤਾਲ ਵਿੱਚ ਕਿਹਾ ਕਿ ਅੱਤਵਾਦੀਆਂ ਨੇ ਸਾਡੇ ਤੋਂ ਸਭ ਕੁਝ ਖੋਹ ਲਿਆ। ਸਿੰਦੂਰ ਮਿਟਾਉਣ 'ਤੇ 'ਆਪਰੇਸ਼ਨ ਸਿੰਦੂਰ'। ਜਦੋਂ ਪਹਿਲਗਾਮ ਦੇ ਅੱਤਵਾਦੀਆਂ ਨੇ ਬੈਸਰਨ ਵਿੱਚ ਹਮਲਾ ਕੀਤਾ, ਤਾਂ ਉਨ੍ਹਾਂ ਨੇ ਉੱਥੇ ਕਿਸੇ ਵੀ ਔਰਤ ਨੂੰ ਨਹੀਂ ਮਾਰਿਆ। ਦਰਅਸਲ, ਇਸ ਆਪਰੇਸ਼ਨ ਦੇ ਨਾਮ ਪਿੱਛੇ ਇੱਕ ਕਾਰਨ ਹੈ। ਜਦੋਂ ਅੱਤਵਾਦੀ ਸਾਡੀਆਂ ਔਰਤਾਂ ਦੇ ਸਿੰਦੂਰ ਖੋਹਣ ਦੀ ਸਾਜ਼ਿਸ਼ ਰਚਦੇ ਹਨ, ਤਾਂ ਜਵਾਬ ਉਸੇ ਪ੍ਰਤੀਕ ਨਾਲ ਦਿੱਤਾ ਜਾਣਾ ਚਾਹੀਦਾ ਹੈ। ਇਹ ਸੁਨੇਹਾ ਸਪੱਸ਼ਟ ਹੈ। ਆਪ੍ਰੇਸ਼ਨ ਸਿੰਦੂਰ ਰਾਹੀਂ, ਭਾਰਤ ਨੇ ਨਾ ਸਿਰਫ਼ ਅੱਤਵਾਦੀਆਂ ਨੂੰ ਸਬਕ ਸਿਖਾਇਆ ਹੈ, ਸਗੋਂ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਹੁਣ ਕਿਸੇ ਵੀ ਔਰਤ ਦੇ ਸਿੰਦੂਰ 'ਤੇ ਹੱਥ ਰੱਖਣਾ ਜੰਗ ਦੇ ਬਰਾਬਰ ਮੰਨਿਆ ਜਾਵੇਗਾ।

ਦੋਸਤੋ, ਜੇਕਰ ਅਸੀਂ ਆਪ੍ਰੇਸ਼ਨ ਸਿੰਦੂਰ ਬਾਰੇ ਗੱਲ ਕਰੀਏ ਜੋ ਬਹੁਤ ਸੀਮਤ, ਸਟੀਕ, ਰਣਨੀਤਕ ਅਤੇ ਕਾਨੂੰਨ ਦੇ ਦਾਇਰੇ ਵਿੱਚ ਸੀ, ਤਾਂ ਇਹ ਕਾਰਵਾਈ ਬਹੁਤ ਸੀਮਤ, ਰਣਨੀਤਕ ਸੀ, ਕਿਸੇ ਵੀ ਪਾਕਿਸਤਾਨੀ ਫੌਜੀ ਅੱਡੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਸੀ। ਅੱਤਵਾਦੀ ਟਿਕਾਣਿਆਂ 'ਤੇ ਮਿਜ਼ਾਈਲਾਂ ਦਾਗੀਆਂ ਕਰਕੇ, ਭਾਰਤ ਨੇ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਅੱਤਵਾਦ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਹਮੇਸ਼ਾ ਵਚਨਬੱਧ ਹੈ, ਇਸ ਨਾਲ ਇਹ ਵੀ ਸਪੱਸ਼ਟ ਹੋ ਗਿਆ ਕਿ ਭਾਰਤ ਨਾ ਸਿਰਫ਼ ਚੇਤਾਵਨੀਆਂ ਦੇਵੇਗਾ ਬਲਕਿ ਜਵਾਬੀ ਕਾਰਵਾਈ ਵੀ ਕਰੇਗਾ। ਭਾਰਤ ਦੀ ਇਹ ਕਾਰਵਾਈ ਪੂਰੀ ਤਰ੍ਹਾਂ ਅੰਤਰਰਾਸ਼ਟਰੀ ਕਾਨੂੰਨ ਦੇ ਦਾਇਰੇ ਵਿੱਚ ਸੀ, ਕੋਈ ਵੀ ਨਾਗਰਿਕ ਸਥਾਨ ਜਾਂ ਆਮ ਨਾਗਰਿਕ ਇਸ ਕਾਰਵਾਈ ਦੇ ਪ੍ਰਭਾਵ ਹੇਠ ਨਹੀਂ ਆਇਆ, ਭਾਰਤੀ ਵਿਦੇਸ਼ ਮੰਤਰਾਲੇ ਅਤੇ ਰੱਖਿਆ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਇਹ ਕਾਰਵਾਈ ਸਿਰਫ ਅੱਤਵਾਦ ਵਿਰੁੱਧ ਸੀ, ਪਾਕਿਸਤਾਨ ਦੀ ਪ੍ਰਭੂਸੱਤਾ 'ਤੇ ਹਮਲਾ ਨਹੀਂ, ਹਾਲਾਂਕਿ, ਪਾਕਿਸਤਾਨ ਵਿੱਚ ਦਹਿਸ਼ਤ ਸਾਫ਼ ਦੇਖੀ ਜਾ ਸਕਦੀ ਹੈ, ਕਈ ਅੱਤਵਾਦੀ ਟਿਕਾਣਿਆਂ ਨੂੰ ਖਾਲੀ ਕਰਵਾ ਲਿਆ ਗਿਆ ਹੈ ਅਤੇ ਸਰਹੱਦ 'ਤੇ ਹਾਈ ਅਲਰਟ ਐਲਾਨ ਕੀਤਾ ਗਿਆ ਹੈ। ਆਪ੍ਰੇਸ਼ਨ ਸਿੰਦੂਰ ਨੇ ਪਾਕਿਸਤਾਨ ਨੂੰ ਇਹ ਵੀ ਦਿਖਾ ਦਿੱਤਾ ਹੈ ਕਿ ਭਾਰਤ ਹੁਣ ਪੁਰਾਣੀ ਨੀਤੀ 'ਤੇ ਨਹੀਂ ਚੱਲੇਗਾ। 2016 ਦੀ ਸਰਜੀਕਲ ਸਟ੍ਰਾਈਕ ਅਤੇ 2019 ਦੀ ਬਾਲਾਕੋਟ ਹਵਾਈ ਹਮਲੇ ਤੋਂ ਬਾਅਦ, ਇਹ ਤੀਜੀ ਵੱਡੀ ਕਾਰਵਾਈ ਹੈ ਜੋ ਸਿੱਧੇ ਤੌਰ 'ਤੇ ਪਾਕਿਸਤਾਨੀ ਧਰਤੀ 'ਤੇ ਕੀਤੀ ਗਈ ਹੈ। ਇਸ ਦਾ ਇੱਕ ਵੱਡਾ ਸੰਦੇਸ਼ ਇਹ ਹੈ ਕਿ ਭਾਰਤ ਹੁਣ ਗੱਲਬਾਤ ਵਿੱਚ ਨਹੀਂ ਸਗੋਂ ਸਿਰਫ਼ ਬਦਲੇ ਦੀ ਕਾਰਵਾਈ ਵਿੱਚ ਵਿਸ਼ਵਾਸ ਰੱਖਦਾ ਹੈ। ਪਾਕਿਸਤਾਨ ਨੂੰ ਹੁਣ ਇਹ ਫੈਸਲਾ ਕਰਨਾ ਪਵੇਗਾ ਕਿ ਕੀ ਉਹ ਅੱਤਵਾਦ ਲਈ ਸੁਰੱਖਿਅਤ ਪਨਾਹਗਾਹ ਬਣਿਆ ਰਹੇਗਾ ਜਾਂ ਇੱਕ ਜ਼ਿੰਮੇਵਾਰ ਗੁਆਂਢੀ ਵਾਂਗ ਵਿਵਹਾਰ ਕਰੇਗਾ।

ਇਸ ਲਈ ਜੇਕਰ ਅਸੀਂ ਉਪਰੋਕਤ ਵਾਤਾਵਰਣ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਆਪ੍ਰੇਸ਼ਨ ਸਿੰਦੂਰ - ਪਾਕਿਸਤਾਨ ਵਿੱਚ ਦਾਖਲ ਹੋ ਕੇ 9 ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਤਬਾਹ ਕਰ ਦਿੱਤਾ ਗਿਆ - ਸਿਵਲ ਡਿਫੈਂਸ ਮੌਕ ਡ੍ਰਿਲ ਤੋਂ ਕੁਝ ਘੰਟੇ ਪਹਿਲਾਂ ਕੀਤੀ ਗਈ ਕਾਰਵਾਈ। ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਵਿੱਚ ਦਾਖਲ ਹੋ ਕੇ ਆਪ੍ਰੇਸ਼ਨ ਸਿੰਦੂਰ ਨੂੰ ਅੰਜਾਮ ਦਿੱਤਾ ਅਤੇ 9 ਅੱਤਵਾਦੀ ਟਿਕਾਣਿਆਂ 'ਤੇ ਸਫਲਤਾਪੂਰਵਕ ਨਿਸ਼ਾਨਾ ਬਣਾ ਇਆ। ਭਾਰਤ ਨੇ ਅੱਤਵਾਦ ਵਿਰੁੱਧ ਆਪਣੀ ਲੜਾਈ ਨੂੰ ਇੱਕ ਨਵਾਂ ਪਹਿਲੂ ਦਿੱਤਾ - ਆਪ੍ਰੇਸ਼ਨ ਸਿੰਦੂਰ ਨਾਲ ਪਾਕਿਸਤਾਨ ਦੇ ਘਰ ਵਿੱਚ ਦਾਖਲ ਹੋ ਕੇ ਉਸਨੂੰ ਢੁਕਵਾਂ ਜਵਾਬ ਦਿੱਤਾ।

-ਕੰਪਾਈਲਰ ਲੇਖਕ - ਟੈਕਸ ਮਾਹਿਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ(ਏ.ਟੀ.ਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ
9284141425

# ਮੋਹਾਲੀ ਪ੍ਰੈਸ ਕਲੱਬ ਦੀ ਗਵਰਨਿੰਗ ਬਾਡੀ ਵੱਲੋਂ ਪਲੇਠੀ ਮੀਟਿੰਗ ਵਿਚ ਵੱਖ-ਵੱਖ ਕਮੇਟੀਆਂ ਦਾ ਗਠਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਐਸ.ਏ.ਐਸ. ਨਗਰ, 7 ਮਈ (ਜਸਬੀਰ ਸਿੰਘ ਸੋਢੀ ) ਮੋਹਾਲੀ ਪ੍ਰੈਸ ਕਲੱਬ ਦੀ ਨਵੀਂ ਚੁਣੀ ਗਵਰਨਿੰਗ ਬਾਡੀ ਦੀ ਪਲੇਠੀ ਮੀਟਿੰਗ ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਦੀ ਪ੍ਰਧਾਨਗੀ ਹੇਠ ਹੋਈ । ਜਿਸ ਵਿਚ ਵੱਖ-ਵੱਖ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ। ਇਸ ਦੌਰਾਨ ਗਵਰਨਿੰਗ ਬਾਡੀ ਵਲੋਂ ਕਲੱਬ ਦਾ ਸਥਾਪਨਾ ਦਿਵਸ ਸਮਾਗਮ ਕਰਵਾਉਣ, ਵੈੱਬਸਾਈਟ ਬਣਾਉਣ, ਕਲੱਬ ਮੈਂਬਰਾਂ ਲਈ ਟੂਰ ਲਿਜਾਣ ਅਤੇ



ਵੱਖ ਵੱਖ ਕਮੇਟੀਆਂ ਗਠਨ ਕਰਨ ਸਬੰਧੀ ਚਾਰ ਏਜੰਡੇ ਵਿਚਾਰੇ ਗਏ। ਇਸ ਮੌਕੇ ਕਲੱਬ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਸ਼ਾਹੀ ਨੇ ਦੱਸਿਆ ਕਿ ਮੀਟਿੰਗ ਵਿਚ ਗਵਰਨਿੰਗ ਬਾਡੀ ਵਲੋਂ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ, ਜਿਸ ਵਿਚ ਸਕਰੀਨਿੰਗ ਕਮੇਟੀ ਦੇ ਚੇਅਰਮੈਨ ਰਜਿੰਦਰ ਸਿੰਘ ਤੱਗੜ ਤੇ ਮੈਂਬਰ ਜਸਵਿੰਦਰ ਰੂਪਾਲ ਅਤੇ ਬਲਜੀਤ ਮਰਵਾਹਾ ਨੂੰ ਬਣਾਇਆ ਗਿਆ ; ਜਦਕਿ ਕਿਚਨ ਕਮੇਟੀ ਦੇ ਚੇਅਰਮੈਨ ਸੰਦੀਪ ਬਿੰਦਰਾ ਤੇ ਮੈਂਬਰ ਸਾਗਰ ਪਾਹਵਾ ਅਤੇ ਰਿਤੇਸ਼ ਰਾਜਾ ; ਸੱਭਿਆਚਾਰਕ ਕਮੇਟੀ ਦੇ ਚੇਅਰਮੈਨ ਅਰੁਣ ਨਾਭਾ ਤੇ ਮੈਂਬਰ ਅਮਰਜੀਤ ਸਿੰਘ ਅਤੇ ਅਮਨਦੀਪ ਸਿੰਘ ; ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਹਰਿੰਦਰ ਪਾਲ ਸਿੰਘ ਹੈਰੀ ਤੇ ਮੈਂਬਰ ਅਮਰਦੀਪ ਸਿੰਘ ਸੈਣੀ ਅਤੇ ਕੁਲਵਿੰਦਰ ਸਿੰਘ ਬਾਵਾ ; ਸਵਾਗਤੀ ਕਮੇਟੀ ਦਾ ਚੇਅਰਮੈਨ ਸਰੋਜ ਕੁਮਾਰੀ ਵਰਮਾ ਤੇ ਮੈਂਬਰ ਨਾਹਰ ਸਿੰਘ ਧਾਲੀਵਾਲ, ਕੁਲਵੰਤ ਗਿੱਲ, ਮੰਗਤ ਸੈਦਪੁਰ ਅਤੇ ਸਨਾ ਮਹਿੰਦੀ ; ਖਰੀਦ ਕਮੇਟੀ ਦੇ ਚੇਅਰਮੈਨ ਗੁਰਮੀਤ ਸਿੰਘ ਰੰਧਾਵਾ ਤੇ ਮੈਂਬਰ ਪਾਲ ਕੰਸਾਲਾ ਅਤੇ ਰਾਜੀਵ ਕੁਮਾਰ ਸੱਚਦੇਵਾ ; ਰੱਖ-ਰਖਾਵ ਕਮੇਟੀ ਦਾ ਚੇਅਰਮੈਨ ਗੁਰਨਾਮ ਸਾਗਰ ਅਤੇ ਮੈਂਬਰ ਡੀ.ਐਨ. ਸਿੰਘ, ਮਲਕੀਤ ਸਿੰਘ, ਅਨਿਲ ਕੁਮਾਰ ਗਰਗ ਅਤੇ ਪ੍ਰਵੀਨ ਕੁਮਾਰ ; ਸੈਮੀਨਾਰ ਕਮੇਟੀ ਦੇ ਚੇਅਰਮੈਨ ਕੁਲਵੰਤ ਸਿੰਘ ਕੋਟਲੀ ਤੇ ਮੈਂਬਰ ਦਵਿੰਦਰ ਸਿੰਘ, ਅਮਰਪਾਲ ਸਿੰਘ ਨੂਰਪੁਰੀ ਅਤੇ ਹਰਮਿੰਦਰ ਸਿੰਘ ਨਾਗਪਾਲ ; ਖੇਡ ਕਮੇਟੀ ਦੇ ਚੇਅਰਮੈਨ ਸੁਖਵਿੰਦਰ ਸਿੰਘ ਮਨੌਲੀ ਤੇ ਮੈਂਬਰ ਰਾਕੇਸ਼ ਹੰਪਾਲ ਅਤੇ ਉੱਜਲ ਸਿੰਘ ਨੂੰ ਥਾਪਿਆ ਗਿਆ। ਇਸੇ ਤਰ੍ਹਾਂ ਕਲੱਬ ਦੀ ਵੈੱਬਸਾਈਟ ਅਤੇ ਸੋਸ਼ਲ ਮੀਡੀਆ ਦੀ ਦੇਖ ਰੇਖ ਲਈ ਡਿਜ਼ੀਟਲ ਵੈੱਬ ਕਮੇਟੀ ਦੇ ਚੇਅਰਮੈਨ ਗੁਰਜੀਤ ਸਿੰਘ (ਜੋਤੀ) ਅਤੇ ਮੈਂਬਰ ਅਮਨਦੀਪ ਗਿੱਲ, ਨੂੰ ਬਣਾਇਆ ਗਿਆ ਹੈ। ਇਸ ਦੌਰਾਨ ਗਵਰਨਿੰਗ ਬਾਡੀ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਤੋਂ ਇਲਾਵਾ ਸੀਨੀਅਰ ਵਾਇਸ ਪ੍ਰਧਾਨ ਸੁਸ਼ੀਲ ਗਰਚਾ, ਮੀਤ ਪ੍ਰਧਾਨ ਮਨਜੀਤ ਸਿੰਘ ਚਾਨਾ ਅਤੇ ਵਿਜੇ ਪਾਲ ; ਕੈਸ਼ੀਅਰ ਰਾਜੀਵ ਤਨੇਜਾ, ਜਥੇਬੰਦਕ ਸਕੱਤਰ ਨੀਲਮ ਠਾਕੁਰ, ਜੁਆਇੰਟ ਸਕੱਤਰ ਡਾ. ਰਵਿੰਦਰ ਕੌਰ ਅਤੇ ਵਿਜੈ ਕੁਮਾਰ ਹਾਜ਼ਰ ਸਨ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

# ਸਕੂਲਾਂ ਵਿੱਚ ਅਸੀਂ ਮੁਗਲਾਂ ਦਾ ਇਤਿਹਾਸ ਕਿਉਂ ਪੜ੍ਹਿਆ ?

ਬਲਵੰਤ ਰਾਏ, ਸੈਂਟਰ ਹੈੱਡ ਟੀਚਰ, ਸਰਕਾਰੀ ਪ੍ਰਾਇਮਰੀ ਸਕੂਲ ਸਾਹਦੜਾ,
ਬਲਾਕ ਸੜੋਆ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।



ਪਿਛਲੇ ਦਿਨੀਂ ਰਾਸ਼ਟਰੀ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ ਵਲੋਂ ਸਕੂਲੀ ਪਾਠਕ੍ਰਮ ਵਿਚ ਕੁਝ ਫੇਰ ਬਦਲ ਕੀਤੇ ਗਏ। ਜਿਸਦੇ ਤਹਿਤ ਮੁਗਲ ਕਾਲ, ਦਿੱਲੀ ਸਲਤਨਤ, ਅਜ਼ਾਦੀ ਦੀ ਲੜਾਈ ਆਦਿ ਨਾਲ ਸੰਬੰਧਿਤ ਕਈ ਪਾਠ ਅਤੇ ਪਾਠਾਂ ਦੇ ਹਿੱਸੇ ਹਟਾਏ ਗਏ ਜਾਂ ਬਹੁਤਿਆਂ ਨੂੰ ਸੋਧਿਆ ਗਿਆ। ਇਸ ਤੋਂ ਬਾਅਦ ਦੇਸ਼ ਵਿੱਚ ਮੀਡੀਆ ਅਤੇ ਸੋਸ਼ਲ ਮੀਡੀਆ ਉੱਤੇ ਇਸ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਦੇਖਣ ਨੂੰ ਮਿਲੀਆਂ। ਜਿਹਨਾਂ ਵਿੱਚੋਂ ਬਹੁਤੀਆਂ ਇਤਿਹਾਸਕ ਨਜ਼ਰੀਏ ਤੋਂ ਸੱਖਣੀਆਂ ਨਿਰੋਲ ਫਿਰਕੂ ਜਾਂ ਭਾਵਨਾ ਅਧਾਰਿਤ ਸਨ । ਆਮ ਲੋਕਾਂ ਲਈ ਇਤਿਹਾਸ ਦਾ ਅਰਥ ਸਕੂਲਾਂ ਦੀਆਂ ਕਿਤਾਬਾਂ ਵਿਚ ਦਿੱਤੇ ਚਾਰ ਪਾਠ ਹੋ ਸਕਦਾ ਹੈ ਪਰ ਇਤਿਹਾਸਕ ਸਮਝ ਰੱਖਣ ਵਾਲੇ ਜਾਣਦੇ ਹਨ ਕਿ ਇਤਿਹਾਸ ਦੀਆਂ ਪਰਤਾਂ ਬਹੁਤ ਗਹਿਰੀ ਅਤੇ ਗੁੰਝਲਦਾਰ ਹਨ । ਇਹਨਾਂ ਸਬੰਧੀ ਸਮਝ ਵਿਕਿਸਿਤ ਕਰਨ ਲਈ ਇਤਿਹਾਸਕ ਸੰਦਰਭਾਂ ਨੂੰ ਸਮਝਣਾ ਜ਼ਰੂਰੀ ਹੈ, ਸੋਸ਼ਲ ਮੀਡੀਆ ਦੇ ਸੰਦੇਸ਼ਾਂ ਰਾਹੀਂ ਇਤਿਹਾਸ ਪੜ੍ਹਦੇ ਲੋਕ ਘੜ੍ਹੇ ਘੜ੍ਹਾਏ ਬਿਰਤਾਂਤਾਂ ਵਿੱਚ ਉਲਝ ਜਾਂਦੇ ਹਨ।

ਜਦੋਂ ਭਾਰਤ ਦੀ ਕਲਪਨਾ ਇਤਿਹਾਸਕ ਸੰਦਰਭ ਵਿੱਚ ਕੀਤੀ ਜਾਂਦੀ ਹੈ, ਤਾਂ ਸਾਡੇ ਮਨ ਵਿੱਚ ਅਫਗਾਨਿਸਤਾਨ ਤੋਂ ਤਾਮਿਲਨਾਡੂ ਤੱਕ ਦਾ ਵਰਤਮਾਨ ਨਕਸ਼ਾ ਉੱਭਰਦਾ ਹੈ।

ਭਾਰਤੀ ਪ੍ਰਮਾਣਿਕ ਇਤਿਹਾਸ ਦੀ ਸ਼ੁਰੂਆਤ ਸਿੰਧੂ ਘਾਟੀ ਸੱਭਿਅਤਾ ਤੋਂ ਹੁੰਦੀ ਹੈ। ਪਰ ਇਸ ਕਾਲ ਦੇ ਕਿਸੇ ਰਾਜੇ, ਰਾਜਵੰਸ਼ ਆਦਿ ਬਾਰੇ ਸਾਡੇ ਕੋਲ ਕੋਈ ਜਾਣਕਾਰੀ ਨਹੀਂ। 1915-20 ਤੋਂ ਪਹਿਲਾਂ ਤੱਕ ਸਾਨੂੰ ਇਸਦੀ ਕੋਈ ਜਾਣਕਾਰੀ ਵੀ ਨਹੀਂ ਸੀ। ਇਹ ਸੱਭਿਅਤਾ ਕਿਵੇਂ ਸ਼ੁਰੂ ਹੋਈ ਕਿਵੇਂ ਖਤਮ ਹੋਈ ਕੋਈ ਠੋਸ ਇਤਿਹਾਸਕ ਹਵਾਲਾ ਨਹੀਂ ਹੈ। ਇਸਦੀ ਖੋਜ ਦੇ 100 ਸਾਲ ਬੀਤ ਜਾਣ ਉਪਰੰਤ ਵੀ ਇਸਦੀ ਲਿੱਪੀ ਹਾਲੇ ਤੱਕ ਪੜ੍ਹੀ ਨਹੀਂ ਜਾ ਸਕੀ।

ਇਸ ਲਈ ਇਸ ਖਿੱਤੇ ਦਾ ਪਹਿਲਾ ਇਤਿਹਾਸਕ ਹਵਾਲਾ ਮੌਰੀਆ ਰਾਜਵੰਸ਼ ਹੈ। ਜਿਸਦਾ ਕੇਂਦਰ ਵਰਤਮਾਨ ਬਿਹਾਰ ਦਾ ਪਾਟਲੀਪੁੱਤਰ ਸ਼ਹਿਰ ਸੀ। ਇਹ ਕੇਂਦਰ ਅਗਲੇ ਹਜ਼ਾਰ ਸਾਲਾਂ ਤੱਕ ਬਣਿਆ ਰਿਹਾ।

ਮੱਧਯੁਗੀ ਕਾਲ ਵਿੱਚ ਪਾਟਲੀਪੁੱਤਰ ਦੀ ਥਾਂ ਦਿੱਲੀ ਸ਼ਹਿਰ ਨੇ ਲੈ ਲਈ। ਜੇਕਰ ਅਸੀਂ ਇੱਕਾ ਦੁੱਕਾ ਅੰਤਰਾਲਾਂ ਨੂੰ ਨਜ਼ਰਅੰਦਾਜ਼ ਕਰੀਏ, ਤਾਂ ਦਿੱਲੀ ਉਦੋਂ ਤੋਂ ਅੱਜ ਤੱਕ ਭਾਰਤ ਦੀ ਸੱਤਾ ਦਾ ਕੇਂਦਰ ਬਣਿਆ ਹੋਇਆ ਹੈ।

ਇਸ ਲਈ ਮੌਰੀਆ ਅਤੇ ਗੁਪਤਾਂ ਰਾਜਵੰਸ਼ ਨੇ ਪਾਟਲੀਪੁੱਤਰ ਤੋਂ ਭਾਰਤ ਦਾ ਸ਼ਾਸਨ ਚਲਾਇਆ ਅਤੇ ਖਿਲਜੀ, ਮੁਗਲ, ਅੰਗਰੇਜ਼ ਅਤੇ ਅਜ਼ਾਦੀ ਤੋਂ ਬਾਅਦ ਕਾਂਗਰਸ ਅਤੇ ਹੁਣ ਭਾਜਪਾ ਵਲੋਂ ਦਿੱਲੀ ਤੋਂ ਸ਼ਾਸਨ ਚਲਾਇਆ ਗਿਆ।

ਅਜਿਹੀ ਸਥਿਤੀ ਵਿੱਚ, ਸਾਡੇ ਇਤਿਹਾਸਕ ਦਸਤਾਵੇਜ਼ਾਂ ਵਿੱਚ ਉੱਤਰੀ ਭਾਰਤ ਦਾ ਭਾਰੂ ਹੋਣਾ ਸੁਭਾਵਿਕ ਹੈ।

ਹਾਲਾਂਕਿ, ਕਈ ਰਾਜਵੰਸ਼ਾਂ ਨੇ ਮੱਧ ਅਤੇ ਦੂਰ ਦੱਖਣ ਦੇ ਸੱਭਿਆਚਾਰਕ, ਰਾਜਨੀਤਿਕ ਅਤੇ ਆਰਥਿਕ ਦ੍ਰਿਸ਼ ਨੂੰ ਆਕਾਰ ਦਿੱਤਾ।

ਇਸ ਵਿੱਚ ਚੋਲ ਰਾਜਵੰਸ਼ ਜੋ 300 ਈਸਾ ਪੂਰਵ ਤੋਂ 1279 ਈਸਵੀ ਤੱਕ 1500 ਸਾਲ ਤੱਕ ਚੱਲਿਆ ਪ੍ਰਮੁੱਖ ਹੈ। ਰਾਜਵੰਸ਼ ਦੀ ਮਿਆਦ ਦੇ ਮਾਮਲੇ ਵਿੱਚ ਇਹ ਰੋਮਨ ਸਾਮਰਾਜ ਦੇ ਬਰਾਬਰ ਹੈ। ਇਸਦਾ ਸਿਖਰ 9ਵੀਂ-13ਵੀਂ ਸਦੀ ਤੱਕ ਸੀ। ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਸ਼੍ਰੀਲੰਕਾ ਦੇ ਕੁਝ ਹਿੱਸੇ ਇਸਦੇ ਪ੍ਰਭਾਵ ਹੇਠ ਸਨ। ਰਾਜਰਾਜਾ ਅਤੇ ਰਾਜੇਂਦਰ ਚੋਲ ਇਸ ਦੇ ਪ੍ਰਮੁੱਖ ਰਾਜੇ ਸਨ। ਉਹ ਸਮੁੰਦਰੀ ਵਪਾਰ ਅਤੇ ਜਲ ਸੈਨਾ ਲਈ ਜਾਣੇ ਜਾਂਦੇ ਸਨ। ਉਨ੍ਹਾਂ ਦਾ ਪ੍ਰਭਾਵ ਦੱਖਣ-ਪੂਰਬੀ ਏਸ਼ੀਆ ਤੱਕ ਫੈਲਿਆ ਹੋਇਆ ਸੀ। ਜਿੱਥੇ ਕੋਈ ਸਿੱਧਾ ਰਾਜ ਨਹੀਂ ਸੀ, ਪਰ ਉਨ੍ਹਾਂ ਕੋਲ ਖੇਤਰੀ ਪ੍ਰਭੂਸੱਤਾ ਸੀ।

ਵੀ 300 ਈਸਾ ਪੂਰਵ ਤੋਂ 12ਵੀਂ ਸਦੀ ਤੱਕ ਚੇਰ ਰਾਜਵੰਸ਼ ਰਿਹਾ । ਕੇਰਲ ਅਤੇ ਤਾਮਿਲਨਾਡੂ ਦੇ ਕੁਝ ਹਿੱਸੇ ਇਸਦੇ ਰਾਜ ਸਨ। ਇਹ ਰੋਮਨ ਸਾਮਰਾਜ ਤੋਂ ਮਸਾਲਿਆਂ ਦੇ ਵਪਾਰ ਲਈ ਜਾਣਿਆ ਜਾਂਦਾ ਹੈ। ਪਾਂਡਿਆ ਰਾਜਵੰਸ਼ 300 ਈਸਾ ਪੂਰਵ ਤੋਂ 1650 ਈਸਵੀ ਤੱਕ ਚੱਲਿਆ। ਦੱਖਣੀ ਤਾਮਿਲਨਾਡੂ ਉਨ੍ਹਾਂ ਦਾ ਰਾਜ ਸੀ ਅਤੇ ਮਦੁਰਾਈ ਇਹਨਾਂ ਦੀ ਰਾਜਧਾਨੀ ਰਹੀ। ਉਹ ਚੋਲ ਰਾਜਵੰਸ਼ ਨਾਲ ਦੁਸ਼ਮਣੀ ਰੱਖਦੇ ਸਨ, ਅਤੇ ਬਾਅਦ ਵਿੱਚ ਦਿੱਲੀ ਸਲਤਨਤ ਵਲੋਂ ਕੀਤੇ ਗਏ ਹਮਲਿਆਂ ਦਾ ਵੀ ਸਾਹਮਣਾ ਕੀਤਾ।




ਪੱਲਵ ਰਾਜਵੰਸ਼ ਲਗਭਗ 275 ਈਸਵੀ ਤੋਂ 897 ਈਸਵੀ ਤੱਕ ਚੱਲਿਆ। ਹਾਲਾਂਕਿ, ਇਹ ਸਿਖਰ 6ਵੀਂ-9ਵੀਂ ਸਦੀ ਦਾ ਹੈ। ਕਾਂਚੀ ਇਹਨਾਂ ਦੀ ਰਾਜਧਾਨੀ ਸੀ। ਉਨ੍ਹਾਂ ਦਾ ਰਾਜ ਉੱਤਰੀ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਦੇ ਕੁਝ ਹਿੱਸਿਆਂ ਤੱਕ ਫੈਲਿਆ ਹੋਇਆ ਸੀ। ਚਾਲੂਕਿਆਂ ਅਤੇ ਚੋਲਾਂ ਨਾਲ ਉਨ੍ਹਾਂ ਦੀਆਂ ਲੜਾਈਆਂ ਜਾਰੀ ਰਹੀਆਂ।

ਚਾਲੂਕਿਆ ਰਾਜਵੰਸ਼ ਲਗਭਗ 543 ਈਸਵੀ ਤੋਂ 753 ਈਸਵੀ ਤੱਕ ਚੱਲਿਆ, ਅਤੇ ਬਾਅਦ ਵਿੱਚ ਪੱਛਮੀ ਚਾਲੂਕਿਆ ਵਜੋਂ ਜਾਣੀ ਜਾਂਦੀ ਇੱਕ ਸ਼ਾਖਾ 12ਵੀਂ ਸਦੀ ਤੱਕ ਚੱਲੀ।

ਵਾਤਾਪੀ ਜਿਸਨੂੰ ਕਈ ਦਸਤਾਵੇਜ਼ਾਂ ਵਿੱਚ ਬਦਾਮੀ ਲਿਖਿਆ ਗਿਆ ਹੈ ਉਨ੍ਹਾਂ ਦੀ ਰਾਜਧਾਨੀ ਸੀ, ਅਤੇ ਉਨ੍ਹਾਂ ਦੇ ਰਾਜ ਵਿੱਚ ਕਰਨਾਟਕ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਦੇ ਕੁਝ ਹਿੱਸੇ ਸ਼ਾਮਲ ਸਨ।

ਇਸਦੀ ਰਾਜਵੰਸ਼ ਦੀਵਿਸ਼ੇਸ਼ਤਾ ਇਹ ਸੀ ਕਿ ਆਪਣੇ ਸਮੇਂ ਦੌਰਾਨ, ਇਸਨੇ ਉੱਤਰੀ ਅਤੇ ਦੱਖਣੀ ਭਾਰਤ ਵਿਚਕਾਰ ਇੱਕ ਨਿਰਪੱਖ ਰਾਜ ਦੀ ਭੂਮਿਕਾ ਨਿਭਾਈ। ਪਰ ਦੱਖਣ ਵਿੱਚ ਪੱਲਵਾਂ ਅਤੇ ਰਾਸ਼ਟਰਕੂਟਾਂ ਨਾਲ ਉਨ੍ਹਾਂ ਦੀਆਂ ਲੜਾਈਆਂ ਜਾਰੀ ਰਹੀਆਂ। ਪੁਲਕਸ਼ੀਨ ਦੂਜਾ ਉਨ੍ਹਾਂ ਵਿੱਚੋਂ ਸਭ ਤੋਂ ਸ਼ਕਤੀਸ਼ਾਲੀ ਰਾਜਾ ਹੋਇਆ ।

ਰਾਸ਼ਟਰਕੂਟ ਰਾਜਵੰਸ਼ ਨੇ ਕਰਨਾਟਕ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਦੇ ਕੁਝ ਹਿੱਸਿਆਂ ਉੱਤੇ ਰਾਜ ਕੀਤਾ। ਉਨ੍ਹਾਂ ਦੀ ਰਾਜਧਾਨੀ ਮਾਨਿਆਖੇਟਾ ਸੀ ਜੋ ਹੁਣ ਗੁਲਬਰਗਾ ਵਿੱਚ ਹੈ। ਇਹ 753 ਈਸਵੀ - 982 ਈਸਵੀ ਦੇ ਸਨ।

ਆਪਣੇ ਸਮੇਂ ਦੌਰਾਨ ਦੱਖਣ ਦੀ ਰਾਜਨੀਤੀ ਉੱਤੇ ਰਾਸ਼ਟਰਕੂਟ ਪੂਰਾ ਪ੍ਰਭਾਵ ਸੀ। ਉਨ੍ਹਾਂ ਦਾ ਅਰਬ ਦੇਸ਼ਾਂ ਨਾਲ ਵਪਾਰ ਸੀ।

ਦੱਖਣ ਵਿੱਚ ਹੋਇਸਲਾ ਸਾਮਰਾਜ ਇੱਕ ਪ੍ਰਸਿੱਧ ਰਾਜਵੰਸ਼ ਸੀ । 11ਵੀਂ-13ਵੀਂ ਸਦੀ ਤੱਕ, ਇਹ ਦੱਖਣੀ ਕਰਨਾਟਕ ਤੱਕ ਸੀਮਤ ਸੀ। ਬੇਲੂਰ ਅਤੇ ਹਲੇਬੀਡੂ ਵਿੱਚ ਉਨ੍ਹਾਂ ਦੁਆਰਾ ਬਣਾਏ ਗਏ ਮੰਦਰ ਕਲਾ ਦਾ ਨਾਯਾਬ ਨਮੂਨਾ ਅਤੇ ਦੇਖਣ ਯੋਗ ਹਨ।

ਚੋਲ ਰਾਜਵੰਸ਼ ਅਤੇ ਦਿੱਲੀ ਸਲਤਨਤ ਦੇ ਹਮਲਿਆਂ ਨੇ ਇਸ ਰਾਜਵੰਸ਼ ਦਾ ਬਹੁਤ ਨੁਕਸਾਨ ਕੀਤਾ। ਇਸ ਤੋਂ ਬਾਅਦ, ਮੱਧਯੁਗੀ ਕਾਲ ਵਿੱਚ ਦੱਖਣ ਦਾ ਇੱਕ ਵੱਡਾ ਰਾਜ ਵਿਜੇਨਗਰ ਬਣਿਆ ਜੋ 1336 ਤੋਂ 1646 ਈਸਵੀ ਤੱਕ ਮੌਜੂਦ ਰਿਹਾ।

ਇਹ ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਦੇ ਵੱਡੇ ਹਿੱਸਿਆਂ ਵਿੱਚ ਫੈਲਿਆ ਹੋਇਆ ਸੀ। ਵਿਜੇਨਗਰ ਦੀ ਰਾਜਧਾਨੀ ਹੰਪੀ ਸੀ।

ਆਪਣੀ ਸੁੰਦਰ ਰਾਜਨੀਤਿਕ ਪ੍ਰਣਾਲੀ ਲਈ ਮਸ਼ਹੂਰ ਇਹ ਸਾਮਰਾਜ ਲੰਬੇ ਸਮੇਂ ਤੱਕ ਇਸਲਾਮੀ ਹਮਲਿਆਂ ਦੇ ਵਿਰੁੱਧ ਡਟਿਆ ਰਿਹਾ।

ਇਨ੍ਹਾਂ ਉਪਰੋਕਤ ਸਾਰੇ ਰਾਜਵੰਸ਼ਾਂ ਨੇ ਵਪਾਰ, ਆਰਕੀਟੈਕਚਰ, ਸਾਹਿਤ ਅਤੇ ਚੰਗੇ ਸ਼ਾਸਨ ਰਾਹੀਂ ਦੱਖਣੀ ਭਾਰਤ ਨੂੰ ਖੁਸ਼ਹਾਲ ਅਤੇ ਪ੍ਰਗਤੀਸ਼ੀਲ ਬਣਾਇਆ । ਸੱਭਿਆਚਾਰਕ ਸੰਭਾਲ, ਭਵਨ ਨਿਰਮਾਣ, ਵਪਾਰ, ਭਾਸ਼ਾਵਾਂ ਅਤੇ ਸਾਹਿਤ ਨੂੰ ਉਤਸ਼ਾਹਿਤ ਕੀਤਾ।

ਹਰੇਕ ਰਾਜਵੰਸ਼ ਦੇ ਯੋਗਦਾਨ ਨੂੰ ਅਜੇ ਵੀ ਦੱਖਣੀ ਭਾਰਤ ਦੇ ਮੰਦਰਾਂ, ਸਾਹਿਤ ਅਤੇ ਪਰੰਪਰਾਵਾਂ ਵਿੱਚ ਦੇਖਿਆ ਜਾ ਸਕਦਾ ਹੈ। ਪਰ ਇਸ ਸਾਰੀ ਮਹਾਨਤਾ ਦੇ ਬਾਵਜੂਦ, ਭਾਰਤੀ ਇਤਿਹਾਸ ਦੇ ਕਾਲਕ੍ਰਮ ਵਿੱਚ ਉਨ੍ਹਾਂ ਦੀ ਮਹੱਤਤਾ ਗੌਣ ਹੈ। ਇਸ ਗੌਣਤਾ ਦਾ ਕਾਰਨ ਸਮਝਣ ਲਈ ਇਤਿਹਾਸਕ ਸੋਝੀ ਦੀ ਲੋੜ ਪੈਂਦੀ ਹੈ।

ਇਸ ਦਲੀਲ ਦੇ ਬਾਵਜੂਦ ਕਿ 1947 ਤੋਂ ਪਹਿਲਾਂ ਰਾਜਨੀਤਿਕ ਤੌਰ ‘ਤੇ ਭਾਰਤ ਇੱਕ ਪੂਰੀ ਤਰ੍ਹਾਂ ਏਕੀਕ੍ਰਿਤ ਇਕਾਈ ਰਿਹਾ, ਅਸੀਂ ਆਪਣੀ ਸੁਚੇਤ ਸੱਭਿਆਚਾਰਕ ਚੇਤਨਾ ਵਿੱਚ ਇਸਨੂੰ ਇੱਕ ਰਾਸ਼ਟਰ ਤਾਂ ਮੰਨਦੇ ਹੀ ਹਾਂ।

ਇਸ ਲਈ ਜਦੋਂ ਕੋਈ ਇਤਿਹਾਸਕਾਰ ਇਸ ਅਵਚੇਤਨ ਜਾਗਰੂਕਤਾ ਨਾਲ ਭਾਰਤੀ ਇਤਿਹਾਸ ਦੀ ਸਮਾਂ-ਰੇਖਾ ਨੂੰ ਵੇਖਦਾ ਹੈ, ਤਾਂ ਉਸਨੂੰ ਪਤਾ ਲੱਗਦਾ ਹੈ ਕਿ ਇਹ ਸਾਰੇ ਰਾਜ, ਰਾਜਵੰਸ਼ ਮੁੱਖ ਘਟਨਾਕ੍ਰਮ ਤੋਂ ਦੂਰ, ਆਪਣੇ ਆਪ ਤੱਕ ਸੀਮਤ ਲੋਕ ਸਨ।

ਆਪਣਾ ਵਪਾਰ, ਆਪਣਾ ਇਲਾਕਾ, ਆਪਣਾ ਖੇਤਰੀ ਸੱਭਿਆਚਾਰ। ਉੱਤਰ ਨੂੰ ਉਹਨਾਂ ਨੇ ਕਦੇ ਵੀ ਆਪਣਾ ਖੇਤਰ ਨਹੀਂ ਮੰਨਿਆ।

ਇਸ ਲਈ ਜਦੋਂ ਸਿਕੰਦਰ ਨੇ ਆਪਣੀ ਫੌਜ ਨਾਲ ਹਮਲਾ ਕੀਤਾ, ਜਦੋਂ ਬੈਕਟਰੀਅਨ ਯੂਨਾਨੀ, ਪਾਰਥੀਅਨ, ਸਿਥੀਅਨ, ਕੁਸ਼ਾਨ ਮੱਧ ਏਸ਼ੀਆ ਤੋਂ ਭਾਰਤ ‘ਤੇ ਹਮਲਾ ਕਰ ਰਹੇ ਸਨ, ਦੱਖਣ ਦੇ ਰਾਜੇ ਇਸ ਸਾਰੀ ਗਤੀਵਿਧੀ ਤੋਂ ਪਰੇ ਆਪਣੀ ਮੌਜ ਵਿਚ ਮਸਤ ਰਹੇ।

ਜਦੋਂ ਮਹਿਮੂਦ ਗਜ਼ਨਵੀ ਨੇ ਸੋਮਨਾਥ ਮੰਦਰ ‘ਤੇ ਹਮਲਾ ਕੀਤਾ, ਤਾਂ ਰਾਜਾ ਭੀਮਦੇਵ ਸੰਘ ਬਣਾ ਕੇ ਲੜਿਆ । ਦੱਖਣ ਵਿੱਚ ਉਸ ਸਮੇਂ ਰਾਜੇਂਦਰ ਚੋਲ ਵਰਗਾ ਸ਼ਕਤੀਸ਼ਾਲੀ ਸ਼ਾਸਕ ਸੀ। ਪਰ ਉਹ ਸੋਮਨਾਥ ਵੱਲ ਨਹੀਂ ਗਿਆ।

ਇਸੇ ਤਰ੍ਹਾਂ ਜਦੋਂ ਬਾਬਰ ਭਾਰਤ ਵਿੱਚ ਦਾਖਲ ਹੋਇਆ, ਵਿਜੇਨਗਰ ਆਪਣੇ ਸਿਖਰ ‘ਤੇ ਸੀ। ਇਸ ਰਾਜਵੰਸ਼ ਦਾ ਸਭ ਤੋਂ ਪ੍ਰਤਾਪੀ ਰਾਜਾ ਕ੍ਰਿਸ਼ਨਦੇਵ ਰਾਏ ਜ਼ਿੰਦਾ ਸੀ। ਉਸਨੇ ਉੱਤਰੀ ਭਾਰਤ ਵਿੱਚ ਹੋ ਰਹੇ ਇਹਨਾਂ ਹਮਲਿਆਂ ਵਿੱਚ ਕੋਈ ਦਖਲਅੰਦਾਜ਼ੀ ਨਹੀਂ ਕੀਤੀ।

ਇੱਥੋਂ ਤੱਕ ਕਿ ਉੱਤਰ ਦੇ ਬਥੇਰੇ ਹਮਲਾਵਰ ਦੱਖਣ ਵੱਲ ਵੀ ਗਏ ਅਤੇ ਤਬਾਹੀ ਵੀ ਮਚਾਈ । ਪਰ ਦੱਖਣ ਨੇ ਕਦੇ ਵੀ ਜਵਾਬੀ ਹਮਲਾ ਨਹੀਂ ਕੀਤਾ। ਦੱਖਣ ਹਮੇਸ਼ਾ ਵਪਾਰ, ਮੰਦਰ ਅਤੇ ਸਾਹਿਤ ਵਿੱਚ ਰੁੱਝਿਆ ਰਿਹਾ। ਆਂਢੀਆਂ ਗੁਆਂਢੀ ਨਾਲ ਲੜਦੇ ਰਹੇ ਅਤੇ ਆਪਣੇ ਮਸਾਲੇ ਦੁਨੀਆਂ ਭਰ ਵਿੱਚ ਵੇਚਦੇ ਰਹੇ।

ਅਜਿਹੀ ਸਥਿਤੀ ਵਿੱਚ, ਰਾਸ਼ਟਰੀ ਦ੍ਰਿਸ਼ਟੀਕੋਣ ਤੋਂ ਦੇਖਣ ਵਾਲੇ ਕਿਸੇ ਵੀ ਲੇਖਕ ਜਾਂ ਇਤਿਹਾਸਕਾਰ ਲਈ ਇਹਨਾਂ ਰਾਜਿਆਂ ਅਤੇ ਰਾਜਵੰਸਾ ਦੀ ਭੂਮਿਕਾ ਨੂੰ ਗੌਣ ਸਮਝਣਾ ਸੁਭਾਵਿਕ ਹੈ। ਇਸ ਦੇ ਮੁਕਾਬਲੇ, ਦਿੱਲੀ ਸਲਤਨਤ ਕਾਲ, ਮੁਗਲਾਂ ਅਤੇ ਅੰਗਰੇਜ਼ਾਂ ਨੇ ਲੰਬੇ ਸਮੇਂ ਤੱਕ ਰਾਸ਼ਟਰੀ ਪੱਧਰ ‘ਤੇ ਦਬਦਬਾ ਬਣਾਇਆ। ਦੇਸ਼ ਦਾ ਭੂਗੋਲ ਤੈਅ ਕੀਤਾ। ਇਹ ਇੱਕ ਕੌੜੀ ਸੱਚਾਈ ਹੈ, ਇੱਕ ਹਕੀਕਤ ਹੈ ਅਤੇ ਇਹ ਇਤਿਹਾਸ ਹੈ।

ਜੇਕਰ ਇਸ ਸਥਿਤੀ ਨੂੰ ਵਰਤਮਾਨ ਉਦਾਹਰਣ ਨਾਲ ਸਮਝਿਏ ਤਾਂ ਅੱਜ ਤੋਂ ਤਿੰਨ ਚਾਰ ਸੌ ਸਾਲਾਂ ਬਾਅਦ, ਆਧੁਨਿਕ ਰਾਜਨੀਤਿਕ ਇਤਿਹਾਸ ਵਿੱਚ, ਕਾਂਗਰਸ ਅਤੇ ਭਾਜਪਾ ਨੂੰ ਪਾਸੇ ਕਰਕੇ ਡੀਐਮਕੇ, ਪੀਐਮਕੇ, ਦੇਵਗੌੜਾ, ਅਕਾਲੀ ਦਲ, ਲੋਕ ਦਲ ਆਦਿ ਪਾਰਟੀਆਂ ਅਤੇ ਇਹਨਾਂ ਦੇ ਲੀਡਰਾਂ ਨੂੰ ਵਧੇਰੇ ਥਾਂ ਦੇਣ ਦੀ ਮੰਗ ਹਾਸੋਹੀਣੀ ਹੋਵੇਗੀ।

ਦਿੱਲੀ ਤੋਂ ਸੰਚਾਲਿਤ ਰਹੇ ਭਾਰਤੀ ਸ਼ਾਸਨ ਦੇ ਇਤਿਹਾਸ ਵਿੱਚ ਦਿੱਲੀ ਸਲਤਨਤ ਅਤੇ ਮੁਗਲ ਰਾਜਵੰਸ਼ ਦੀ ਅਹਿਮ ਭੂਮਿਕਾ ਸਦੀਆਂ ਤੱਕ ਰਹੀ ਹੈ ਜਿਸਨੇ ਭਾਰਤ ਖਿੱਤੇ ਨੂੰ ਸਥਾਈ ਰਾਜਨੀਤਕ ਅਤੇ ਭੂਗੋਲਿਕ ਸਥਿਰਤਾ ਪ੍ਰਦਾਨ ਕੀਤੀ ਹੈ। ਦੇਸ਼ ਦੇ ਇਤਿਹਾਸ ਦੇ ਨਾਲ ਨਾਲ ਵੱਖ ਵੱਖ ਖੇਤਰਾਂ ਅਤੇ ਰਾਜਾਂ ਦੀਆਂ ਸਥਾਨਕ ਇਤਿਹਾਸਕ ਘਟਨਾਵਾਂ ਪ੍ਰਸਥਿਤੀਆਂ ਹਨ ਜਿਸਨੂੰ ਉਹਨਾਂ ਰਾਜਾਂ ਵਲੋਂ ਆਪਣੇ ਪਾਠਕ੍ਰਮ ਵਿਚ ਜਗ੍ਹਾ ਦਿੱਤੀ ਜਾਂਦੀ ਹੈ। ਜਿਵੇਂ ਪੰਜਾਬ ਵਿੱਚ ਇਤਿਹਾਸ ਦਾ ਪਾਠਕ੍ਰਮ ਬਣਾਉਣ ਸਮੇਂ ਮਹਾਰਾਜਾ ਰਣਜੀਤ ਸਿੰਘ ਅਤੇ ਸਿੱਖ ਮਿਸਲਾਂ ਦਾ ਇਤਿਹਾਸ ਪੜ੍ਹਾਇਆ ਜਾਂਦਾ ਹੈ। ਪਰ ਇਹ ਉਮੀਦ ਕਰਨਾ ਜਾਂ ਉਲਾਂਭਾ ਦੇਣਾ ਕਿ ਇਹ ਇਤਿਹਾਸ ਉੜੀਸਾ, ਗੁਜਰਾਤ ਆਦਿ ਵਿੱਚ ਨਹੀਂ ਪੜ੍ਹਾਇਆ ਗਿਆ ਕਿਸੇ ਤਰ੍ਹਾਂ ਵੀ ਤਰਕਸੰਗਤ ਨਹੀਂ। ਛੇਵੀਂ ਤੋਂ ਦਸਵੀਂ ਤੱਕ ਦਾ ਇਤਿਹਾਸ ਵਿਸ਼ੇ ਦਾ ਪਾਠਕ੍ਰਮ ਬਣਾਉਣ ਸਮੇਂ 11 ਤੋਂ 16 ਸਾਲ ਦੀ ਉਮਰ ਦੇ ਬੱਚਿਆਂ ਦੀ ਬੁੱਧੀ ਦੇ ਪੱਧਰ ਅਨੁਸਾਰ ਸਿੰਧੂ ਘਾਟੀ ਸੱਭਿਅਤਾ ਤੋਂ ਲੈ ਕੇ ਵਰਤਮਾਨ ਤੱਕ ਦੇ ਇਤਿਹਾਸਕ ਦ੍ਰਿਸ਼ ਨਾਲ ਬੱਚਿਆਂ ਨੂੰ ਜੋੜਿਆ ਜਾਂਦਾ ਹੈ। ਪ੍ਰੰਤੂ ਵਿਡੰਬਨਾ ਇਹ ਹੈ ਕਿ ਦਸਵੀਂ ਜਮਾਤ ਤੋਂ ਬਾਅਦ ਵਿਗਿਆਨ, ਮੈਡੀਕਲ, ਕਮਰਸ ਆਦਿ ਵਿਸ਼ੇ ਚੁਣਨ ਵਾਲੇ ਇਤਿਹਾਸ ਵਿਸ਼ੇ ਤੋਂ ਹੋ ਹੱਲਾ ਕਰਦੇ ਹਨ ਕਿ ਅਸੀਂ ਇਹ ਨਹੀਂ ਪੜ੍ਹਿਆ ਉਹ ਨਹੀਂ ਪੜ੍ਹਿਆ। ਪਾਠਕ੍ਰਮ ਵਿਚ ਇਹ ਕਿਉਂ ਨਹੀਂ ਸੀ ਉਹ ਕਿਉਂ ਨਹੀਂ ਸੀ? ਦੋਸਤੋ ਕਿਸੇ ਵੀ ਵਿਸ਼ੇ ਵਿਚ ਉਸ ਵਿਸ਼ੇ ਸਭ ਕੁਝ ਹੈ ਪਰ ਉਹ ਉਸ ਵਿਸ਼ੇ ਦੀ ਗਹਿਰਾਈ ਵਿੱਚ ਮੌਜੂਦ ਹੁੰਦਾ ਹੈ। ਜਿਵੇਂ ਨੌਵੀਂ ਜਮਾਤ ਦੇ ਜੀਵ ਵਿਗਿਆਨ ਦੇ ਦੋ ਚਾਰ ਪਾਠ ਪੜ੍ਹਨ ਵਾਲੇ ਬਾਈ ਪਾਸ ਸਰਜਰੀਆਂ ਕਰਨ ਵਾਲੇ ਡਾਕਟਰ ਨਹੀਂ ਬਣ ਸਕਦੇ ਉਸੇ ਤਰ੍ਹਾਂ ਇਤਿਹਾਸ ਵਿਸ਼ੇ ਨਾਲ ਜੁੜੀਆਂ ਅਨੇਕਾਂ ਇਤਿਹਾਸਕਾਰਾਂ ਦੀਆਂ ਖੋਜ ਭਰਪੂਰ ਪੁਸਤਕਾਂ , ਸਥਾਨ, ਭਵਨਾਂ, ਘਟਨਾਵਾਂ ਦੇ ਪ੍ਰਭਾਵਾਂ ਦੇ ਅਧਿਐਨ ਤੋਂ ਬਿਨਾਂ ਸੋਸ਼ਲ ਮੀਡੀਆ ਉੱਤੇ ਚੱਲਦੇ ਬਿਰਤਾਂਤਾਂ ਨਾਲ ਅਸੀਂ ਇਤਿਹਾਸਕ ਸੰਦਰਭਾਂ ਨੂੰ ਨਹੀਂ ਸਮਝ ਸਕਦੇ।

# ਹਲਕਾ ਵਿਧਾਇਕ ਨਰਿੰਦਰ ਕੋਰ ਭਰਾਜ਼ ਦਾ ਵਿਰੋਧ ਕਰਨ ਲਈ ਬੀਕੇਯੂ ਉਗਰਾਹਾਂ ਵੱਲੋਂ ਕੀਤਾ ਵੱਡਾ ਇਕੱਠ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਭਵਾਨੀਗੜ੍ਹ 7 ਮਈ (ਕ੍ਰਿਸ਼ਨ ਚੌਹਾਨ)- ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਭਵਾਨੀਗੜ੍ਹ ਦੇ ਨੇੜਲੇ ਪਿੰਡ ਘਰਾਚੋਂ ਵਿਖੇ ਇਕਾਈ ਪ੍ਰਧਾਨ ਰਘਵੀਰ ਸਿੰਘ ਅਤੇ ਬਲਾਕ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਘਰਾਚੋਂ ਦੀ ਅਗਵਾਈ ਹੇਠ ਸੰਗਰੂਰ ਤੋਂ ਹਲਕਾ ਵਿਧਾਇਕ ਨਰਿੰਦਰ ਕੋਰ ਭਰਾਜ਼ ਦਾ ਵਿਰੋਧ ਕਰਨ ਲਈ ਵੱਡਾ ਇਕੱਠ ਕੀਤਾ ਗਿਆ, ਇਸ ਮੌਕੇ ਜੱਥੇਬੰਦੀ ਦੇ ਆਗੂ ਮਨਜੀਤ ਸਿੰਘ ਘਰਾਚੋਂ ਹਰਜੀਤ ਸਿੰਘ ਮਹਿਲਾ ਜਗਤਾਰ ਸਿੰਘ ਲੱਡੀ



ਹਰਜਿੰਦਰ ਸਿੰਘ ਘਰਾਚੋਂ ਨੇ ਕਿਹਾ ਕਿ ਜੋ ਪੰਜਾਬ ਸਰਕਾਰ ਦੇ ਘਟੀਆ ਕਾਰਨਾਮੇ ਹਨ ਜਿਵੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਚੋਕੇ ਵਿਖ਼ੇ ਆਦਰਸ ਸਕੂਲ ਦੀ ਭ੍ਰਿਸਟ ਮਨੇਜਮੈਂਟ ਖਿਲਾਫ ਅਧਿਆਪਕਾ ਵੱਲੋ ਅਤੇ ਬਚਿਆ ਸਮੇਂਤ ਉਹਨਾਂ ਦੇ ਮਾਪਿਆਂ ਵੱਲੋ ਸਕੂਲ ਅੱਗੇ ਧਰਨਾ ਲਗਾਇਆ ਹੋਇਆ ਸੀ ਜਿੰਨਾ ਦੀ ਸਪੋਟ ਹੋਰ ਵੀ ਸੰਘਰਸ਼ ਕਰਦੀਆਂ ਜਥੇਬੰਦੀਆਂ ਆਈਆਂ ਅਤੇ ਸਰਕਾਰ ਵੱਲੋ ਪੁਲਿਸ ਚਾੜਕੇ ਅਧਿਆਪਕਾ ਤੇ ਬਚਿਆ ਸਮੇਤ ਲਾਠੀ ਚਾਰਜ ਕਰਕੇ ਉਹਨਾਂ ਨੂੰ ਜੇਲ ਚ ਬੰਦ ਕਰ ਦਿੱਤਾ ਨਾਲ ਹੀ 13 ਮਹੀਨਿਆਂ ਦੀ ਬੱਚੀ ਅਤੇ 80 ਸਾਲ ਦੀ ਬਜ਼ੁਰਗ ਮਾਤਾ ਨੂੰ ਅਤੇ ਹੋਰ ਵੀ ਕਿਸਾਨਾਂ ਨੂੰ ਅਤੇ ਔਰਤਾਂ ਜੇਲ ਭੇਜ ਦਿੱਤਾ ਜੋ ਬਹੁਤ ਹੀ ਘਿਨੌਣਾ ਕਾਰਨਾਮਾ ਹੈ ਅਤੇ ਹੁਣ ਸਰਕਾਰ ਝੂਠੀ ਸਿੱਖਿਆ ਕ੍ਰਾਂਤੀ ਦੇ ਨਾਂ ਹੇਠਾਂ ਸਕੂਲਾਂ ਦੀਆ ਬਿਲਡਿੰਗਾ ਤੇ ਰੰਗ ਕਰਕੇ ਉਦਘਾਟਨ ਕਰਨ ਲੀਡਰ ਪਿੰਡਾਂ ਵਿੱਚ ਆਉਂਦੇ ਹਨ ਅਤੇ ਦੂਜੇ ਪਾਸੇ ਲੰਮਾ ਸਮਾਂ ਧਰਨੇ ਤੇ ਬੈਠੇ ਸੰਭੂ ਅਤੇ ਖਨੌਰੀ ਬਾਰਡਰ ਤੇ ਪੰਜਾਬ ਸਰਕਾਰ ਵੱਲੋ ਕਿਸਾਨਾਂ ਤੇ ਜ਼ਬਰ ਕੀਤਾ ਗਿਆ ਅਤੇ ਕਿਸਾਨਾਂ ਦੀਆ ਟਰਾਲੀਆਂ ਸਮੇਤ ਹੋਰ ਵੀ ਲੰਗਰ ਦਾ ਸਮਾਨ ਸਰਕਾਰ ਦੇ ਨੁਮਾਇੰਦਿਆ ਨੇ ਚੋਰੀ ਕੀਤਾ ਜਿੰਨਾ ਤੇ ਕੋਈ ਕਾਰਵਾਈ ਨਹੀ ਹੋਈ ਮਸਲਿਆਂ ਨੂੰ ਲੈ ਕੇ ਜਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਪੂਰੇ ਪੰਜਾਬ ਵਿੱਚ ਪ੍ਰੋਗਰਾਮ ਉਲੀਕੇ ਗਏ ਹਨ ਕਿ ਕੋਈ ਵੀ ਪੰਜਾਬ ਸਰਕਾਰ ਦਾ ਮੰਤਰੀ ਜਾਂ ਐਮਐਲਏ ਪਿੰਡਾਂ ਵਿੱਚ ਆਵੇਗਾ ਉਹਨਾਂ ਨੂੰ ਕਾਲੇ ਝੰਡੇ ਦਿਖਾ ਕੇ ਵਿਰੋਧ ਕੀਤਾ ਜਾਵੇਗਾ ਤੇ ਇਹਨਾਂ ਸਵਾਲਾਂ ਦੇ ਜਵਾਬ ਮੰਗੇ ਜਾਣਗੇ ਅੱਜ ਪਿੰਡ ਘਰਾਚੋਂ ਵਿਖੇ ਵਿਧਾਇਕ ਨਰਿੰਦਰ ਭਰਾਜ ਨੇ ਆਉਣਾ ਸੀ ਪਰ ਪੂਰਾ ਪਿੰਡ ਪੁਲਿਸ ਛਾਉਣੀ ਵਿੱਚ ਬਦਲ ਦਿੱਤਾ ਗਿਆ ਅਤੇ ਲੋਕਾਂ ਦੇ ਰੋਹ ਨੂੰ ਦੇਖ ਕੇ ਵਿਧਾਇਕ ਭਰਾਜ ਆਪਣਾ ਪ੍ਰੋਗਰਾਮ ਰੱਦ ਕਰ ਦਿੱਤਾ ।ਅਤੇ ਪਿੰਡ ਘਰਾਚੋਂ ਵਿਖੇ ਨਹੀਂ ਪਹੁੰਚੀ ਆਗੂਆਂ ਨੇ ਕਿਹਾ ਕਿ ਜੇ ਸਰਕਾਰ ਇਸੇ ਤਰ੍ਹਾਂ ਜਬਰ ਕਰਦੀ ਰਹੀ ਤਾਂ ਲੋਕਾਂ ਦੀ ਆਵਾਜ਼ ਹਮੇਸ਼ਾ ਜਬਰ ਦੇ ਖਿਲਾਫ ਹੋਰ ਵੀ ਤੇਜ਼ ਹੋਵੇਗੀ ।ਇਸ ਮੌਕੇ ਬਲਾਕ ਆਗੂ ਅਮਨਦੀਪ ਸਿੰਘ ਮਹਿਲਾਂ ਚੌਂਕ ਸਤਵਿੰਦਰ ਸਿੰਘ ਘਰਾਚੋਂ ਚਮਕੌਰ ਸਿੰਘ ਲੱਡੀ ਕੁਲਦੀਪ ਸਿੰਘ ਬਖੋਪੀਰ ਕਸ਼ਮੀਰ ਸਿੰਘ ਆਲੋਅਰਖ ਸਮੇਤ ਹੋਰ ਵੀ ਕਿਸਾਨ ਮਜ਼ਦੂਰ ਤੇ ਮਾਵਾਂ ਭੈਣਾਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਈਆਂ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 9463601616
hardipchumber57@gmail.com

# ਜੰਗਾਂ ਆਮ ਗੱਲਾਂ ਨਹੀਂ ਹੁੰਦੀਆਂ

ਜਗਤਾਰ ਲਾਡੀ ਮਾਨਸਾ
9463603091



ਜੰਗਾਂ ਕਿਸੇ ਪਬਜੀ ਗੇਮ ਦਾ ਨਾਮ ਨਹੀਂ ਹਨ। ਜੰਗਾਂ ਆਮ ਗੱਲਾਂ ਨਹੀਂ ਹੁੰਦੀਆਂ। ਜਦੋਂ ਸੀਨਿਆਂ ਵਿਚ ਛੇਕ ਹੋਏ ਹੋਣ ਨਾ ਉਸ ਵੇਲੇ ਜੰਗਾਂ ਵਿੱਚ ਜਾਣ ਵਾਲੇ ਵੀ ਆਮ ਵਿਅਕਤੀ ਨਹੀਂ ਹੁੰਦੇ।ਭਾਵੇਂ ਜੰਗ ਨੂੰ ਸ਼ਾਂਤੀ ਦਾ ਦੂਜਾ ਨਾਮ ਦਿੱਤਾ ਜਾਂਦਾ ਹੈ । ਪਰ ਜੋ ਇਸ ਦਾ ਦਰਦ ਹੰਢਾਉਂਦੇ ਹਨ ,ਉਹੀ ਜਾਣਦੇ ਹਨ। ਜੰਗ ਤੋਂ ਪਹਿਲਾਂ ਪੁੱਛਾਂ ਚੱਕੀ ਫਿਰਦੇ ਮੌਕੇ ਤੇ ਨਜ਼ਰ ਨੀ ਆਉਂਦੇ । ਨਾ ਕਦੇ ਨੇਤਾਵਾਂ ਦੇ ਪੁੱਤ ਮਰਦੇ ਨੇ ,ਉਹਨਾਂ ਨੇ ਹਮੇਸ਼ਾ ਆਪਣੀਆਂ ਰੋਟੀਆਂ ਸੇਕਣੀਆਂ ਹੁੰਦੀਆਂ ਹਨ। ਨਾ ਦੂਰ ਦਰਾਜ਼ ਵਾਲੇ ਮਰਦੇ ਨੇ ,ਮਰਦੇ ਨੇ ਮੈਦਾਨ ਏ ਜੰਗ ਦੇ ਇਲਾਕਿਆਂ ਵਿੱਚ ਵਸਣ ਵਾਲੇ ਬਾਸ਼ਿੰਦੇ ਜਾ ਫਿਰ ਮਾਵਾਂ ਦੇ ਪੁੱਤ ਜੋ ਲੜਨ ਲਈ ਜਾਂਦੇ ਨੇ।ਕਈਆਂ ਲਈ ਜੰਗ ਪੈਸੇ ਕਮਾਉਣ ਦਾ ਤਰੀਕਾ ਤੇ ਕਈਆ ਲਈ ਵੋਟ ਬੈਂਕ।ਬਾਰਡਰ ਤੋਂ ਦੂਰ ਬੈਠਿਆਂ ਲਈ ਜੰਗ ਸੈਲੀਬ੍ਰੇਸ਼ਨ ਹੁੰਦੀ ਏ। ਉਹਨਾਂ ਦੇ ਭਾਅ ਦੀਆਂ ਫੁੱਲਝੜੀਆਂ ਹੁੰਦੀਆਂ ਹਨ। ਜ਼ਿਆਦਾ ਤਰ ਜੰਗਾਂ ਪੰਜਾਬ ਦੇ ਹਿੱਸੇ ਆਈਆਂ ਨੇ। ਹਰ ਪਿੰਡ ਦੇ ਮੂਹਰੇ ਲੱਗਿਆ ਸ਼ਹੀਦੀ ਗੇਟ ਭਾਵੇਂ ਸਾਨੂੰ ਸਾਡੀਆਂ ਬਹਾਦਰੀ ਦਾ ਮਾਣ ਮਹਿਸੂਸ ਕਰਵਾਉਂਦਾ ਹੈ ,ਪਰ ਇਹ ਗੇਟਾਂ ਨੇ ਪੂਰੀਆਂ ਪੀੜ੍ਹੀਆਂ ਖਤਮ ਕਰ ਦਿੱਤੀਆਂ।

ਜਦੋਂ ਅਸੀਂ ਅਖਬਾਰਾਂ ਵਿੱਚ ਜੰਗ ਦੀਆਂ ਖ਼ਬਰਾਂ ਪੜ੍ਹਦੇ ਹਾਂ ਜਾਂ ਟੈਲੀਵਿਜ਼ਨ ਤੇ ਟੈਂਕਾਂ ਦੇ ਕਾਫਲਿਆਂ ਨੂੰ ਵੱਧਦੇ ਹੋਏ ਦੇਖਦੇ ਹਾਂ, ਤਾਂ ਉਹ ਸਿਰਫ਼ ਦ੍ਰਿਸ਼ ਨਹੀਂ ਹੁੰਦੇ, ਉਹ ਇਨਸਾਨੀ ਤਬਾਹੀ ਦਾ ਚਿੱਤਰ ਹੁੰਦੇ ਹਨ। ਜੰਗ ਕੋਈ ਫਿਲਮੀ ਕਹਾਣੀ ਜਾਂ ਸਿਰਫ਼ ਰਣਨੀਤਿਕ ਚਲਾਕੀ ਨਹੀਂ ਹੁੰਦੀ — ਇਹ ਇੱਕ ਅਜਿਹਾ ਹੱਦ ਬੰਦ ਘਟਨਾ ਹੁੰਦੀ ਹੈ ਜੋ ਲੋਕਾਂ ਦੀ ਜ਼ਿੰਦਗੀ, ਇਤਿਹਾਸ, ਭਵਿੱਖ ਅਤੇ ਮਨੁੱਖਤਾ ਨੂੰ ਝੰਜੋੜ ਕੇ ਰੱਖ ਦਿੰਦੀ ਹੈ। ਇਸ ਕਰਕੇ ਇਹ ਕਹਿਣਾ ਕਿ "ਜੰਗਾਂ ਆਮ ਗੱਲਾਂ ਨਹੀਂ ਹੁੰਦੀਆਂ" ਕੇਵਲ ਇਕ ਨਾਅਰਾ ਨਹੀਂ, ਸਗੋਂ ਇਹ ਇਕ ਤੱਥ ਹੈ ਜੋ ਇਤਿਹਾਸ ਅਤੇ ਵਰਤਮਾਨ ਦੋਵਾਂ ਰਾਹੀਂ ਸਾਬਤ ਹੁੰਦਾ ਹੈ।

## ਜੰਗ: ਇਨਸਾਨੀ ਤਬਾਹੀ ਦੀ ਸਭ ਤੋਂ ਵੱਡੀ ਤਸਵੀਰ

ਜੰਗ ਦੇ ਦੌਰਾਨ ਸਿਰਫ਼ ਸਿਪਾਹੀਆਂ ਹੀ ਨਹੀਂ ਮਰਦੇ, ਸਗੋਂ ਗੈਰ-ਸੈਨਿਕ, ਨਿਰਦੋਸ਼ ਲੋਕ, ਬੱਚੇ, ਮਹਿਲਾ, ਬਜ਼ੁਰਗ ਵੀ ਬਲੀ ਦੇ ਬੱਕਰੇ ਬਣ ਜਾਂਦੇ ਹਨ। ਦੂਜੀ ਵਿਸ਼ਵ ਯੁੱਧ ਦੇ ਦੌਰਾਨ ਲੱਗਭਗ 7 ਕਰੋੜ ਲੋਕ ਮਾਰੇ ਗਏ ਸਨ।ਇਰਾਕ , ਕੋਰੀਆ, ਅਫ਼ਗ਼ਾਨਿਸਤਾਨ ਤੇ ਹੋਰ ਦੇਸ਼ਾਂ ਦੀਆਂ ਜੰਗਾਂ ਨੇ ਇਨਸਾਨੀਅਤ ਮਾਰ ਕੇ ਰੱਖ ਦਿੱਤੀ ਹੈ।ਭਾਰਤ ਦੀਆਂ ਚਾਇਨਾ , ਪਾਕਿਸਤਾਨ ਨਾਲ 1962,1965,1971, ਕਾਰਗਿਲ ਯੁੱਧ ਵਿਚ ਅਣਗਿਣਤ ਮਾਵਾਂ ਦੇ ਪੁੱਤ ਤੇ ਆਮ ਸ਼ਹਿਰੀ ਮੌਤ ਦੀ ਭੇਟ ਚੜ੍ਹ ਗਏ।ਅਵਾਮ ਤਾਂ ਸ਼ਾਂਤੀ ਨਾਲ ਵਸਣਾ ਚਾਹੁੰਦੀ ਹੁੰਦੀ ਹੈ,ਪਰ ਰਾਜਨੀਤਕ ਲੋਕ ਇਹ ਹੋਣ ਨਹੀਂ ਦਿੰਦੇ। ਘਰ ਤਾਂ ਦੋਵੇਂ ਪਾਸੇ ਉਜੜਦੇ ਨੇ।ਅੰਕੜੇ ਸਾਨੂੰ ਦੱਸਦੇ ਹਨ ਕਿ ਜੰਗ ਕਿਸ ਤਰ੍ਹਾਂ ਇਨਸਾਨੀ ਸਮਾਜ ਨੂੰ ਤਬਾਹ ਕਰ ਦਿੰਦੀ ਹੈ।

ਆਰਥਿਕ ਅਤੇ ਸਮਾਜਿਕ ਤਬਾਹੀ ਦੀ ਗੱਲ ਕਰੀਏ ਤਾਂ ਜਦੋਂ ਕਿਸੇ ਦੇਸ਼ ਵਿੱਚ ਜੰਗ ਛਿੜ ਜਾਂਦੀ ਹੈ, ਤਾਂ ਕੇਵਲ ਮਰਨ ਮਾਰ ਹੀ ਨਹੀਂ ਹੁੰਦੀ, ਸਗੋਂ ਉਸ ਦੇਸ਼ ਦੀ ਆਰਥਿਕਤਾ, ਉਦਯੋਗ, ਕਮਾਈ ਦੇ ਸਾਧਨ, ਖੇਤੀਬਾੜੀ, ਸਿਹਤ ਸੇਵਾਵਾਂ ਅਤੇ ਸਿੱਖਿਆ ਸਿਸਟਮ ਤਬਾਹ ਹੋ ਜਾਂਦੇ ਹਨ। ਸੀਰੀਆ, ਅਫ਼ਗਾਨਿਸਤਾਨ, ਯਮਨ ਅਤੇ ਇਰਾਕ ਅਜਿਹੇ ਕਈ ਦੇਸ਼ ਹਨ, ਜਿਨ੍ਹਾਂ ਦੀ ਆਰਥਿਕਤਾ ਨੇ ਕਦੇ ਮੁੜ ਉਭਾਰ ਨਹੀਂ ਲਿਆ। ਲੋਕ ਪਾਲਣ ਪੋਸ਼ਣ ਵਾਲੀਆਂ ਨੌਕਰੀਆਂ ਤੋਂ ਵੀ ਹੱਥ ਧੋ ਬੈਠਦੇ ਹਨ, ਘਰ ਢਹਿ ਜਾਂਦੇ ਹਨ ਅਤੇ ਪੁਰਾਣੀਆਂ ਯਾਦਾਂ ਸਿਰਫ਼ ਝੋਪੜੀਆਂ ਅਤੇ ਖੰਡਰਾਂ ਵਿੱਚ ਹੀ ਵਸਦੀਆਂ ਹਨ।





ਜੰਗਾਂ ਦੇ ਮਨੋਵਿਗਿਆਨਕ ਅਸਰ ਵੀ ਵੱਡੀ ਪੱਧਰ ਤੇ ਪੈਂਦੇ ਨੇ ,ਜੰਗ ਸਿਰਫ਼ ਸ਼ਰੀਰ ਨੂੰ ਹੀ ਨਹੀਂ, ਮਨ ਨੂੰ ਵੀ ਛੱਲਣੀ ਕਰ ਦਿੰਦੀ ਹੈ। ਜੰਗ ਵਿਚੋਂ ਬਚ ਕੇ ਨਿਕਲਣ ਵਾਲੇ ਬੱਚਿਆਂ, ਮਹਿਲਾਵਾਂ ਜਾਂ ਸਿਪਾਹੀਆਂ ਦੀ ਮਨੋਵਿਗਿਆਨਕ ਹਾਲਤ ਅਕਸਰ PTSD (ਪੋਸਟ ਟਰਾਮੈਟਿਕ ਸਟ੍ਰੈਸ ਡਿਸਆਰਡਰ) ਨਾਲ ਗੁੰਝਲਦਾਰ ਹੁੰਦੀ ਹੈ। ਉਹ ਰਾਤਾਂ ਨੂੰ ਨੀਂਦ ਨਹੀਂ ਲੈ ਸਕਦੇ, ਅਚਾਨਕ ਆਵਾਜ਼ਾਂ 'ਤੇ ਡਰ ਜਾਂਦੇ ਹਨ ਅਤੇ ਆਮ ਜ਼ਿੰਦਗੀ ਵੱਲ ਵਾਪਸੀ ਕਰਨਾ ਉਨ੍ਹਾਂ ਲਈ ਨਰਕ ਬਣ ਜਾਂਦਾ ਹੈ। ਇਹ ਸਭ ਸਾਨੂੰ ਯਾਦ ਦਿਲਾਉਂਦਾ ਹੈ ਕਿ ਜੰਗ ਇਕ ਲੰਬੀ ਚਲਣ ਵਾਲੀ ਆਤਮਾ ਦੀ ਗਾਥਾ ਹੈ — ਜਿੱਥੇ ਹਰ ਵਾਰੀ ਹਾਰਦਾ ਇਨਸਾਨ ਹੀ ਹੈ।

ਜੰਗਾਂ ਦੇ ਵਿੱਚ ਨੈਤਿਕਤਾ ਦਾ ਘਾਣ ਹੋ ਜਾਂਦਾ ਹੈ।ਕਈ ਵਾਰੀ ਜੰਗਾਂ ਨਿਆਂ ਦੇ ਨਾਂ ਤੇ ਲੜੀਆਂ ਜਾਂਦੀਆਂ ਹਨ, ਪਰ ਇਹ ਨਿਆਂ ਇਕ ਪਾਸੇ ਦੀ ਪਰਿਭਾਸ਼ਾ ਹੁੰਦੀ ਹੈ। ਜੰਗਾਂ ਵਿੱਚ ਅਕਸਰ ਨੈਤਿਕ ਮਿਆਰਾਂ ਦੀ ਧੱਜੀਆਂ ਉਡਾਈ ਜਾਂਦੀਆਂ ਹਨ — ਕਤਲ, ਬਲਾਤਕਾਰ, ਤਸ਼ੱਦਦ, ਬੱਚਿਆਂ ਦੀ ਭਰਤੀ, ਰਾਸ਼ਨ ਤੇ ਪਾਣੀ 'ਤੇ ਰੋਕ — ਇਹ ਸਾਰੇ ਅਪਰਾਧ ਸਧਾਰਨ ਬਣ ਜਾਂਦੇ ਹਨ। ਸਾਬਕਾ ਯੂਗੋਸਲਾਵੀਆ ਦੀ ਜੰਗ ਹੋਵੇ ਜਾਂ ਰਵਾਂਡਾ ਦਾ ਨਸਲੀ ਕਤਲੇਆਮ, ਇਹ ਸਾਰੇ ਘਟਨਾਕ੍ਰਮ ਦੱਸਦੇ ਹਨ ਕਿ ਜੰਗ ਵਿਚ ਨੈਤਿਕਤਾ ਮੌਤ ਤੋਂ ਪਹਿਲਾਂ ਮਰ ਜਾਂਦੀ ਹੈ।

ਜੰਗਾਂ ਦੇ ਥੋੜ੍ਹੇ ਚਿਰੇ ਪ੍ਰਭਾਵ ਨਹੀਂ ਹੁੰਦੇ ਇਹ ਲੰਮੇ ਸਮੇਂ ਤੱਕ ਹੋਣ ਵਾਲੇ ਨੁਕਸਾਨ ਹੁੰਦੇ ਹਨ। ਜਦੋਂ ਜੰਗ ਖਤਮ ਵੀ ਹੋ ਜਾਂਦੀ ਹੈ, ਤਾਂ ਵੀ ਉਸ ਦੇ ਪ੍ਰਭਾਵ ਦਹਾਕਿਆਂ ਤਕ ਰਹਿੰਦੇ ਹਨ। ਖੇਤਾਂ ਵਿੱਚ ਬੰਬ ਪਏ ਰਹਿੰਦੇ ਹਨ, ਪਾਣੀ ਅਤੇ ਹਵਾ ਜ਼ਹਿਰੀਲੀ ਹੋ ਜਾਂਦੀ ਹੈ, ਅਤੇ ਹਜ਼ਾਰਾਂ ਲੋਕਾਂ ਨੂੰ ਵਿਦੇਸ਼ਾਂ ਵਿੱਚ ਸ਼ਰਨ ਲੈਣੀ ਪੈਂਦੀ ਹੈ। ਉਨ੍ਹਾਂ ਦੀ ਪਛਾਣ, ਭਾਸ਼ਾ, ਸੰਸਕਾਰ, ਤੇ ਜ਼ਿੰਦਗੀ ਦੇ ਸਾਰੇ ਰਿਸ਼ਤੇ ਖਤਮ ਹੋ ਜਾਂਦੇ ਹਨ। ਉਪਜਾਊ ਜ਼ਮੀਨਾਂ ਖੰਡਰਾਂ 'ਚ ਬਦਲ ਜਾਂਦੀਆਂ ਹਨ ਅਤੇ ਉਨ੍ਹਾਂ ਉੱਤੇ ਫਿਰ ਕਦੇ ਵੀ ਆਮ ਜ਼ਿੰਦਗੀ ਮੁੜ ਨਹੀਂ ਆਉਂਦੀ।

ਜੰਗਾਂ ਦੀ ਰਾਜਨੀਤਿਕ ਪਛਾਣ ਦੀ ਗੱਲ ਕਰੀਏ ਤਾਂ ਜੰਗਾਂ ਅਕਸਰ ਰਾਜਨੀਤਿਕ ਫਾਇਦੇ ਲਈ ਛੇੜੀਆਂ ਜਾਂਦੀਆਂ ਹਨ। ਜਦੋਂ ਅੰਦਰੂਨੀ ਸਿਆਸੀ ਦਬਾਅ ਵਧ ਜਾਂਦਾ ਹੈ ਜਾਂ ਹਕੂਮਤਾਂ ਨੂੰ ਆਪਣੀ ਲੋਕਪ੍ਰਿਯਤਾ ਦੀ ਲੋੜ ਹੁੰਦੀ ਹੈ, ਤਾਂ ਉਹ "ਬਾਹਰੀ ਖ਼ਤਰੇ" ਦਾ ਹਵਾਲਾ ਦੇ ਕੇ ਜੰਗੀ ਮਾਹੌਲ ਬਣਾਉਂਦੀਆਂ ਹਨ। ਇਹ ਅਸਲ ਵਿੱਚ ਜਨਤਕ ਧਿਆਨ ਨੂੰ ਅਸਲੀ ਮਸਲਿਆਂ — ਗਰੀਬੀ, ਰੋਜ਼ਗਾਰ, ਸਿੱਖਿਆ, ਸਿਹਤ — ਤੋਂ ਹਟਾਉਣ ਦਾ ਇੱਕ ਹਥਕੰਡਾ ਹੁੰਦਾ ਹੈ। ਜਦੋਂ ਵੀ ਸਰਕਾਰ ਰੁਜ਼ਗਾਰ ਸਿੱਖਿਆ ਦੇ ਮੁੱਦਿਆਂ ਤੇ ਫੇਲ੍ਹ ਹੋ ਜਾਂਦੀ ਹੈ ਤਾਂ ਉਹ ਇਹ ਮਹੌਲ ਬਣਾਉਂਦੀ ਹੈ। ਸਰਕਾਰਾਂ ਦਾ ਇਹ ਪੁਰਾਣਾ ਤੇ ਕਾਰਗਰ ਹਥਿਆਰ ਹੈ। ਇੱਕ ਜੰਗ ਛੇੜ ਦਿੱਤੀ ਜਾਂਦੀ ਹੈ ਜਾਂ ਫਿਰ ਧਾਰਮਿਕ ਦੰਗੇ ਕਰਵਾਏ ਜਾਂਦੇ ਹਨ। ਇਸ ਦਾ ਫਾਇਦਾ ਇਹ ਹੁੰਦਾ ਹੈ ਰੁਜ਼ਗਾਰ ਸਿੱਖਿਆ ਦੀ ਗੱਲ ਕਰਦੇ ਲੋਕ ਜੰਗ ਵੱਲ ਧਿਆਨ ਲਾ ਦਿੰਦੇ ਹਨ। ਉਹਨਾਂ ਅੰਦਰ ਭਗਤੀ ਜਨਮ ਲੈ ਲੈਂਦੀ ਹੈ ਤੇ ਸਰਕਾਰ ਵੋਟਾਂ ਲੈ ਲੈਂਦੀ ਹੈ।

ਜੰਗ ਦਾ ਮੀਡੀਆ ਤੇ ਸੱਭਿਆਚਾਰ ਉੱਤੇ ਅਸਰ ਵੀ ਦੇਖਣ ਨੂੰ ਮਿਲਦਾ ਹੈ। ਮੀਡੀਆ ਥੋੜ੍ਹੇ ਚਿਰ ਵਿਚ ਇਸ ਨੇ ਕਾਫੀ ਪੈਰ ਪਸਾਰੇ ਹਨ। ਮੀਡੀਆ ਵੀ ਅਕਸਰ ਜੰਗਾਂ ਨੂੰ "ਹੀਰੋ" ਤੇ "ਵਿੱਲਨ" ਦੀ ਕਹਾਣੀ ਵਾਂਗ ਪੇਸ਼ ਕਰਦਾ ਹੈ। ਫਿਲਮਾਂ, ਗੀਤਾਂ, ਕਹਾਣੀਆਂ ਵਿੱਚ ਜੰਗ ਨੂੰ ਰੋਮਾਂਚਕ ਅਤੇ ਮਹਾਨ ਬਣਾਇਆ ਜਾਂਦਾ ਹੈ ਜਿਵੇਂ ਕਿ ਅੱਜਕਲ੍ਹ ਅਖੌਤੀ ਮੀਡੀਏ ਦਾ ਹਾਲ ਹੈ। ਸਟੂਡੀਓ ਵਿੱਚ ਬਹਿ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਰਹਿੰਦੇ ਹਨ।, ਪਰ ਇਹ ਸੱਚਾਈ ਤੋਂ ਬਿਲਕੁਲ ਉਲਟ ਹੁੰਦਾ ਹੈ। ਸੱਚੀ ਜੰਗ ਵਿੱਚ ਨਾ ਗੀਤ ਹੁੰਦੇ ਹਨ, ਨਾ ਹੀਰੋ — ਸਿਰਫ਼ ਮਰਨ ਵਾਲੇ ਤੇ ਉਜੜਨ ਵਾਲੇ ਲੋਕ ਹੁੰਦੇ ਹਨ। ਇਹ ਅੰਧੀ ਲੜਾਈ ਸਟੂਡੀਓ ਵਿੱਚ ਹੀ ਕਰਵਾ ਦਿੰਦੇ ਹਨ।

ਅਮਨ ਅਤੇ ਸੰਵਾਦ ਇਕ ਵਿਕਲਪ ਦੇ ਤੌਰ ਤੇ ਦੇਖੀਏ ਤਾਂ ਜਦ ਤੱਕ ਅਸੀਂ ਜੰਗ ਨੂੰ ਹੀ ਹੱਲ ਸਮਝਦੇ ਰਹਾਂਗੇ, ਤਦ ਤੱਕ ਇਨਸਾਨੀ ਤਬਾਹੀ ਰੁਕਣੀ ਨਹੀਂ। ਅਸਲ ਹੱਲ ਸੰਵਾਦ, ਰਚਨਾਤਮਕ ਰਾਜਨੀਤੀ ਅਤੇ ਇਨਸਾਨੀ ਅਹਿਸਾਸ ਵਿੱਚ ਵੱਸਦਾ ਹੈ। ਜਿਵੇਂ ਨੇਲਸਨ ਮੰਡੇਲਾ, ਮਹਾਤਮਾ ਗਾਂਧੀ ਜਾਂ ਮਾਰਟਿਨ ਲੂਥਰ ਕਿੰਗ ਨੇ ਸਿਖਾਇਆ ਤਾਕਤ ਹਿੰਸਾ ਵਿੱਚ ਨਹੀਂ, ਸਗੋਂ ਮਾਫ਼ੀ ਅਤੇ ਸਮਝਦਾਰੀ ਵਿੱਚ ਹੈ।

## ਜੇਕਰ ਅਸੀਂ ਨਤੀਜੇ ਫਰੋਲੀਏ ਤਾਂ

ਇਤਿਹਾਸ, ਵਰਤਮਾਨ ਅਤੇ ਭਵਿੱਖ ਸਾਨੂੰ ਇਹ ਸਿਖਾਉਂਦੇ ਹਨ ਕਿ ਜੰਗਾਂ ਕਦੇ ਵੀ ਆਮ ਗੱਲ ਨਹੀਂ ਹੁੰਦੀਆਂ। ਜੇ ਅਸੀਂ ਚਾਹੁੰਦੇ ਹਾਂ ਕਿ ਭਵਿੱਖ ਦੀਆਂ ਪੀੜ੍ਹੀਆਂ ਜ਼ਿੰਦਗੀ, ਇਨਸਾਫ਼ ਅਤੇ ਆਜ਼ਾਦੀ ਦੇ ਅਰਥ ਸਮਝ ਸਕਣ, ਤਾਂ ਅਸੀਂ ਜੰਗ ਨੂੰ ਇਨਸਾਨੀ ਇਤਿਹਾਸ ਵਿੱਚ ਇੱਕ ਅੰਤਿਮ ਵਿਕਲਪ ਮੰਨਣਾ ਪਵੇਗਾ — ਨਾ ਕਿ ਇੱਕ ਆਮ ਹਾਲਾਤ। ਜਦੋਂ ਅਸੀਂ ਜੰਗ ਨੂੰ ਸਧਾਰਨ ਕਰ ਦਿੰਦੇ ਹਾਂ, ਤਾਂ ਅਸੀਂ ਮਨੁੱਖਤਾ ਦੇ ਉੱਚੇ ਮਿਆਰਾਂ ਨੂੰ ਹੀ ਥੱਲੇ ਕਰ ਦਿੰਦੇ ਹਾਂ।

ਸਿਰਫ਼ ਹਥਿਆਰਾਂ ਨੂੰ ਨਹੀਂ, ਸੋਚਾਂ ਨੂੰ ਬਦਲਣਾ ਪਵੇਗਾ। ਸਿਰਫ਼ ਜੰਗ ਨੂੰ ਨਹੀਂ, ਮਨੁੱਖਤਾ ਨੂੰ ਜਿੱਤੋ। ਧਰਮਾਂ ਦੇ ਦਾਇਰੇ ਮੋਕਲੇ ਕਰਨੇ ਪੈਣਗੇ। ਧਰਮ ਸਾਨੂੰ ਇਨਸਾਨੀਅਤ ਨਾਲ ਜੋੜਦਾ ਹੈ ਨਾ ਕਿ ਤੋੜਦਾ।ਧਰਮ ਨੂੰ ਸਾਨੂੰ ਭਾਈਚਾਰਕ ਸਾਂਝ ਲਈ ਵਰਤਣਾ ਚਾਹੀਦਾ ਹੈ ਨਾ ਕਿ ਨਫ਼ਰਤ ਲਈ।

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥"

ਗੁਰਬਾਣੀ ਵਾਂਗ ਸਭ ਉਸ ਪ੍ਰਮਾਤਮਾ ਦੀ ਕੁਦਰਤ ਦੀ ਔਲਾਦ ਨੇ ਕਿਸੇ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ। ਫਿਰ ਹੀ ਦੁਨੀਆਂ ਸ਼ਾਂਤੀ ਨਾਲ ਰਹਿ ਸਕਦੀ ਹੈ। ਸਭ ਪਾਸੇ ਪਿਆਰ ਦਾ ਸੁਨੇਹਾ ਹੀ ਦੇਣਾ ਚਾਹੀਦਾ ਹੈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 07 ਮਈ
INTERNATIONAL PAPER, 9463601616
hardipchumber57@gmail.com

(ਵਿਸ਼ਵ ਰੈੱਡ ਕਰਾਸ ਦਿਵਸ ਤੇ ਵਿਸ਼ੇਸ਼)

# ਆਓ ਲੋੜਵੰਦਾਂ ਦੀ ਮਦਦ ਦਾ ਅਹਿਦ ਕਰੀਏ

ਪਰਮਿੰਦਰ ਕੁਮਾਰ ਲੌਂਗੋਵਾਲ
ਪ੍ਰੋਗਰਾਮ ਅਫਸਰ ਐਨ.ਐਸ.ਐਸ.
ਪੀ ਐਮ ਸ੍ਰੀ ਸ.ਸ. ਸ.ਸ. ਮਹਿਲਾਂ (ਸੰਗਰੂਰ)



ਅੱਜ ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਦਾ ਮਹੌਲ ਬਣਿਆ ਹੋਇਆ ਹੈ ਭਾਵ ਦੁਨੀਆਂ ਇੱਕ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਹੀ ਹੈ। ਹਰ ਇੱਕ ਦੇਸ਼ ਹੀ ਨਹੀਂ ਸਗੋਂ ਹਰ ਇੱਕ ਵਿਅਕਤੀ ਖ਼ੁਦਗਰਜ਼ੀ ਦੇ ਵਿਚ ਗੁਲਤਾਨ ਹੈ ਅਤੇ ਇਕ ਵਿਅਕਤੀ ਦੂਸਰੇ ਵਿਅਕਤੀ ਦੇ ਸੁੱਖਾਂ ਤੋਂ ਦੁਖੀ ਹੈ। ਅਜਿਹੇ ਹਾਲਾਤਾਂ ਦੇ ਵਿਚ ਇਕ ਦੇਸ਼ ਦੂਜੇ ਦੇਸ਼ ਤੋਂ ਨਫ਼ਰਤ ਕਰ ਰਿਹਾ ਹੈ। ਚੌਧਰ ਦੀ ਭੁੱਖ ਹਰ ਪਾਸੇ ਪਸਰੀ ਹੋਈ ਹੈ। ਇਹਨਾਂ ਹਾਲਾਤਾਂ ਦੇ ਵਿਚ ਸ਼ਾਂਤ ਰਹਿ ਜਾਣਾ ਬਹੁਤ ਮੁਸ਼ਕਿਲ ਹੁੰਦਾ ਹੈ। ਪਿਛਲੇ ਕੁਝ ਸਮੇਂ ਦੇ ਦੌਰਾਨ ਯੁੱਧਾਂ ਤੇ ਜੰਗਾਂ ਦੀ ਗੱਲ ਕੀਤੇ ਬਿਨਾਂ ਕੁਦਰਤ ਨੇ ਪਿਛਲੇ ਕੁਝ ਅਰਸੇ ਦੌਰਾਨ ਅਜਿਹੇ ਹਾਲਾਤ ਬਣਾਏ ਕਿ ਹਰ ਇਕ ਰਾਸ਼ਟਰ, ਹਰ ਇੱਕ ਵਿਅਕਤੀ ਚਿੰਤਾ ਦੇ ਮਾਹੌਲ ਦੇ ਵਿਚ ਜਿਉਂਦਾ ਰਿਹਾ ਪ੍ਰੰਤੂ ਉਸ ਨੂੰ ਅੰਦਰੋ ਅੰਦਰ ਆਪਣੀ ਮੌਤ ਦਾ ਡਰ ਖਾਂਦਾ ਰਿਹਾ।ਪਰਿਵਾਰ ਵਿੱਚ ਬੈਠਣ ਦੇ ਬਾਵਜੂਦ ਇੱਕ ਦੂਜੇ ਤੋਂ ਦੂਰ ਰਹਿਣਾ, ਕੋਰੋਨਾ ਵਰਗੀਆਂ ਹਾਲਾਤਾਂ ਨੇ ਬਹੁਤ ਕੁਝ ਸਿਖਾਇਆ ਹੈ। ਦੁਨੀਆ ਵਿਚ ਭਾਈ ਭਾਈ ਤੋਂ ਦੂਰ ਹੋ ਜਾਵੇਗਾ, ਦੋਸਤ ਦੋਸਤ ਤੋਂ ਦੂਰ ਹੋ ਜਾਵੇਗਾ ਪਰਿਵਾਰ ਦੇ ਮੈਂਬਰ ਇੱਕ ਦੂਜੇ ਤੋਂ ਵੱਖ ਹੋ ਕੇ ਰਹਿ ਜਾਣਗੇ ਇਹ ਸਾਰਾ ਕੁਝ ਪਿਛਲੇ ਕੁਝ ਸਾਲਾਂ ਦੇ ਦੌਰਾਨ ਹੀ ਵਾਪਰਿਆ ਹੈ। ਜਦੋਂ ਅਸੀਂ ਗੱਲ ਕਰਦੇ ਹਾਂ ਕਿਸੇ ਦੇ ਦੁੱਖ ਦਰਦ ਨੂੰ ਸਮਝਣ ਦੀ ਜਾਂ ਕਿਸੇ ਦੀ ਦੁੱਖ ਤਕਲੀਫ਼ ਦੇ ਵਿੱਚ ਸ਼ਰੀਕ ਹੋਣ ਦੀ, ਕੌਣ ਕਿਸੇ ਲੋੜਵੰਦ ਦੀ ਮਦਦ ਕਰੇਗਾ ਤਾਂ ਸਾਨੂੰ ਸਭ ਤੋਂ ਪਹਿਲਾਂ ਯਾਦ ਆਉਂਦੀ ਹੈ ਰੈੱਡ ਕਰਾਸ ਦੀ। ਭਾਵੇਂ ਪੂਰੇ ਵਿਸ਼ਵ ਵਿਚ 8 ਮਈ ਦਾ ਦਿਨ ਵਿਸ਼ਵ ਰੈੱਡ ਕਰਾਸ ਦਿਵਸ ਵਜੋਂ ਮਨਾਇਆ ਜਾਂਦਾ ਹੈ। ਜਦੋਂ ਇਸ ਦੀ ਲੋੜ ਦੀ ਗੱਲ ਕਰਦੇ ਹਾਂ ਤਾਂ ਅਸੀਂ ਮੌਜੂਦਾ ਸਮੇਂ ਨੂੰ ਮੁੱਖ ਰੱਖ ਕੇ ਦੇਖਦੇ ਹਾਂ ਕਿ ਕਿ ਰੂਸ ਅਤੇ ਯੂਕਰੇਨ ਵਰਗੇ ਦੇਸ਼ਾਂ ਨੇ ਇਕ ਦੂਜੇ ਨੂੰ ਮਲੀਆਮੇਟ ਕਰਨ ਦੇ ਵਿੱਚ ਕੋਈ ਕਸਰ ਨਹੀਂ ਛੱਡੀ । ਭਾਵੇਂ ਦੋਵੇਂ ਦੇਸ਼ ਇਸ ਗੱਲ ਤੋਂ ਭਲੀ ਭਾਂਤ ਜਾਣੂ ਹਨ ਕਿ ਇਸ ਵਿੱਚ ਆਮ ਲੋਕ ਸਮੁੱਚੀ ਮਾਨਵਤਾ ਦਾ ਨੁਕਸਾਨ ਹੋ ਰਿਹਾ ਹੈ ਪ੍ਰੰਤੂ ਫੇਰ ਵੀ ਇਕ ਦੂਜੇ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼, ਦੂਜੇ ਗੁਆਂਢੀ ਦੇਸ਼ਾਂ ਦੇ ਮਗਰ ਲੱਗ ਕੇ ਆਪਣਾ ਝੁੱਗਾ ਚੌੜ ਕਰਾ ਲੈਣ ਵਾਲੀਆਂ ਗੱਲਾਂ ਅਸੀਂ ਅਜਿਹੇ ਹਾਲਾਤਾਂ ਵਿੱਚ ਵੇਖ ਰਹੇ ਹਾਂ। ਇੰਨਾ ਸਾਰਾ ਕੁਝ ਜਾਂ ਇਹੋ ਜਿਹੇ ਹਾਲਾਤਾਂ ਦੇ ਨਾਲ ਨਜਿੱਠਣ ਦੇ ਲਈ ਤੇ ਜੰਗ ਦੌਰਾਨ ਜਖਮੀਆਂ ਦੀ ਭੇਜਨ,ਦਵਾਈ ਆਦਿ ਦੀ ਮਦਦ ਕਰਨ ਦੇ ਮਕਸਦ ਨਾਲ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਰੈੱਡ ਕਰਾਸ ਨੂੰ ਸ਼ਾਂਤੀ ਵਿੱਚ ਇੱਕ ਪ੍ਰਮੁੱਖ ਯੋਗਦਾਨ ਵਜੋਂ ਪੇਸ਼ ਕੀਤਾ ਗਿਆ ਅਤੇ ਰੈੱਡ ਕਰਾਸ ਦੀ 14ਵੀਂ ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ ਰੈੱਡ ਕਰਾਸ ਦੀ ਲੜਾਈ ਦੇ ਅਧਿਐਨ ਕਰਨ ਲਈ ਇੱਕ ਅੰਤਰਰਾਸ਼ਟਰੀ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਸੀ। 1934 ਵਿੱਚ ਰੈੱਡ ਕਰਾਸ ਟਰੂਸ ਦੀ ਰਿਪੋਰਟ ਪੇਸ਼ ਕੀਤੀ ਗਈ ਅਤੇ ਇਸ ਦੇ ਸਿਧਾਂਤਾਂ ਨੂੰ ਟੋਕੀਓ ਵਿੱਚ ਪੰਦਰਵੀਂ ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ ਵੱਖ ਵੱਖ ਖੇਤਰਾਂ ਵਿੱਚ ਪੂਰੀ ਦੁਨੀਆਂ ਵਿੱਚ ਲਾਗੂ ਕਰਨ ਲਈ ਪ੍ਰਵਾਨਗੀ ਦਿੱਤੀ ਗਈ ਸੀ। ਦੂਸਰੇ ਵਿਸ਼ਵ ਯੁੱਧ ਵਿਚ 1946 ਵਿਚ ਟੋਕੀਓ ਪ੍ਰਸਤਾਵ ਨੂੰ ਲਾਗੂ ਕੀਤਾ ਗਿਆ ਸੀ ।ਲੀਗ ਆਫ ਦਾ ਰੈੱਡ ਕਰਾਸ ਸੁਸਾਇਟੀ ਦੇ ਬੋਰਡ ਆਫ ਗਵਰਨਰਜ਼ ਦੁਆਰਾ ਸਾਲਾਨਾ ਜਸ਼ਨ ਦੀ ਸੰਭਾਵਨਾ ਬਾਰੇ ਪੁੱਛਿਆ ਗਿਆ ਸੀ ਜਿਸ ਨੂੰ ਬਾਅਦ ਵਿੱਚ ਅੰਤਰਰਾਸ਼ਟਰੀ ਫੈਡਰੇਸ਼ਨ ਆਫ਼ ਰੈਡ ਕਰਾਸ ਸੁਸਾਇਟੀ ਦੀ ਜਨਰਲ ਅਸੈਂਬਲੀ ਕਿਹਾ ਜਾਂਦਾ ਸੀ। ਦੋ ਸਾਲ ਬਾਅਦ ਹਰ ਸਾਲ ਵਿਸ਼ਵ ਰੈੱਡ ਕਰਾਸ ਦਿਵਸ ਮਨਾਉਣ ਦਾ ਪ੍ਰਸਤਾਵ 8ਮਈ 1948 ਨੂੰ ਰੈੱਡ ਕਰਾਸ ਦੇ ਸੰਸਥਾਪਕ ਹੈਨਰੀ ਡਿਊਟ ਦੇ ਜਨਮਦਿਨ ਨੂੰ ਅਪਨਾਇਆ ਗਿਆ। 1948 ਵਿਚ ਅਧਿਕਾਰਤ ਤੌਰ ਤੇ ਇਸ ਨੂੰ ਵਿਸ਼ਵ ਰੈੱਡ ਕਰਾਸ ਅਤੇ ਰੈੱਡ ਕਰੀਸੈਂਟ ਦਿਵਸ ਦਾ ਨਾਮ ਵੀ ਦੇ ਦਿੱਤਾ ਗਿਆ ਸੀ। ਮਿਸਟਰ ਹੈਨਰੀ ਡਿਊਟ ਦਾ ਜਨਮ 8 ਮਈ 1828 ਨੂੰ ਜਨੇਵਾ ਵਿੱਚ ਹੋਇਆ ਸੀ ਅਤੇ ਉਨ੍ਹਾਂ ਨੂੰ ਪੂਰੇ ਵਿਸ਼ਵ ਵਿੱਚ ਸ਼ਾਂਤੀ ਸਥਾਪਿਤ ਕਰਨ ਦੇ ਬਦਲੇ ਨੋਬਲ ਸ਼ਾਂਤੀ ਪੁਰਸਕਾਰ ਵੀ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੇ ਜਨਮਦਿਨ ਨੂੰ ਹੀ ਰੈੱਡ ਕਰਾਸ ਦੇ ਸੰਸਥਾਪਕ ਦੇ ਸਥਾਪਨਾ ਦਿਵਸ ਵਜੋਂ ਮਨਾਇਆ ਜਾਣ ਲੱਗ ਪਿਆ। ਵਿਸ਼ਵ ਰੈੱਡ ਕਰਾਸ ਦਿਵਸ ਅਤੇ ਰੈੱਡ ਕ੍ਰੀਸੈਂਟ ਦਿਵਸ ਵਜੋਂ ਵੀ ਜਾਣਿਆ ਜਾਂਦਾ ਹੈ ਇਹ ਉਨ੍ਹਾਂ ਲੋਕਾਂ ਨੂੰ ਸਮਰਪਿਤ ਹੈ ਜੋ ਭੋਜਨ ਦੀ ਕਮੀ, ਕਈ ਕੁਦਰਤੀ ਆਫ਼ਤ, ਯੁੱਧ ਦੇ ਨਾਲ ਨਾਲ ਮਹਾਂਮਾਰੀ ਦੀ ਬਿਮਾਰੀ ਤੋਂ ਪੀੜਤ ਹਨ ਜਾਂ ਲੋੜਵੰਦ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਇਸ ਵਿਚ ਸ਼ਾਮਲ ਕੀਤੇ ਗਏ ਹਨ।

ਬਹੁਤ ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਲੋੜਵੰਦ ਲੋਕਾਂ ਦੀ ਮਦਦ ਕਰਨ ਲਈ ਇਸ ਰੈੱਡ ਕਰਾਸ ਸੰਸਥਾ ਦੀਆਂ ਸਰਗਰਮ ਮੈਂਬਰ ਬਣ ਜਾਂਦੀਆਂ ਹਨ ਤਾਂ ਜੋ ਕੁਦਰਤੀ ਆਫਤਾਂ ਦੇ ਦੌਰਾਨ ਲੋੜਵੰਦ ਲੋਕਾਂ ਦੀ ਮੱਦਦ ਕੀਤੀ ਜਾ ਸਕੇ ਜਿਵੇਂ ਕਿ ਅਸੀਂ ਜਾਣਦੇ ਹਾਂ ਇਸ ਦਿਨ ਕਿਸੇ ਵੀ ਦੇਸ਼ ਵਿੱਚ ਕੁਦਰਤੀ ਆਫ਼ਤਾਂ ਅਤੇ ਹੋਰ ਭਿਆਨਕ ਹਲਾਤਾਂ ਦੇ ਦੌਰਾਨ ਲੋਕਾਂ ਦੀ ਮੱਦਦ ਕਾਰਨ ਲੋਕਾਂ ਨੂੰ ਸਵੈ ਇੱਛਕ ਭਾਵਨਾ ਨਾਲ ਇਨ੍ਹਾਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਜਾਗਰੂਕ ਕੀਤਾ ਜਾਂਦਾ ਰੈੱਡ ਕਰਾਸ ਸੁਸਾਇਟੀ ਦੁਆਰਾ ਪੂਰੀ ਦੁਨੀਆਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਬਹੁਤ ਸਾਰੀਆਂ ਮੁਹਿੰਮਾਂ ਜਿਵੇਂ ਬੱਚਿਆਂ ਨੂੰ ਪਲਸ ਪੋਲੀਓ ਮੁਹਿੰਮ ਜਾਂ ਯੁੱਧ ਦੇ ਦੌਰਾਨ ਜ਼ਖ਼ਮੀਆਂ ਨੂੰ ਸਾਂਭ ਸੰਭਾਲ ਭੋਜਨ ਮੁਹੱਈਆ ਕਰਵਾਉਣਾ ਦਵਾਈਆਂ ਮੁਹੱਈਆ ਕਰਵਾਉਣੀਆਂ ਪੂਰੇ ਵਿਸ਼ਵ ਨੂੰ ਸ਼ਾਂਤੀ ਦਾ ਪੈਗਾਮ ਦੇਣਾ ਵਰਗੀਆਂ ਗਤੀਵਿਧੀਆਂ ਵਿੱਚ ਵਡਮੁੱਲਾ ਯੋਗਦਾਨ ਪਾਇਆ ਜਾਂਦਾ ਹੈ ਰੈੱਡ ਕਰਾਸ ਸੁਸਾਇਟੀ ਦਾ ਮਿਸ਼ਨ ਸ਼ਾਂਤੀਪੂਰਨ ਵਾਤਾਵਰਨ ਪੈਦਾ ਕਰਨਾ ਲਈ ਹਰ ਸਮੇਂ ਅਤੇ ਹਰ ਤਰ੍ਹਾਂ ਦੀਆਂ ਮਾਨਵਤਾਵਾਦੀ ਗਤੀਵਿਧੀਆਂ ਨੂੰ ਪ੍ਰੇਰਿਤ ਕਰਨਾ ਉਤਸ਼ਾਹਤ ਕਰਨ ਅਤੇ ਸ਼ੁਰੂ ਕਰਨਾ ਰੈੱਡ ਕਰਾਸ ਸੁਸਾਇਟੀ ਦੁਆਰਾ ਲੋਕਾਂ ਨੂੰ ਆਪਣੀ ਜਾਨ ਦੀ ਰਾਖੀ ਕਰੀ ਪੀੜਤਾਂ ਦੀ ਇੱਜ਼ਤ ਦਾ ਖਿਆਲ ਰੱਖਣ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ ਇਸ ਦਿਨ ਰੈੱਡ ਕਰਾਸ ਸੰਸਥਾਵਾਂ ਦੇ ਸਾਰੇ ਵਰਗਾਂ ਵੱਲੋਂ ਹੜ੍ਹਾਂ ਭੁਚਾਲ ਭਾਵ ਕੁਦਰਤੀ ਆਫ਼ਤਾਂ ਤੋਂ ਪੀੜਤ ਲੋਕਾਂ ਦੀ ਮੱਦਦ ਕਰਨ ਅਤੇ ਉਨ੍ਹਾਂ ਦੇ ਜੀਵਨ ਨੂੰ ਐਮਰਜੈਂਸੀ ਤੋਂ ਬਚਾਉਣ ਲਈ ਮਨਾਇਆ ਜਾਂਦਾ ਹੈ ਬਹੁਤ ਸਾਰੀਆਂ ਥਾਵਾਂ ਤੇ ਲੋਕਾਂ ਨੂੰ ਸਵੈ ਇੱਛਕ ਭਾਵਨਾ ਨਾਲ ਖੂਨਦਾਨ ਕਰਨ ਲਈ ਵੀ ਕੈਂਪ ਲਗਾਏ ਜਾਂਦੇ ਹਨ ਰੈੱਡ ਕਰਾਸ ਸੁਸਾਇਟੀ ਦੇ ਮੁੱਖ ਮੁੱਖ ਸਿਧਾਂਤਾਂ ਵਿੱਚ ਸਭ ਤੋਂ ਪਹਿਲਾ ਸਿਧਾਂਤ ਮਨੁੱਖਤਾ ਹੈ ਜਿਸ ਦਾ ਉਦੇਸ਼ ਜੀਵਨ ਸੇਧ ਦੀ ਰੱਖਿਆ ਕਰਨਾ ਅਤੇ ਹਰ ਮਨੁੱਖ ਦਾ ਸਨਮਾਨ ਯਕੀਨੀ ਬਣਾਉਣਾ ਹੈ ਇਹ ਸਾਰੇ ਲੋਕਾਂ ਵਿੱਚ ਆਪਸੀ ਸਮਝ ਦੋਸਤੀ ਅਤੇ ਸਹਿਯੋਗ ਨੂੰ ਵਧਾਵਾ ਦਿੰਦੀ ਦੂਸਰਾ ਸਥਾਨ ਕੌਮੀਅਤ ਨਸਲ ਧਾਰਮਿਕ ਵਿਸ਼ਵਾਸਾਂ ਵਰਗ ਜਾਂ ਰਾਜਨੀਤਕ ਵਿਚਾਰਾਂ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਣਾ ਹੁੰਦੇ ਪਹਿਲਾਂ ਅਤੇ ਮੁੱਖ ਉਦੇਸ਼ ਲੋਕਾਂ ਦੀ ਪੂਰੀ ਤਰ੍ਹਾਂ ਉਨ੍ਹਾਂ ਦੀਆਂ ਲੋਕ ਲੋੜਾਂ ਦੇ ਆਧਾਰ ਤੇ ਮਦਦ ਕਰਨਾ ਅਤੇ ਸੰਕਟ ਦੇ ਸਭ ਤੋਂ ਜ਼ਰੂਰੀ ਮਾਮਲਿਆਂ ਨੂੰ ਪਹਿਲ ਦੇਣਾ ਹੈ

ਇਸ ਦੇ ਨਾਲ ਨਾਲ ਰੈੱਡ ਕਰਾਸ ਦਾ ਇੱਕ ਹੋਰ ਉਦੇਸ਼ ਮਦਦ ਪ੍ਰਦਾਨ ਕਰਨ ਵਿੱਚ ਨਿਰਪੱਖਤਾ ਅੰਦੋਲਨ ਨੂੰ ਰਾਜਨੀਤਕ ਨਸਲੀ ਧਾਰਮਿਕ ਜਾਂ ਵਿਚਾਰਧਾਰਕ ਵਿਵਾਦਾਂ ਦੁਆਰਾ ਪ੍ਰਭਾਤ ਨਹੀਂ ਕਰਨਾ ਚਾਹੀਦਾ ਇਸ ਤੋਂ ਇਲਾਵਾ ਇਹ ਮੁਹਿੰਮ ਆਪਣੇ ਆਪ ਵਿੱਚ ਪੂਰੀ ਤਰ੍ਹਾਂ ਸੁਤੰਤਰ ਹੈ ਰਾਸ਼ਟਰੀ ਸੁਸਾਇਟੀਆਂ ਆਪਣੀਆਂ ਸਰਕਾਰ ਦੀਆਂ ਮਾਨਵਤਾਵਾਦੀ ਸੇਵਾਵਾਂ ਵਿਚ ਸਹਾਇਕ ਹੋਣ ਦੇ ਨਾਲ ਨਾਲ ਆਪਣੇ ਸੰਬੰਧ ਦਿਸ਼ਾ ਹੋਣ ਦੇ ਬਾਵਜੂਦ ਹਮੇਸ਼ਾ ਆਪਣੀ ਖ਼ੁਦਮੁਖ਼ਤਿਆਰੀ ਨੂੰ ਕਾਇਮ ਰੱਖਣ ਤਾਂ ਜੋ ਹਰ ਸਮੇਂ ਅੰਦੋਲਨ ਦੇ ਸਿਧਾਂਤਾਂ ਦੇ ਅਨੁਸਾਰ ਕੰਮ ਕਰਨ ਦੇ ਯੋਗ ਹੋ ਸਕਣ ਇਹ ਇੱਕ ਸਭਾ ਵਿੱਚ ਲਹਿਰ ਹੈ ਜੋ ਲਾਭ ਦੀ ਇੱਛਾ ਦੁਆਰਾ ਕਿਸੇ ਵਿਧੀ ਕਿਸੇ ਵੀ ਤਰੀਕੇ ਨਾਲ ਨਹੀਂ ਕੀਤੀ ਜਾਂਦੀ ਇਹ ਆਪਣੇ ਸਾਰੇ ਮੈਂਬਰਾਂ ਵਿੱਚ ਪੂਰਨ ਤੌਰ ਤੇ ਏਕਤਾ ਰੱਖਦੇ ਹੋਏ ਮਾਨਵਤਾਵਾਦੀ ਕੰਮਾਂ ਨੂੰ ਜਾਰੀ ਰੱਖਣੀ ਚਾਹੀਦੀ ਹੈ

ਭਾਰਤ ਵਿਚ ਇੰਡੀਅਨ ਰੈੱਡ ਕਰਾਸ ਸੁਸਾਇਟੀ ਇਕ ਸਵੈ ਇੱਛਕ ਸੰਗਠਨ ਦੇ ਤੌਰ ਤੇ ਕੰਮ ਕਰ ਰਹੀ ਹੈ ਜਿਸ ਦੀਆਂ ਪੂਰੇ ਦੇਸ਼ ਵਿੱਚ ਲਗਪਗ 1100 ਸ਼ਾਖਾਵਾਂ ਹਨ ਜਿਹੜੀਆਂ ਪੂਰੇ ਦੇਸ਼ ਚ ਸਮੇਂ ਸਮੇਂ ਤੇ ਕੁਦਰਤੀ ਆਫ਼ਤਾਂ ਲੋਕਾਂ ਨੂੰ ਆਪਣੀ ਸਿਹਤ ਅਤੇ ਹੋਰ ਸਮੱਸਿਆਵਾਂ ਦੌਰਾਨ ਰਾਹਤ ਪ੍ਰਦਾਨ ਕਰਨ ਲਈ ਯਤਨਸ਼ੀਲ ਹਨ। ਭਾਰਤ ਵਿੱਚ ਜਦੋਂ ਅਸੀਂ ਰੈੱਡ ਕਰਾਸ ਮੁਹਿੰਮ ਦੀ ਸ਼ੁਰੂਆਤ ਦੀ ਗੱਲ ਕਰਦੇ ਹਾਂ ਤਾਂ ਭਾਈ ਘਨੱਈਆ ਜੀ ਜਿਹਨਾਂ ਨੇ 1704-5 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਤੇ ਜੰਗ ਦੌਰਾਨ ਬਿਨਾਂ ਕਿਸੇ ਭੇਦਭਾਵ ਤੋਂ ਸਾਰੇ ਜਖ਼ਮੀ ਸਿਪਾਹੀਆ ਨੂੰ ਜਲ ਛਕਾ ਕੇ ਰੈੱਡ ਕਰਾਸ ਵਰਗੀ ਅਦਿੱਤੀ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਸੀ।ਸੋ ਅੱਜ ਦੇ ਸਵਾਰਥੀ ਯੁੱਗ ਵਿੱਚ ਇਹਨਾਂ ਮੁਹਿੰਮਾਂ ਦੀ ਲੋੜ ਹੋਰ ਵੀ ਵਧ ਜਾਂਦੀ ਹੈ ਤਾਂ ਜੋ ਅਸੀਂ ਮਾੜੇ ਸਮੇਂ ਵਿੱਚ ਇੱਕ ਦੂਸਰੇ ਦੇ ਦੁੱਖ ਨੂੰ ਸਮਝ ਕੇ ਦੁੱਖ ਵੰਡਾਉਣ ਲਈ ਅੱਗੇ ਆ ਸਕੀਏ।

# ਬੀ ਕੇ ਯੂ ਕ੍ਰਾਂਤੀਕਾਰੀ ਨੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਮਈ
INTERNATIONAL PAPER, 9463601616
hardipchumber57@gmail.com



ਜ਼ੀਰਾ 7 ਮਈ ( ਅੰਗਰੇਜ਼ ਬਰਾੜ ) - ਜ਼ੀਰਾ ਬਲਾਕ ਦੇ ਪਿੰਡ ਫੇਰੋਕੇ ਵਿਖੇ ਅੱਜ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਵੱਲੋਂ ਜ਼ਿਲਾ ਆਗੂਆਂ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਗਿਆ ਅਤੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ! ਇਸ ਮੌਕੇ ਜ਼ਿਲਾ ਆਗੂ ਅਵਤਾਰ ਸਿੰਘ ਫੇਰੋਕੇ ਅਤੇ ਜੁਗਰਾਜ ਸਿੰਘ ਫੇਰੋਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ੰਭੂ ਅਤੇ ਖਨੌਰੀ ਬਾਰਡਰਾਂ ਤੋਂ ਕਿਸਾਨਾਂ ਦਾ ਜਬਰੀ ਧਰਨਾ ਚੁਕਵਾਉਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੱਲ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਚੇਅਰਮੈਨ ਸੁਰਜੀਤ ਸਿੰਘ ਫੂਲ ਅਤੇ ਉਸ ਦੇ ਹੋਰ ਕਿਸਾਨ ਸਾਥੀ ਜਿਹੜੇ ਕਿ ਦੁਬਾਰਾ ਸ਼ੰਭੂ ਬਾਰਡਰ ਲਈ ਰਵਾਨਾ ਹੋ ਰਹੇ ਸਨ, ਨੂੰ ਪੁਲਿਸ ਨੇ ਫੜ ਕੇ ਉਹਨਾਂ ਦੇ ਕੱਪੜੇ ਵਗੈਰਾ ਪਾੜੇ ਅਤੇ ਉਹਨਾਂ ਨਾਲ ਧੱਕਾ ਮੁੱਕੀ ਵੀ ਕੀਤਾ, ਜਿਸ ਦੇ ਰੋਸ ਵਜੋਂ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪਿੰਡ ਪਿੰਡ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੁਤਲੇ ਫੂਕ ਰਹੀ ਹੈ। ਉਹਨਾਂ ਕਿਹਾ ਕਿ ਕਿਸਾਨਾਂ ਨਾਲ ਵੈਰ ਰੱਖਣ ਵਾਲੀ ਆਮ ਆਦਮੀ ਪਾਰਟੀ ਦੇ ਲੀਡਰਾਂ ਦਾ ਵਿਰੋਧ ਜਗ੍ਹਾ ਜਗ੍ਹਾ ਹੋ ਰਿਹਾ ਹੈ ਅਤੇ 2027 ਦੀਆਂ ਚੋਣਾਂ ਵਿੱਚ ਲੋਕ ਇਹਨਾਂ ਲੀਡਰਾਂ ਨੂੰ ਪਿੰਡਾਂ ਵਿੱਚ ਨਹੀਂ ਵੜਨ ਦੇਣਗੇ! ਇਸ ਮੌਕੇ ਸੁਖਦੇਵ ਸਿੰਘ ਮੁੱਖਾ, ਦਰਸ਼ਨ ਸਿੰਘ ਬਰਾੜ, ਆਤਮਾ ਸਿੰਘ ਡਿਪਟੀ, ਅਵਤਾਰ ਸਿੰਘ ਰਾਜੂ, ਗੁਰਪ੍ਰੀਤ ਸਿੰਘ ਗੋਰਾ ਢਿੱਲੋਂ, ਜਸਪਾਲ ਸਿੰਘ, ਗੁਰਦੇਵ ਸਿੰਘ ਬਰਾੜ, ਸੁਖਪ੍ਰੀਤ ਸਿੰਘ ਸੁੱਖਾ, ਜਗਸੀਰ ਸਿੰਘ ਸੀਰਾ, ਏਕਮ ਸਿੰਘ, ਮੰਦਰ ਸਿੰਘ ਢਿੱਲੋਂ, ਏਕਮ ਸਿੰਘ ਬਰਾੜ ਆਦਿ ਕਿਸਾਨ ਆਗੂ ਹਾਜ਼ਰ ਸਨ।

# ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਧਮਕੀਆਂ ਦੇਣ ਖਿਲਾਫ ਮੁੱਖ ਮੰਤਰੀ ਮਾਨ ਦੀ ਸਾੜੀ ਅਰਥੀ ,

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਮਈ
INTERNATIONAL PAPER, 9463601616
hardipchumber57@gmail.com



ਮਾਨਸਾ 7 ਮਈ (ਆਤਮਾ ਸਿੰਘ ਪਮਾਰ ) ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਵੱਲੋਂ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਧਮਕੀਆਂ ਦੇਣ ਖਿਲਾਫ ਮੁੱਖ ਮੰਤਰੀ ਮਾਨ ਦੀ ਅਰਥੀ ਸਾੜੀ ਗਈ।

ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕਿਹਾ ਕਿ ਧਰਨਿਆਂ ਵਿੱਚੋਂ ਨਿਕਲੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਮੰਤਰੀ ਨਾਦਰਸ਼ਾਹੀ ਫ਼ਰਮਾਨ ਜਾਰੀ ਕਰਕੇ ਮੋਦੀ ਦੀਆਂ ਨਜ਼ਰਾਂ 'ਚ ਪੰਜਾਬ ਦਾ ਯੋਗੀ ਬਣਨ ਵੱਲ ਵਧ ਰਿਹਾ ਹੈ । ਉਨ੍ਹਾਂ ਕਿਹਾ ਕਿ ਭਗਤ ਸਿੰਘ ਤੇ ਅੰਬੇਡਕਰ ਦੀਆਂ ਫੋਟੋਆਂ ਲਾਕੇ ਵੋਟਾਂ ਲੈਣ ਵਾਲਾ ਭਗਵੰਤ ਮਾਨ ਲੋਕ ਅਵਾਜ਼ ਦਵਾਉਣ ਦੇ ਰਾਹ ਤੁਰ ਪਿਆ ਹੈ। ਮਜ਼ਦੂਰ ਆਗੂ ਨੇ ਕਿਹਾ ਕਿ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਧਮਕੀ ਦੇਣਾ ਆਪ ਸਰਕਾਰ ਨੂੰ ਮਹਿੰਗਾ ਪਵੇਗਾ ਅਤੇ ਪੰਜਾਬ ਦੇ ਸੰਘਰਸ਼ਸ਼ੀਲ ਮਜ਼ਦੂਰ, ਕਿਸਾਨ, ਮੁਲਾਜ਼ਮ ਮੁੱਖ ਮੰਤਰੀ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ। ਉਨ੍ਹਾਂ ਕਿਹਾ ਕਿ ਸੱਤਾਧਾਰੀ ਹਾਕਮ ਅਤੇ ਅਫ਼ਸਰਸ਼ਾਹੀ ਜਦੋਂ ਲੋਕ ਮੁੱਦਿਆਂ ਤੇ ਅੱਖਾਂ ਬੰਦ ਕਰਨ ਲੈਣ ਉਦੋਂ ਸੜਕਾਂ ਜਾਮ ਹੁੰਦੀਆਂ ਹਨ। ਇਸ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਸੜਕਾਂ ਜਾਮ ਕਰਨ ਦੇ ਮੁੱਖ ਦੋਸ਼ੀ ਹਾਕਮ ਤੇ ਅਫ਼ਸਰਸ਼ਾਹੀ ਹੀ ਹਨ ਲੋਕ ਨਹੀਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਆਪਣੀ ਮਾੜੀ ਬੋਲਚਾਲ ਨਾਲ ਪੰਜਾਬ ਚ ਆਮ ਆਦਮੀ ਪਾਰਟੀ ਦਾਂ ਪੱਤਾ ਸਾਫ਼ ਕਰਨ ਤੇ ਲੱਗਿਆ ਹੋਇਆ ਹੈ। ਲੋਕ ਆਪਣੇ ਹੱਕਾਂ, ਅਧਿਕਾਰਾਂ ਲਈ ਸੰਘਰਸ਼ ਜਾਰੀ ਰੱਖਣਗੇ। ਇਸ ਮੌਕੇ ਜ਼ਿਲ੍ਹਾ ਆਗੂ ਟੈਹਲਾ ਸਿੰਘ, ਜਰਨੈਲ ਸਿੰਘ ਮਾਨਸਾ, ਮਿਸਤਰੀ ਨਿੱਕਾ ਸਿੰਘ ਠੂਠਿਆਂਵਾਲੀ, ਬਲਵੀਰ ਸਿੰਘ ਸਹਾਰਨਾ ਆਦਿ ਆਗੂ ਵੀ ਮੌਜੂਦ ਸਨ।

ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕਿਹਾ ਕਿ ਧਰਨਿਆਂ ਵਿੱਚੋਂ ਨਿਕਲੀ ਆਮ ਆਦਮੀ ਪਾਰਟੀ ਦੀ ਸਰਕਾਰ ਦਾਂ ਮੁੱਖ ਮੰਤਰੀ ਮਾਨ ਨਾਦਰਸਾਹੀ ਫਰਮਾਨ ਜਾਰੀ ਕਰਕੇ ਮੋਦੀ ਦੀਆਂ ਨਜ਼ਰਾਂ ਚ ਪੰਜਾਬ ਦਾ ਯੋਗੀ ਬਣ ਰਿਹਾ ਹੈ। । ਉਨ੍ਹਾਂ ਕਿਹਾ ਕਿ ਭਗਤ ਸਿੰਘ ਤੇ ਅੰਬੇਡਕਰ ਦੀਆਂ ਫੋਟੋਆਂ ਲਾਕੇ ਵੋਟਾਂ ਲੈਣ ਵਾਲਾ ਭਗਵੰਤ ਮਾਨ ਲੋਕ ਅਵਾਜ਼ ਦਵਾਉਣ ਤੁਰ ਪਿਆ ਹੈ। ਉਨ੍ਹਾਂ ਕਿਹਾ ਕਿ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਧਮਕੀ ਦੇਣਾ ਆਪ ਸਰਕਾਰ ਨੂੰ ਮਹਿੰਗਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸੰਘਰਸ਼ਸ਼ੀਲ ਮਜ਼ਦੂਰ, ਕਿਸਾਨ, ਮੁਲਾਜ਼ਮ ਮੁੱਖ ਮੰਤਰੀ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ। ਉਨ੍ਹਾਂ ਕਿਹਾ ਕਿ ਸੱਤਾਧਾਰੀ ਹਾਕਮਾਂ ਅਤੇ ਅਫ਼ਸਰਸ਼ਾਹੀ ਜਦੋਂ ਲੋਕ ਮੁੱਦਿਆਂ ਤੇ ਅੱਖਾਂ ਬੰਦ ਕਰਨ ਉਦੋਂ ਸੜਕਾਂ ਜਾਮ ਹੁੰਦੀਆਂ ਹਨ। ਇਸ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਸੜਕਾਂ ਜਾਮ ਕਰਨ ਦਾਂ ਮੁੱਖ ਦੋਸ਼ੀ ਹਾਕਮ ਤੇ ਅਫ਼ਸਰਸ਼ਾਹੀ ਹੀ ਨੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਆਪਣੀ ਮਾੜੀ ਬੋਲਚਾਲ ਨਾਲ ਪੰਜਾਬ ਚ ਆਮ ਆਦਮੀ ਪਾਰਟੀ ਦਾਂ ਪੱਤਾ ਸਾਫ਼ ਕਰਨ ਤੇ ਲੱਗਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਲੋਕ ਆਪਣੇ ਹੱਕਾਂ, ਅਧਿਕਾਰਾਂ ਲਈ ਸੰਘਰਸ਼ ਜਾਰੀ ਰੱਖਣਗੇ। ਇਸ ਮੌਕੇ ਜ਼ਿਲ੍ਹਾ ਆਗੂ ਟੈਹਲਾ ਸਿੰਘ, ਜਰਨੈਲ ਸਿੰਘ ਮਾਨਸਾ, ਮਿਸਤਰੀ ਨਿੱਕਾ ਸਿੰਘ ਠੂਠਿਆਂਵਾਲੀ, ਬਲਵੀਰ ਸਿੰਘ ਸਹਾਰਨਾ , ਵੀ ਮੌਜੂਦ ਸਨ।

# ਦੇਸ਼ ਭਗਤ ਯਾਦਗਾਰ ਕਮੇਟੀ ਦਾ ਸੁਨੇਹਾ; ਜੰਗ ਖ਼ੁਦ ਹੀ ਮਸਲਾ ਹੈ; ਮਸਲੇ ਦਾ ਹੱਲ ਨਹੀਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਮਈ
INTERNATIONAL PAPER, 9463601616
hardipchumber57@gmail.com



ਦਲਜੀਤ ਕੌਰ

ਚੰਡੀਗੜ੍ਹ/ਜਲੰਧਰ, 7 ਮਈ, 2025: “ਚੜ੍ਹਦੇ ਅਤੇ ਲਹਿੰਦੇ ਸਾਂਝੇ ਪੰਜਾਬ ਦੇ ਆਵਾਮ ਦੇ ਦੇਸ਼ ਭਗਤ ਪ੍ਰਤੀਨਿੰਧਾਂ ਵੱਲੋਂ ਆਜ਼ਾਦੀ ਅਤੇ ਅਮਨ ਦੀਆਂ ਬਹਾਰਾਂ ਮਾਣਨ ਲਈ 1913 'ਚ ਅਮਰੀਕਾ ਵਿਖੇ ਸਿਰਜੀ ਗ਼ਦਰ ਪਾਰਟੀ ਦੇ ਵਾਰਸਾਂ ਵੱਲੋਂ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਚੇਤਨਾ ਦੇ ਚਾਨਣ ਦਾ ਛੱਟਾ ਦੇਣ ਲਈ ਬਣਾਈ ਇਬਾਦਤਗਾਹ, ਦੇਸ਼ ਭਗਤ ਯਾਦਗਾਰ ਹਾਲ ਦੀ ਪ੍ਰਬੰਧਕ ਅਤੇ ਸੇਵਾਦਾਰ, ਦੇਸ਼ ਭਗਤ ਯਾਦਗਾਰ ਕਮੇਟੀ ਨੇ ਲੋਕ- ਮਾਰੂ ਜੰਗ ਦੇ ਭਾਂਬੜ ਬਾਲੇ ਜਾਣ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਦੋਵੇਂ ਮੁਲਕਾਂ ਦੇ ਲੋਕਾਂ ਦੇ ਖਿਲਾਫ਼ ਨਿਹੱਕੀ ਜੰਗ ਹੈ, ਜਿਸਦਾ ਹਰ ਮਾਨਵ ਦਰਦੀ, ਇਨਸਾਫ਼ ਅਤੇ ਅਮਨ ਪਸੰਦ ਵਿਅਕਤੀ ਨੂੰ ਬੇਖੌਫ਼ ਹੋ ਕੇ ਵਿਰੋਧ ਕਰਨ ਦੀ ਲੋੜ ਹੈ”।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਜਾਰੀ ਕੀਤੇ ਲਿਖਤੀ ਬਿਆਨ 'ਚ ਉਪਰੋਕਤ ਟਿੱਪਣੀ ਕਰਦਿਆਂ ਕਿਹਾ ਹੈ ਕਿ ਕਮੇਟੀ ਪਹਿਲੇ ਦਿਨ ਤੋਂ ਹੀ ਪਹਿਲਗਾਮ ਦੀ ਹਿਰਦੇਵੇਦਕ ਘਟਨਾ ਦੀ ਕਰੜੀ ਨਿੰਦਾ ਕਰਦੇ ਹੋਏ ਮੁਜ਼ਰਿਮਾਂ ਦੀ ਪੈੜ ਜਨਤਾ ਦੀ ਨਜ਼ਰ ਕਰਨ ਦੀ ਮੰਗ ਕਰਦੀ ਆ ਰਹੀ ਹੈ। ਕਮੇਟੀ ਦਾ ਵਿਚਾਰ ਹੈ ਕਿ ਲੋਕਾਂ ਦੇ ਸੰਦੇਹ ਅਤੇ ਮੂੰਹ ਫੱਟ ਬਿਆਨਾਂ ਦਾ ਤਸੱਲੀਬਖ਼ਸ਼ ਜਵਾਬ ਦੇਣ ਦੀ ਭਾਜਪਾ ਹਕੂਮਤ ਦੀ ਨੈਤਿਕ ਜ਼ਿੰਮੇਵਾਰੀ ਹੈ। ਉਸ ਪਾਸੇ ਇੱਕ ਵੀ ਕਦਮ ਪੁੱਟਣ ਦੀ ਬਜਾਏ ਉਲਟਾ ਅੱਧੀ ਰਾਤ ਪਾਕਿਸਤਾਨ ਤੇ ਕੀਤੇ ਮਿਜ਼ਾਇਲ ਹਮਲੇ ਦਾ ਜਸ਼ਨ ਮਨਾਉਣ ਅਤੇ ਕੌਮੀ ਅੰਧ ਰਾਸ਼ਟਰਵਾਦ ਦੀ ਧੂਣੀ ਉਪਰ ਤੇਲ ਛਿੜਕਣ ਲਈ ਸਭਨਾਂ ਸ਼ਕਤੀਆਂ ਨੂੰ ਥਾਪੜਾ ਦਿੱਤਾ ਜਾ ਰਿਹਾ ਹੈ। ਇਹ ਅੰਨ੍ਹੀ ਦੌੜ, 'ਅੱਖ ਕੱਢਣ ਬਦਲੇ ਅੱਖ ਕੱਢਣ' ਦੀ ਅੰਨ੍ਹੀ ਦੌੜ 'ਚ ਗ਼ਲਤਾਨ ਹੋ ਕੇ ਅੰਨਿਆਂ ਦਾ ਸੰਸਾਰ ਬਣਾ ਧਰਨਾ ਹੋਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਦਾ ਸਾਫ਼ ਅਤੇ ਸਪੱਸ਼ਟ ਵਿਚਾਰ ਹੈ ਕਿ ਕੇਂਦਰ ਦੀ ਭਾਜਪਾ ਹਕੂਮਤ 'ਵਿਸ਼ਵ ਦੇ ਥਾਣੇਦਾਰ' ਹੋਣ ਦੇ ਹੰਕਾਰ 'ਚ ਗਲਤਾਨ ਤਾਕਤਾਂ ਦੇ ਇਸ਼ਾਰਿਆਂ 'ਤੇ ਉਹਨਾਂ ਦੇ ਆਰਥਕ, ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਅਤੇ ਮੁਲਕ ਦੇ ਕਾਰਪੋਰੇਟ ਘਰਾਣਿਆਂ ਦੀ ਪੂੰਜੀ ਲਈ ਰਾਹ ਪੱਧਰਾ ਕਰਨ ਵਾਸਤੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ ਲੋਕਾਂ ਦੀ ਸੁਰਤੀ ਜੰਗ ਦੇ ਝੱਖੜਾਂ ਵਿੱਚ ਰੋਲ ਦੇਣਾ ਚਾਹੁੰਦੀ ਹੈ।

ਉਹਨਾਂ ਕਿਹਾ ਕਿ ਕੇਂਦਰੀ ਹਕੂਮਤ ਅਤੇ ਪੁਲਸ ਰਾਜ ਬਣਾ ਧਰਨ ਲਈ ਪੰਜਾਬ ਹਕੂਮਤ ਨੇ ਕਾਰਪੋਰੇਟ ਘਰਾਣਿਆਂ ਅੱਗੇ ਜੰਗਲ,ਜਲ, ਜ਼ਮੀਨ, ਸਿੱਖਿਆ, ਸਿਹਤ ਆਦਿ ਸਭ ਸਾਧਨ ਅਤੇ ਕੁਦਰਤੀ ਅਨਮੋਲ ਸਰੋਤ ਪਰੋਸਣ ਲਈ ਲੋਕਾਂ ਖ਼ਿਲਾਫ਼ ਜੰਗ ਛੇੜ ਰੱਖੀ ਹੈ। ਜੰਗ ਰਾਹੀਂ ਅੰਧ ਰਾਸ਼ਟਰਵਾਦ ਦੀ ਗਰਦੋ ਗੁਬਾਰ ਦਾ ਓਹਲਾ ਕਰਕੇ ਲੋਕਾਂ ਦਾ ਧਿਆਨ ਆਪਣੀਆਂ ਹਕੀਕੀ ਮੰਗਾਂ ਮਸਲਿਆਂ ਤੋਂ ਹਟਾ ਕੇ ਬੱਸ ਜੰਗ ਦੇ ਧੂੰਏ ਵਿੱਚ ਬਦਲ ਦੇਣ ਦਾ ਮਨਸੂਬਾ ਹੈ।

ਕਮੇਟੀ ਨੇ ਰੋਸ ਪ੍ਰਗਟਾਇਆ ਹੈ ਕਿ ਪਹਿਲਗਾਮ 'ਚ ਪਹਿਲਾਂ ਤਾਂ ਲੋਕਾਂ ਦੀ ਸੁਰੱਖਿਆ ਦਾ ਪ੍ਰਬੰਧ ਨਾ ਕਰਨਾ, ਫਿਰ ਘਟਨਾ ਉਪਰੰਤ ਘੰਟਿਆਂ ਬੱਧੀ ਲੋਕਾਂ ਦੀ ਹਾਹਾਕਾਰ ਨਾ ਸੁਣਨਾ, ਪ੍ਰਧਾਨ ਮੰਤਰੀ ਦਾ ਜਵਾਬਦੇਹ ਨਾ ਹੋਣਾ ਅਤੇ ਅੱਜ ਪੂਰੀ ਫੁਰਤੀ ਨਾਲ 'ਕੌਮ ਦੇ ਨਾਮ ਸੰਦੇਸ਼' ਦਿੰਦੇ ਹੋਏ ਅੰਧਰਾਸ਼ਟਰਵਾਦ ਅਤੇ ਫ਼ਿਰਕੂ ਮਾਹੌਲ ਬਣਾ ਧਰਨ ਲਈ ਗੈਰ ਜ਼ਿੰਮੇਵਾਰਾਨਾ ਟਿੱਪਣੀਆਂ ਕਰਨਾ ਲੋਕ ਮਨਾਂ ਅੰਦਰ ਉੱਠੀਆਂ ਸ਼ੰਕਾਵਾਂ ਨੂੰ ਹੀ ਹੋਰ ਪੱਕਾ ਕਰਦੀ ਹੈ ਕਿ ਪਹਿਲਗਾਮ ਦੇ ਦਰਦਨਾਕ ਕਾਂਡ ਦੀ ਸਕਰਿਪਟ ਦਾ ਅਸਲ ਸੱਚ ਕੀ ਹੈ!

ਕਮੇਟੀ ਦਾ ਕਹਿਣਾ ਹੈ ਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ, ਜੰਗ ਤਾਂ ਖ਼ੁਦ ਹੀ ਇੱਕ ਮਸਲਾ ਹੈ। ਇਸ ਲਈ ਜੰਗ ਦਾ ਮਾਹੌਲ ਤੁਰੰਤ ਬੰਦ ਕੀਤਾ ਜਾਏ, ਹਮਲਾ ਜਾਂ ਸਰਹੱਦਾਂ ਤੇ ਕਿਸੇ ਵੀ ਪਾਸੇ ਤੋਂ ਗੋਲਾਬਾਰੀ ਹੋਣਾ ਕਦਾਚਿਤ ਹੀ ਕਿਸੇ ਸਮੱਸਿਆ ਦੀ ਗੁੱਥੀ ਸੁਲਝਾਉਣਾ ਨਹੀਂ ਸਗੋਂ ਸਮੱਸਿਆਵਾਂ ਨੂੰ ਜਰਬਾਂ ਦੇਣਾ ਹੈ। ਕਮੇਟੀ ਨੇ ਮੰਗ ਕੀਤੀ ਹੈ ਕਿ ਤੁਰੰਤ ਹੀ ਅਮਨ ਦੇ ਕਬੂਤਰ ਅੰਬਰਾਂ 'ਤੇ ਛੱਡੇ ਜਾਣ ਨਾ ਕਿ ਕਰੋਨਾ ਵੇਲੇ ਥਾਲੀਆਂ ਖੜਕਾਉਣ ਵਾਂਗ 'ਖ਼ਤਰੇ ਦੇ ਘੁੱਗੂ,' ਬਲੈਕ ਆਊਟ ਦੀਆਂ ਡਰਿਲਾਂ ਕਰਕੇ ਸਮਾਜ ਅੰਦਰ ਭੈਅ ਦਾ ਮਾਹੌਲ ਸਿਰਜਕੇ, ਆਪਣੀਆਂ ਲੋਕ- ਦੋਖੀ ਨੀਤੀਆਂ ਦਾ ਬੁਲਡੋਜ਼ਰ ਲੋਕਾਂ ਉਪਰ ਚਾੜ੍ਹਨ ਲਈ ਜੰਗ ਦੇ ਸੰਘਣੇ ਧੂੰਏਂ ਵਿੱਚ ਲੋਕਾਂ ਨੂੰ ਭਟਕਾਉਣ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਰਾਹ ਮੋਕਲਾ ਕੀਤਾ ਜਾਏ।

# ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ ਸਟੱਡੀ ਸਰਕਲ ਦਾ ਨੈਤਿਕ ਸਿੱਖਿਆ ਇਮਤਿਹਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 07 ਮਈ
INTERNATIONAL PAPER, 9463601616
hardipchumber57@gmail.com





ਸੰਗਰੂਰ,7 ਮਈ (ਜਗਸੀਰ ਲੌਂਗੋਵਾਲ)- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਹਰ ਸਾਲ ਦੇਸ਼ ਭਰ ਵਿੱਚ ਕਰਵਾਏ ਜਾਂਦੇ ਸਕੂਲ ਵਿਦਿਆਰਥੀਆਂ ਦੇ ਨੈਤਿਕ ਸਿੱਖਿਆ ਇਮਤਿਹਾਨ ਅਧੀਨ ਸੰਗਰੂਰ-ਬਰਨਾਲਾ-ਮਾਲੇਰਕੋਟਲਾ-ਮਾਨਸਾ ਜ਼ੋਨ ਦੇ ਵੱਖ ਵੱਖ ਸਕੂਲਾਂ ਵਿੱਚ 22 ਅਗਸਤ ਨੂੰ ਸਵੇਰੇ ਇਹ ਇਮਤਿਹਾਨ ਕਰਵਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਸਟੱਡੀ ਸਰਕਲ ਦੇ ਇੱਕ ਵਫਦ ਜਿਸ ਵਿੱਚ ਲਾਭ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ ਡਿਪਟੀ ਚੀਫ਼ ਆਰਗੇਨਾਈਜ਼ਰ, ਬਲਵੰਤ ਸਿੰਘ ਭੀਖੀ ਸਲਾਹਕਾਰ, ਹਰਵਿੰਦਰ ਕੌਰ, ਅਮਨਦੀਪ ਕੌਰ ਐਡੀਸ਼ਨਲ ਸਕੱਤਰ ਜ਼ੋਨਲ ਇਸਤਰੀ ਕੌਂਸਲ ਸ਼ਾਮਲ ਹੋਏ, ਨੇ ਮੈਡਮ ਤਰਵਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਅਤੇ ਮੈਡਮ ਬਲਜਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਨਾਲ ਮੁਲਾਕਾਤ ਕੀਤੀ ਅਤੇ ਸਟੱਡੀ ਸਰਕਲ ਦੀਆਂ ਕਾਰਜਵਿਧੀਆਂ ਅਤੇ ਇਸ ਸਾਲ ਵਿਸ਼ੇਸ਼ ਤੌਰ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਜਾ ਰਹੇ ਨੈਤਿਕ ਸਿੱਖਿਆ ਇਮਤਿਹਾਨ ਬਾਰੇ ਜਾਣਕਾਰੀ ਦਿੱਤੀ ਅਤੇ ਜ਼ਿਲ੍ਹਾ ਸੰਗਰੂਰ ਦੇ ਸਕੂਲਾਂ ਨੂੰ ਇਹ ਇਮਤਿਹਾਨ ਕਰਵਾਉਣ ਵਿੱਚ ਸਹਿਯੋਗ ਦੇਣ ਲਈ ਨਿਰਦੇਸ਼ ਪੱਤਰ ਜਾਰੀ ਕਰਨ ਦੀ ਬੇਨਤੀ ਕੀਤੀ। ਜਿਸ ਤੇ ਦੋਵਾਂ ਅਧਿਕਾਰੀਆਂ ਨੇ ਖੁਸ਼ੀ ਜਾਹਰ ਕੀਤੀ ਅਤੇ ਇਮਤਿਹਾਨ ਸਬੰਧੀ ਸਕੂਲਾਂ ਨੂੰ ਪੱਤਰ ਵੀ ਜ਼ਾਰੀ ਕਰ ਦਿੱਤੇ ਹਨ* ।ਇਸ ਉਪਰੰਤ ਜ਼ੋਨਲ ਦਫ਼ਤਰ ਵਿਖੇ ਹੋਈ ਮੀਟਿੰਗ ਵਿੱਚ ਅਜਮੇਰ ਸਿੰਘ ਜ਼ੋਨਲ ਸਕੱਤਰ ਅਤੇ ਕੁਲਵੰਤ ਸਿੰਘ ਨਾਗਰੀ ਜ਼ੋਨਲ ਪ੍ਰਧਾਨ ਅਤੇ ਹਾਜ਼ਰ ਮੈਂਬਰਾਂ ਨੇ ਦੋਹਾਂ ਸਿੱਖਿਆ ਅਧਿਕਾਰੀਆਂ ਵੱਲੋਂ ਦਿੱਤੇ ਸਤਿਕਾਰ ਅਤੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਉਪਰੋਕਤ ਮੈਂਬਰਾਂ ਦੇ ਨਾਲ ਗੁਰਮੇਲ ਸਿੰਘ ਵਿੱਤ ਸਕੱਤਰ ਗੁਲਜ਼ਾਰ ਸਿੰਘ ਜਥੇਬੰਦਕ ਸਕੱਤਰ, ਗਿਆਨ ਸਿੰਘ ਭਵਾਨੀਗੜ੍ਹ, ਰਾਵਿੰਦਰ ਸਿੰਘ ਦਿੜ੍ਬਾ, ਅਵਤਾਰ ਸਿੰਘ ਬਰਨਾਲਾ, ਮੈਡਮ ਗੁਰਮੀਤ ਕੌਰ ਮਾਲੇਰਕੋਟਲਾ, ਅਮਰੀਕ ਸਿੰਘ ਬਾਸੀਅਰਖ ਤੇ ਆਧਾਰਿਤ ਸੰਪਰਕ ਟੀਮਾਂ ਬਣਾਈਆਂ ਗਈਆਂ। ਜ਼ੋਨਲ ਸਕੱਤਰ ਨੇ ਦੱਸਿਆ ਕਿ ਇਮਤਿਹਾਨ ਸਬੰਧੀ ਬਣਾਏ ਪਹਿਲੇ ਦਰਜੇ ਵਿੱਚ ਤੀਸਰੀ ਤੇ ਪੰਜਵੀਂ, ਦੂਸਰੇ ਦਰਜੇ ਵਿੱਚ ਛੇਵੀਂ ਤੋਂ ਅੱਠਵੀਂ ਅਤੇ ਤੀਸਰੇ ਦਰਜੇ ਵਿੱਚ ਨੌਵੀਂ ਤੋਂ ਬਾਰਵੀਂ ਦੇ ਵਿਦਿਆਰਥੀ ਭਾਗ ਲੈਣਗੇ। ਇਸ ਇਮਤਿਹਾਨ ਲਈ ਬਾਲ ਵਿਰਸਾ ਪਹਿਲੇ ਦਰਜੇ ਲਈ ਅਤੇ ਦੂਸਰੇ ਤੇ ਤੀਸਰੇ ਦਰਜੇ ਲਈ ਤੇਗ ਬਹਾਦਰ ਸਿਮਰਿਐ ਪੁਸਤਕ ਨਿਰਧਾਰਿਤ ਕੀਤੀ ਗਈ ਹੈ ਸੁਰਿੰਦਰ ਪਾਲ ਸਿੰਘ ਸਿਦਕੀ ਨੇ ਦੱਸਿਆ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਦਿਆਰਥੀਆਂ ਦੇ ਸੁੰਦਰ ਲਿਖਾਈ ਮੁਕਾਬਲੇ, ਕੁਇਜ ਮੁਕਾਬਲੇ ਅਤੇ ਸਲਾਈਡ ਸ਼ੋ ਆਦਿ ਵੱਖ ਵੱਖ ਖੇਤਰਾਂ ਵਿੱਚ ਕਰਵਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

# ਪੁਲਿਸ ਨੇ ਸਨਸਨੀਖੇਜ਼ ਦੋਹਰੇ ਅਗਵਾ ਅਤੇ ਕਤਲ ਮਾਮਲੇ ਦਾ ਭੇਤ ਸੁਲਝਾ ਲਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com



ਫਗਵਾੜਾ (ਸ਼ਿਵ ਕੌੜਾ) ਕਪੂਰਥਲਾ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਉਨ੍ਹਾਂ ਨੇ ਦੋਹਰੇ ਅਗਵਾ ਅਤੇ ਕਤਲ ਦੇ ਦੋਸ਼ੀ ਭਿਆਨਕ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਕਈ ਰਾਜਾਂ ਵਿੱਚ ਡੂੰਘਾਈ ਨਾਲ ਜਾਂਚ ਅਤੇ ਛਾਪੇਮਾਰੀ ਤੋਂ ਬਾਅਦ ਇੱਕ ਸਨਸਨੀਖੇਜ਼ ਘਿਨਾਉਣੇ ਮਾਮਲੇ ਨੂੰ ਸੁਲਝਾ ਲਿਆ। ਸ੍ਰੀ ਗੌਰਵ ਤੂਰਾ ਆਈਪੀਐਸ ਐਸਐਸਪੀ ਕਪੂਰਥਲਾ ਨੇ ਦੱਸਿਆ ਕਿ 24 ਅਪ੍ਰੈਲ ਨੂੰ ਪੁਲਿਸ ਥਾਣਾ ਸਦਰ ਫਗਵਾੜਾ ਨੂੰ ਸੁਦੇਸ਼ ਕੁਮਾਰ ਨਾਮਕ ਵਿਅਕਤੀ ਤੋਂ ਸੂਚਨਾ ਮਿਲੀ ਕਿ ਉਸਦਾ ਪੁੱਤਰ ਸੰਜੀਵ ਕੁਮਾਰ ਅਤੇ ਉਸਦੀ ਦੋਸਤ ਅੰਜੂ ਪਾਲ ਜੋ ਕਿ ਫਗਵਾੜਾ ਦਾ ਏਜੀਆਈ ਹੈ। ਫਲੈਟਾਂ ਵਿੱਚ ਰਹਿ ਰਹੇ ਸਨ, ਜੋ ਗਾਇਬ ਹਨ। ਜਿਸ ‘ਤੇ ਪੁਲਿਸ ਥਾਣਾ ਸਦਰ ਫਗਵਾੜਾ ਦੀ ਟੀਮ ਮੌਕੇ ‘ਤੇ ਪਹੁੰਚੀ, ਜਿੱਥੇ ਪਲਕਦੀਪ ਨਾਮ ਦੀ ਇੱਕ ਲੜਕੀ ਫਲੈਟਾਂ ਵਿੱਚ ਮਿਲੀ, ਜਿਸਨੇ ਦੱਸਿਆ ਕਿ 19/20 ਅਪ੍ਰੈਲ ਦੀ ਵਿਚਕਾਰਲੀ ਰਾਤ ਨੂੰ ਤਿੰਨ ਅਣਪਛਾਤੇ ਵਿਅਕਤੀਆਂ ਨੇ ਉਸਦੀ ਮਾਂ ਅੰਜੂ ਪਾਲ ਅਤੇ ਸੰਜੀਵ ਕੁਮਾਰ ਨੂੰ ਅਗਵਾ ਕਰ ਲਿਆ ਸੀ। ਜਾਣਕਾਰੀ ਦੀ ਸੰਵੇਦਨਸ਼ੀਲਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਕੇਸ ਨੰਬਰ 43 ਮਿਤੀ 24 ਅਪ੍ਰੈਲ, 2017, ਪੰਨੇ 138,140,336 (2), 61(2) ਘੀ। ਜਾਮ, 25, 27 ਭਮਾਲਾ ਫੇਰੀ ਘੰਟਾ ਮਾਰਟ ਫਗਵਾੜਾ ਦੀ ਮੀਟਿੰਗ ਰਿਕਾਰਡ ਕੀਤੀ ਗਈ ਅਤੇ ਇਸ ਮੌਕੇ ਪ੍ਰਭਜੋਤ ਸਿੰਘ ਵਿਰਕ ਐਸ.ਪੀ.ਡੀ.ਕਪੂਰਥਲਾ ਅਤੇ ਰੁਪਿੰਦਰ ਕੌਰ ਭੱਟੀ ਐਸ.ਪੀ. ਫਗਵਾੜਾ ਦੀ ਅਗਵਾਈ ਹੇਠ ਤੁਰੰਤ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਜਿਨ੍ਹਾਂ ਵਿੱਚ ਭਾਰਤ ਭੂਸ਼ਣ ਡੀਐਸਪੀ ਫਗਵਾੜਾ, ਪਰਮਿੰਦਰ ਸਿੰਘ ਡੀਐਸਪੀ ਸ਼ਾਮਲ ਸਨ। ਡਿਟੈਕਟਿਵ ਕਪੂਰਥਲਾ, ਇੰਸਪੈਕਟਰ ਜਰਨੈਲ ਸਿੰਘ ਇੰਚਾਰਜ ਸੀ.ਆਈ.ਏ. ਕਪੂਰਥਲਾ, ਸਬ ਇੰਸਪੈਕਟਰ ਬਿਸਮਨ ਸਿੰਘ ਇੰਚਾਰਜ ਸੀਆਈਏ ਫਗਵਾੜਾ ਅਤੇ ਥਾਣਾ ਸਦਰ ਫਗਵਾੜਾ ਦੀ ਪੁਲਿਸ ਟੀਮ ਸ਼ਾਮਲ ਸੀ। ਟੀਮਾਂ ਨੇ ਮੌਕੇ ਦਾ ਮੁਆਇਨਾ ਕੀਤਾ। ਤਕਨੀਕੀ ਅਤੇ ਮਨੁੱਖੀ ਖੁਫੀਆ ਜਾਣਕਾਰੀ ਰਾਹੀਂ ਇੱਕ ਵਿਸਤ੍ਰਿਤ ਜਾਂਚ ਕੀਤੀ ਗਈ। ਸੀਸੀਟੀਵੀ ਫੁਟੇਜ ਦੀ ਭਾਲ ਕੀਤੀ ਗਈ। ਜਾਣਕਾਰੀ ਮਿਲਣ ਦੇ 24 ਘੰਟਿਆਂ ਦੇ ਅੰਦਰ, ਕਪੂਰਥਲਾ ਪੁਲਿਸ ਮਾਮਲੇ ਦੇ ਮਾਸਟਰਮਾਈਂਡ ਦੀ ਪਛਾਣ ਕਰਨ ਵਿੱਚ ਕਾਮਯਾਬ ਹੋ ਗਈ, ਜਿਸਦੀ ਪਛਾਣ ਹਰਵਿੰਦਰ ਸਿੰਘ ਉਰਫ਼ ਪਿੰਦਰ ਵਜੋਂ ਹੋਈ, ਜੋ ਹਾਲ ਹੀ ਵਿੱਚ ਪੈਰੋਲ ‘ਤੇ ਆਇਆ ਸੀ ਅਤੇ ਹੁਣ ਫਰਾਰ ਸੀ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਕੁਲਦੀਪ ਉਰਫ਼ ਬਿੱਲਾ, ਬਲਰਾਜ ਕੌਰ ਅਤੇ ਰੁਪਿੰਦਰ ਉਰਫ਼ ਪਿੰਦਰਾ ਨੇ ਮੁਲਜ਼ਮਾਂ ਨੂੰ ਲੌਜਿਸਟਿਕਲ ਸਹਾਇਤਾ ਪ੍ਰਦਾਨ ਕੀਤੀ ਸੀ ਅਤੇ ਇਸ ਲਈ ਉਨ੍ਹਾਂ ਨੂੰ 27 ਅਪ੍ਰੈਲ ਨੂੰ ਲੁਧਿਆਣਾ ਤੋਂ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ। ਵਿਸਥਾਰਤ ਜਾਂਚ ਕਰਦੇ ਹੋਏ, ਕਪੂਰਥਲਾ ਪੁਲਿਸ ਨੇ ਗੁਜਰਾਤ ਦੇ ਕੱਛ ਖੇਤਰ ਵਿੱਚ ਹਰਵਿੰਦਰ ਸਿੰਘ ਉਰਫ਼ ਬਿੰਦਰ ਦੇ ਟਿਕਾਣੇ ਨੂੰ ਘੇਰ ਲਿਆ ਅਤੇ ਗੁਜਰਾਤ ਪੁਲਿਸ ਨਾਲ ਨੇੜਿਓਂ ਤਾਲਮੇਲ ਕਰਕੇ ਕੰਮ ਕਰਦੇ ਹੋਏ, ਕਪੂਰਥਲਾ ਪੁਲਿਸ ਨੇ 28 ਅਪ੍ਰੈਲ ਨੂੰ ਮੁੱਖ ਮੁਲਜ਼ਮ ਹਰਵਿੰਦਰ ਸਿੰਘ ਉਰਫ਼ ਬਿੰਦਰ ਨੂੰ ਗੁਜਰਾਤ ਦੇ ਕੱਛ ਖੇਤਰ ਤੋਂ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ, ਯਾਨੀ ਸੂਚਨਾ ਮਿਲਣ ਦੇ 72 ਘੰਟਿਆਂ ਦੇ ਅੰਦਰ, ਮੁਲਜ਼ਮ ਨੂੰ ਗੁਜਰਾਤ ਤੋਂ ਟਰਾਂਜ਼ਿਟ ਰਿਮਾਂਡ ‘ਤੇ ਫਗਵਾੜਾ ਲਿਆਂਦਾ ਗਿਆ ਅਤੇ ਮੁਲਜ਼ਮ ਨੂੰ 1 ਮਈ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਫਗਵਾੜਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਮਾਣਯੋਗ ਅਦਾਲਤ ਨੇ ਮੁਲਜ਼ਮ ਨੂੰ 08 ਦਿਨਾਂ ਦੀ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ। ਪੁਲਿਸ ਰਿਮਾਂਡ ਦੌਰਾਨ, ਦੋਸ਼ੀ ਤੋਂ ਪੂਰੀ ਤਰ੍ਹਾਂ ਪੁੱਛਗਿੱਛ ਕੀਤੀ ਗਈ ਅਤੇ ਸਾਰੇ ਤਕਨੀਕੀ ਅਤੇ ਮਨੁੱਖੀ ਪਹਿਲੂਆਂ ‘ਤੇ ਕੰਮ ਕੀਤਾ ਗਿਆ, ਜਿਸ ਦੌਰਾਨ ਦੋਸ਼ੀ ਹਰਵਿੰਦਰ ਸਿੰਘ ਉਰਫ਼ ਬਿੰਦਰ ਨੇ ਖੁਲਾਸਾ ਕੀਤਾ ਕਿ ਉਸਦਾ ਵਿਆਹ 2019 ਵਿੱਚ ਅੰਜੂ ਪਾਲ ਨਾਲ ਹੋਇਆ ਸੀ, ਜਿਸ ਤੋਂ ਬਾਅਦ ਉਹ ਜਦੋਂ ਵੀ ਪੈਰੋਲ ‘ਤੇ ਬਾਹਰ ਆਉਂਦਾ ਸੀ ਤਾਂ ਉਸਨੂੰ ਮਿਲਣ ਜਾਂਦਾ ਸੀ। ਹਾਲ ਹੀ ਵਿੱਚ, ਅੰਜੂ ਨੇ ਉਸਨੂੰ ਸੁਨੇਹੇ ਭੇਜਣੇ ਬੰਦ ਕਰ ਦਿੱਤੇ ਅਤੇ ਉਸਦੇ ਵਿਰੁੱਧ ਦਾਇਰ ਕਈ ਮਾਮਲਿਆਂ ਵਿੱਚ ਜ਼ਮਾਨਤ/ ਪੈਰੋਲ ਲਈ ਉਸਦੀ ਕਾਨੂੰਨੀ ਲੜਾਈ ਵਿੱਚ ਉਸਦਾ ਸਮਰਥਨ ਨਹੀਂ ਕੀਤਾ। 19/20 ਅਪ੍ਰੈਲ, 2025 ਦੀ ਅੱਧੀ ਰਾਤ ਨੂੰ, ਹਰਵਿੰਦਰ ਸਿੰਘ ਆਪਣੇ ਸਹਿ-ਮੁਲਜ਼ਮ ਮਨਜੋਤ ਸਿੰਘ ਉਰਫ਼ ਫਰੂਟੀ ਵਾਸੀ ਲੁਧਿਆਣਾ ਅਤੇ ਇੱਕ ਹੋਰ ਦੋਸ਼ੀ ਨਾਲ ਅੰਜੂ ਪਾਲ ਦੇ ਫਲੈਟ ਵਿੱਚ ਦਾਖਲ ਹੋਏ ਅਤੇ ਪੀੜਤਾਂ ਅਤੇ ਏਜੀਆਈ ਦੋਵਾਂ ਦੇ ਹੱਥ ਬੰਨ੍ਹ ਦਿੱਤੇ। ਗਾਰਡਨਜ਼ ਨੇ ਫਗਵਾੜਾ ਦੇ ਇੱਕ ਫਲੈਟ ਤੋਂ ਬੰਦੂਕ ਦੀ ਨੋਕ ‘ਤੇ ਉਨ੍ਹਾਂ ਨੂੰ ਅਗਵਾ ਕਰ ਲਿਆ ਅਤੇ ਲੁਧਿਆਣਾ ਦੇ ਇੱਕ ਖੇਤ ਵਿੱਚ ਲੈ ਗਿਆ, ਜਿੱਥੇ ਉਸਨੇ ਆਪਣੇ ਸਹਿ-ਮੁਲਜ਼ਮਾਂ ਦੀ ਮਦਦ ਨਾਲ ਦੋਵਾਂ ਪੀੜਤਾਂ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਪਰ ਜਦੋਂ ਲਾਸ਼ਾਂ ਬਾਰੇ ਪੁੱਛਿਆ ਗਿਆ ਤਾਂ ਮੁਲਜ਼ਮਾਂ ਨੇ ਲਾਸ਼ਾਂ ਨੂੰ ਰਾਜਸਥਾਨ ਫੀਡਰ ਨਹਿਰ ਵਿੱਚ ਸੁੱਟਣ ਦੀ ਝੂਠੀ ਕਹਾਣੀ ਘੜੀ ਅਤੇ ਲਾਸ਼ਾਂ ਦੀ ਬਰਾਮਦਗੀ ਵਿੱਚ ਸਹਿਯੋਗ ਨਹੀਂ ਕੀਤਾ ਅਤੇ ਮਾਮਲੇ ਤੋਂ ਬਚਦੇ ਰਹੇ। ਇੱਕ ਹੋਰ ਦੋਸ਼ੀ ਜਸ਼ਨਪ੍ਰੀਤ ਸਿੰਘ ਉਰਫ਼ ਜੱਸੂ, ਜੋ ਕਿ ਲੁਧਿਆਣਾ ਦਾ ਰਹਿਣ ਵਾਲਾ ਹੈ, ਨੂੰ ਵੀ 2 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜੋ ਜਸ਼ਨਪ੍ਰੀਤ ਨੇ ਮੁਲਜ਼ਮਾਂ ਨੂੰ ਲੌਜਿਸਟਿਕਲ ਸਹਾਇਤਾ ਪ੍ਰਦਾਨ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਉਸ ਕਾਰ ਨੂੰ ਵੀ ਨਸ਼ਟ ਕਰ ਦਿੱਤਾ ਜਿਸ ਵਿੱਚ ਮੁਲਜ਼ਮਾਂ ਨੇ ਜੋੜੇ ਨੂੰ ਅਗਵਾ ਕੀਤਾ ਸੀ।

# ਭਾਰਤ ਪਾਕਿਸਤਾਨ ਜੰਗ ਕਿੰਨੀ ਕੁ ਜਾਇਜ਼, ਕੂਟਨੀਤਕ ਜੰਗ ਦੇ ਕੀ ਹੋਣਗੇ ਨਤੀਜੇ?

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 07 ਮਈ
INTERNATIONAL PAPER, 94636 01616
hardipchumber57@gmail.com

ਪਹਿਲਗਾਮ ਅੱਤਵਾਦੀ ਹਮਲੇ ਨੇ ਦੇਸ਼ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਝੰਜੋੜ ਕੇ ਰੱਖ ਦਿੱਤਾ ਹੈ । ਜਿਸ ਨਾਲ ਗਵਾਂਢੀ ਮੁਲਕ ਪਾਕਿਸਤਾਨ ਤੇ ਭਾਰਤੀ ਲੋਕਾਂ ਦਾ ਰੋਸ਼ ਜਾਗਣਾ ਸੁਭਾਵਿਕ ਸੀ ਪਰ ਨਾਲ ਹੀ ਭਾਰਤ ਦੀ ਸੁਰੱਖਿਆ ਏਜੰਸੀਆਂ ਅਤੇ ਖੁਫੀਆ ਏਜੰਸੀਆਂ ਤੇ ਵੀ ਸਵਾਲੀਆ ਨਿਸ਼ਾਨ ਲੱਗਣੇ ਸ਼ੁਰੂ ਹੋਏ। ਕਿਉਂਕਿ ਭਾਰਤੀ ਫੌਜ ਦੀ ਵੱਡੀ ਗਿਣਤੀ ਜੰਮੂ ਕਸ਼ਮੀਰ ਵਿੱਚ ਹੀ ਡਿਪਲਾਈ ਹੈ। ਜੋ ਕੇ ਅਧੁਨਿਕ ਤਕਨੀਕਾਂ ਨਾਲ ਲੈਸ ਕੀਤੀ ਗਈ ਹੈ।

